
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਦੇਸ਼ ਦੁਆਬਾ ਦਾ 9ਵੇਂ ਵਰ੍ਹੇ ਦਾ ਤੇਰਵਾਂ ਅੰਕ

ਹਫ਼ਤਾਵਾਰੀ

# ਦੇਸ਼ ਦੁਆਬਾ

VOL - 9 ISSUE - 14
July 15, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com


## ਆਖਰਕਾਰ ਪਾ ਹੀ ਲਿਆ ਰਾਸ਼ਟਰਪਤੀ ਟਰੰਪ ਨੇ ਜਨਤਕ ਤੌਰ 'ਤੇ ਮਾਸਕ



**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ 33,55,0000 ਤੋਂ ਪਾਰ ਹੋ ਜਾਣ 'ਤੇ ਰਾਸ਼ਟਰਪਤੀ ਡੋਨਾਲਡ ਟਰੰਪ ਇਕ ਫੌਜੀ ਹਸਪਤਾਲ ਦੇ ਦੌਰੇ ਦੌਰਾਨ ਮਾਸਕ ਪਹਿਨੇ ਹੋਏ ਨਜਰ ਆਏ। ਉਨਾਂ ਨੇ ਕੋਰੋਨਾ ਮਹਾਮਾਰੀ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਵਾਰ ਜਨਤਿਕ

**(ਬਾਕੀ ਸਫਾ 4 'ਤੇ)**

## ਨਿਊਯਾਰਕ ਤੋਂ ਬਾਅਦ ਅਮਰੀਕਾ ਦਾ ਫਲੋਰਿਡਾ ਬਣਿਆ ਕੋਰੋਨਾ ਦਾ ਗੜ੍ਹ

**ਨਿਊਯਾਰਕ (ਬਿਊਰੋ)–** ਨਿਊਯਾਰਕ ਤੋਂ ਬਾਅਦ ਅਮਰੀਕੀ ਸੂਬਾ ਫਲੋਰਿਡਾ 'ਚ ਕੋਰੋਨਾ ਵਾਇਰਸ ਦਾ ਕਹਿਰ ਤੇਜ਼ ਹੋ ਗਿਆ ਹੈ। ਸੂਬੇ ਨੇ ਇਕ ਦਿਨ 'ਚ 15,299 ਨਵੇਂ ਮਰੀਜ਼ਾਂ ਦੀ ਸੂਚਨਾ ਦਿੱਤੀ ਹੈ। ਫਲੋਰਿਡਾ 'ਚ ਨਵੇਂ ਕੋਰੋਨਾ ਕੇਸ ਦਾ ਇਹ ਨਵਾਂ ਇਕ ਰੋਜ਼ਾ ਰਿਕਾਰਡ ਹੈ। ਫਲੋਰਿਡਾ ਸਿਹਤ ਵਿਭਾਗ ਮੁਤਾਬਕ ਇਸ ਦੇ ਨਾਲ ਹੀ ਸੂਬੇ 'ਚ ਕੋਰੋਨਾ ਵਾਇਰਸ ਨਾਲ ਸੰਕ੍ਰਮਿਤਾਂ ਦੀ ਗਿਣਤੀ 269,811 ਤੋਂ ਪਾਰ ਹੋ ਗਈ ਹੈ। ਇਸ ਦੇ ਨਾਲ ਹੀ ਇੱਥੇ ਹੁਣ ਤਕ 4346 ਕੋਰੋਨਾ ਨਾਲ ਸੰਕ੍ਰਮਿਤਾਂ ਲੋਕਾਂ ਦੀ ਮੌਤ ਹੋ ਚੁੱਕੀ ਹੈ।



ਸੂਬੇ 'ਚ ਕੋਰੋਨਾ ਕਹਿਰ ਦੇ ਪਿੱਛੇ ਦੋ ਵੱਡੇ ਕਾਰਨ ਮੰਨੇ ਜਾ ਰਹੇ ਹਨ। ਪਹਿਲਾ ਸੂਬੇ 'ਚ ਲਾਕਡਾਊਨ ਦੇ ਉਪਾਆਂ 'ਚ ਢਿੱਲ ਕਾਰਨ ਵਾਇਰਸ ਦਾ ਤੇਜ਼ੀ ਨਾਲ ਪਸਾਰ ਹੋਇਆ ਹੈ। ਸਰੀਰਕ ਦੂਰੀ ਦੇ ਨਿਯਮਾਂ ਦੀ ਉਲੰਘਣਾ ਕੀਤੀ ਗਈ। ਲੋਕਾਂ ਨੂੰ ਭੀੜ 'ਚ ਇਕੱਠੇ ਹੋਣ ਦੀ ਮਨਜ਼ੂਰੀ ਦਿੱਤੀ ਗਈ। ਫਲੋਰਿਡਾ ਦੇ ਸਾਬਕਾ ਗਵਰਨਰ ਤੇ ਡੈਮੋਕ੍ਰੇਟ ਆਗੂ ਚਾਰਲੀ ਕ੍ਰਿਸਟ ਨੇ ਸ਼ਨਿੱਚਰਵਾਰ ਨੂੰ ਇਕ ਸਕਾਰਾਤਮਕ 'ਚ ਸੀਐੱਨਐੱਨ ਨੇ ਕਿਹਾ ਕਿ ਸਕੂਲਾਂ ਨੂੰ ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਲਈ ਆਨਲਾਈਨ ਸਿੱਖਿਆ ਜਾਰੀ ਰੱਖਣ ਦਾ ਬਦਲਾਅ ਦੇਣਾ ਚਾਹੀਦੀ ਹੈ। ਕੋਰੋਨਾ ਵਾਇਰਸ 'ਚ ਉਛਾਲ ਦੇ ਬਾਵਜੂਦ ਆਰਲੈਂਡੋ 'ਚ ਵਾਲਟ ਡਿਜਨੀ ਵਲਡ ਰਿਜਾਰਟ ਨੇ ਸ਼ਨਿੱਚਰਵਾਰ ਨੂੰ ਆਪਣੀ ਮੈਜਿਕ ਕਿੰਗਡਮ ਤੇ ਐਨੀਮਲ ਕਿੰਗਡਮ ਸਾਈਟਾਂ ਨੂੰ ਖੋਲ੍ਹਿਆ ਜਿਸ 'ਚ ਉਨ੍ਹਾਂ ਨੇ ਲੋਕਾਂ ਨੂੰ ਮਾਸਕ ਪਾਉਣ ਤੇ ਹੋਰ ਸੁਰੱਖਿਆ ਉਪਾਆਂ ਦਾ ਪਾਲਣ ਕਰਨ ਲਈ ਕਿਹਾ ਗਿਆ ਹੈ।

### ਭਾਰਤ ਵਿਚ ਤੇਜੀ ਨਾਲ ਫੈਲ ਰਿਹਾ ਹੈ ਕੋਰੋਨਾ

ਕੋਰੋਨਾ ਦੇ ਵੱਧਦੇ ਮਾਮਲਿਆਂ ਵਿਚਾਲੇ ਜਾਂਚ ਦਾ ਦਾਇਰਾ ਵੀ ਤੇਜ਼ੀ ਨਾਲ ਵੱਧ ਰਿਹਾ ਹੈ। ਕੋਰੋਨਾ ਵਾਇਰਸ ਇਨਫੈਕਸ਼ਨ ਦਾ ਪਤਾ ਲਾਉਣ ਲਈ ਹੁਣ ਤਕ ਦਾ ਇਕ ਕਰੋੜ 20 ਲੱਖ ਤੋਂ ਜ਼ਿਆਦਾ ਨਮੂਨਿਆਂ ਦੀ ਜਾਂਚ ਕੀਤੀ ਜਾ ਚੁੱਕੀ ਹੈ। ਇਕੱਲੇ ਸੋਮਵਾਰ ਨੂੰ ਹੀ ਦੋ ਲੱਖ 86 ਹਜ਼ਾਰ ਸੈਂਪਲਾਂ ਦੇ ਟੈਸਟ ਕੀਤੇ ਗਏ। ਇਨ੍ਹਾਂ ਵਿਚੋਂ ਹੁਣ ਤਕ ਨੌਂ ਲੱਖ ਤੋਂ ਜ਼ਿਆਦਾ ਇਨਫੈਕਸ਼ਨ ਦੇ ਮਾਮਲੇ ਮਿਲੇ ਹਨ ਤੇ 23 ਹਜ਼ਾਰ ਤੋਂ ਜ਼ਿਆਦਾ ਲੋਕਾਂ ਦੀ ਜਾਨ ਵੀ ਜਾ ਚੁੱਕੀ ਹੈ। ਪੌਣੇ ਛੇ ਲੱਖ ਮਰੀਜ਼ ਹੁਣ ਤਕ ਪੂਰੀ ਤਰ੍ਹਾਂ ਠੀਕ ਵੀ ਹੋ ਚੁੱਕੇ ਹਨ।

ਭਾਰਤੀ ਮੈਡੀਕਲ ਖੋਜ ਪ੍ਰੀਸ਼ਦ (ਆਈਸੀਐੱਮਆਰ) ਮੁਤਾਬਕ ਸੋਮਵਾਰ

**(ਬਾਕੀ ਸਫਾ 5 'ਤੇ)**




ਮਰਦਮਸ਼ੁਮਾਰੀ ਦੌਰਾਨ ਹਰ ਆਦਿ-ਵਾਸੀ ਅਤੇ ਆਦਿ-ਧਰਮੀ ਵਿਅਕਤੀ ਆਪਣਾ ਧਰਮ ''ਆਦਿ-ਧਰਮ'' ਲਿਖਵਾਏ। **(ਰਿਪੋਰਟ ਦੇਖੋ ਸਫਾ 17 'ਤੇ)**



ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਵਿਖੇ ਰਵਿਦਾਸੀਆ ਸਮਾਜ ਦੇ ਸੰਤਾਂ-ਮਹਾਂਪੁਰਸ਼ਾਂ ਦੀ ਵਿਸ਼ਾ ਮੀਟਿੰਗ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਦੀ ਸਰਪ੍ਰਸਤੀ ਹੇਠ ਹੋਈ। **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 17 'ਤੇ)**

## ਟਰੰਪ ਪ੍ਰਸ਼ਾਸਨ ਨੇ ਵਿਦੇਸ਼ੀ ਵਿਦਿਆਰਥੀਆਂ ਨੂੰ ਵੀਜ਼ਾ ਨਾ ਦੇਣ ਦੇ ਆਦੇਸ ਨੂੰ ਕੀਤਾ ਰੱਦ

**ਵਾਸ਼ਿੰਗਟਨ (ਰਾਜ ਗੋਗਨਾ)–** ਲੰਘੀ 6 ਜੁਲਾਈ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਹਨਾਂ ਵਿਦਿਆਰਥੀਆ ਦਾ ਵੀਜ਼ਾ ਵਾਪਿਸ ਲੈਣ ਸੰਬੰਧੀ ਐਲਾਨ ਕੀਤਾ ਸੀ ਜਿੰਨਾਂ ਦੀਆ ਕਲਾਸਾਂ ਕੋਰੋਨਾ ਦੀ ਮਹਾਂਮਾਰੀ ਕਰਕੇ ਆਨਲਾਈਨ ਲੱਗ ਰਹੀਆ ਸਨ। ਭਾਰੀ ਵਿਰੋਧ ਪ੍ਰਦਰਸ਼ਨ ਅਤੇ ਅਦਾਲਤ ਦੇ ਦਖਲ ਤੋਂ ਬਾਅਦ ਟਰੰਪ ਪ੍ਰਸ਼ਾਸਨ ਨੇ ਫੈਸਲਾ ਲਿਆ ਹੈ ਕਿ ਉਹ ਆਨਲਾਈਨ ਕਲਾਸਾਂ ਕਰਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਉੱਤੇ ਕਿਸੇ ਵੀ ਕਿਸਮ ਦੀ ਵੀਜ਼ਾ ਪਾਬੰਦੀ ਨਹੀਂ ਲਗਾਏਗੀ। ਟਰੰਪ ਪ੍ਰਸ਼ਾਸਨ ਦੇ ਇਸ ਐਲਾਨ ਨੂੰ ਲੈ ਕੇ ਵਿਦੇਸ਼ੀ ਵਿਦਿਆਰਥੀਆ ਨੇ ਪਾਬੰਦੀ ਲਾਉਣ ਦੇ ਇਸ ਫ਼ੈਸਲੇ ਦੀ ਸਖ਼ਤ ਅਲੋਚਨਾ ਕੀਤੀ ਅਤੇ ਅਮਰੀਕਾ ਦੇ ਤਕਰੀਬਨ 17 ਦੇ ਕਰੀਬ ਸੂਬਿਆਂ ਨੇ ਇਸ ਪਾਬੰਦੀ ਲਾਉਣ ਦੇ ਐਲਾਨ ਦੇ ਖਿਲਾਫ ਅਦਾਲਤ ਚ' ਮੁਕੱਦਮਾ ਦਾਇਰ ਕੀਤਾ ਸੀ ਵਿਦਿਆਰਥੀਆ ਦੇ ਹੱਕ ਚ' ਇਸ ਮੁਕੱਦਮੇ ਨੂੰ ਗੂਗਲ, ਫੇਸਬੁੱਕ, ਅਤੇ ਮਾਈਕ੍ਰੋਸਾਫਟ ਸਣੇ ਅਦਾਲਤ ਵਿਚ ਦਾਇਰ ਮੁਕੱਦਮੇ ਵਿੱਚ ਕਿਹਾ ਗਿਆ ਕਿ ਟਰੰਪ ਪ੍ਰਸ਼ਾਸਨ ਦੇ ਇਸ ਫੈਸਲੇ ਦਾ ਦੇਸ਼ ਨੂੰ ਵਿੱਤੀ ਤੌਰ 'ਤੇ ਵੀ ਅਸਰ ਪਵੇਗਾ, ਕਿਉਂਕਿ ਵਿਦੇਸ਼ੀ ਵਿਦਿਆਰਥੀ ਅਮਰੀਕਾ ਆਉਂਦੇ ਹਨ ਅਤੇ ਪੜ੍ਹਾਈ ਕਰਨ ਤੋਂ ਬਾਅਦ ਉਹ ਇਥੇ ਬਹੁਤ ਸਾਰੇ ਖੇਤਰਾਂ ਵਿੱਚ ਕੰਮ ਵੀ ਕਰਦੇ ਹਨ।





Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor
Catering for all your Events
1600 Washington Ave.
San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on
Fox News, MSNBC and Kron 4
FAMILY LAW,
CRIMINAL
DEFENSE
AND CIVIL
LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539



Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets




Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ ਵਧੀਆ ਸਾੜ੍ਹੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

# ਅਮਰੀਕਾ ਵੱਲੋਂ ਦੱਖਣੀ ਸਮੁੰਦਰ ਵਿਚ ਚੀਨ ਦੇ ਸਾਰੇ ਦਾਅਵੇ ਰੱਦ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)—** ਟਰੰਪ ਪ੍ਰਸ਼ਾਸਨ ਨੇ ਦੱਖਣ ਚਾਈਨਾ ਸਮੁੰਦਰ ਵਿਚ ਚੀਨ ਦੇ ਤਕਰੀਬਨ ਸਾਰੇ ਦਾਅਵੇ ਰੱਦ ਕਰਦਿਆਂ ਦੋਸ਼ ਲਾਇਆ ਹੈ ਕਿ ਚੀਨ ਆਪਣੇ ਗਵਾਂਢੀ ਮੁਲਕਾਂ ਨੂੰ ਡਰਾ ਧਮਕਾ ਕੇ ਸਮੁੰਦਰੀ ਸਾਧਨਾਂ ਉਪਰ ਕਬਜ਼ਾ ਕਰ ਰਿਹਾ ਹੈ। ਇਹ ਪ੍ਰਗਟਾਵਾ ਵਿਦੇਸ਼ ਮੰਤਰੀ ਮਾਈਕ ਪੋਮਪੀਓ ਨੇ ਕੀਤਾ ਹੈ। ਵਿਦੇਸ਼ ਮੰਤਰੀ ਨੇ ਕਿਹਾ ਹੈ ਕਿ ਚੀਨ ਜਿਸ ਦੀ ਲਾਠੀ ਉਸ ਦੀ ਭੈਂਸ ਵਾਲੀ ਨੀਤੀ ਉਪਰ ਚਲ ਰਿਹਾ ਹੈ ਤੇ ਕੌਮਾਂਤਰੀ ਨਿਯਮਾਂ ਦੀ ਉਲੰਘਣਾ ਕਰ ਰਿਹਾ ਹੈ। ਉਸ ਨੇ ਦੱਖਣ ਪੂਰਬ ਏਸ਼ੀਅਨ ਤੱਟੀ ਦੇਸ਼ਾਂ ਦੇ ਅਧਿਕਾਰਾਂ ਨੂੰ ਤੁੱਛ ਸਮਝਿਆ ਹੈ। ਇਸ ਲਈ ਅਸੀਂ ਇਹ ਸਪਸ਼ਟ ਕਰ ਦੇਣਾ ਚਹੁੰਦੇ ਹਾਂ ਕਿ ਬੀਜਿੰਗ ਦੇ ਦੱਖਣੀ ਸਮੁੰਦਰੀ ਸਾਧਨਾਂ ਉਪਰ ਸਾਰੇ ਦਾਅਵੇ ਗੈਰ ਕਾਨੂੰਨੀ ਹਨ ਤੇ ਉਹ ਉਨਾਂ ਨੂੰ ਆਪਣੇ ਨਿ-ਯੰਤਰਣ ਹੇਠ ਕਰਨ ਲਈ ਆਪਣੀ ਤਾਕਤ ਦਾ ਡਰਾਵਾ ਦੇ ਰਿਹਾ ਹੈ। ਚੀਨ ਨਿਰੰਤਰ ਦੱਖਣੀ ਸਮੁੰਦਰ ਜੋ ਤੇਲ, ਗੈਸ ਤੇ ਮੱਛੀ ਸਮੇਤ ਹੋਰ ਕੁੱਦਰਤੀ ਸਾਧਨਾਂ ਨਾਲ ਭਰਪੂਰ ਹੈ, ਉਪਰ ਆਪਣਾ ਦਾਅਵਾ ਕਰਦਾ ਆ ਰਿਹਾ ਹੈ।

ਅਮਰੀਕਾ ਦੀ ਪਹਿਲੀ ਨੀਤੀ ਇਹ ਸੀ ਕਿ ਚੀਨ ਤੇ ਗਵਾਂਢੀ ਮੁਲਕਾਂ ਵਿਚਾਲੇ ਸਮੁੰਦਰੀ ਵਿਵਾਦ ਨੂੰ ਕੌਮਾਂਤਰੀ ਵਿਚੋਲਗੀ ਰਾਹੀਂ ਅਮਨ ਪੂਰਵਕ ਢੰਗ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ। ਹੁਣ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਨੀਤੀ ਵਿਚ ਤਬਦੀਲੀ ਕਰਦਿਆਂ ਦੱਖਣ ਚਾਈਨਾ ਸਮੁੰਦਰ ਵਿਚ ਸਾਰੇ ਵਿਵਾਦ ਦੀ ਜੜ ਚੀਨ ਨੂੰ ਦਸਿਆ ਹੈ। ਟਰੰਪ ਪ੍ਰਸ਼ਾਸਨ ਦੇ ਐਲਾਨ ਕਾਰਨ ਅਮਰੀਕਾ ਤੇ ਚੀਨ ਵਿਚਾਲੇ ਤਨਾਅ ਨਵੇਂ ਦੌਰ ਵਿਚ ਦਾਖਲ ਹੋ ਜਾਵੇਗਾ। ਟਰੰਪ ਪ੍ਰਸ਼ਾਸਨ ਦੇ ਐਲਾਨ ਤੋਂ ਪਹਿਲਾਂ ਚੀਨ ਨੇ ਸੈਨੇਟਰ ਮਾਰਕੋ ਰੂਬੀਓ ਸਮੇਤ 3 ਅਮਰੀਕੀ ਸੰਸਦ ਮੈਂਬਰਾਂ ਉਪਰ ਪਾਬੰਦੀਆਂ ਲਾ ਦਿੱਤੀਆਂ ਸਨ। ਇਸ ਤਰਾਂ ਦੀਆਂ ਹੀ ਪਾਬੰਦੀਆਂ ਕੁਝ ਦਿਨ ਪਹਿਲਾਂ ਅਮਰੀਕਾ ਨੇ ਚੀਨ ਦੇ ਅਧਿਕਾਰੀਆਂ ਉਪਰ ਲਾਈਆਂ ਸਨ।

**ਡੈਲਟਾ ਏਅਰ ਲਾਈਨਜ਼ ਦੀ ਉਡਾਨ ਵਿਚ ਸਫਰ ਕਰਨ ਵਾਲੇ 3 ਯਾਤਰੀ ਪਾਜ਼ਟਿਵ ਪਾਏ ਗਏ**

3 ਵਿਅਕਤੀ ਜਿਨਾਂ ਨੇ ਹਾਲ ਹੀ ਵਿਚ ਡੈਲਟਾ ਏਅਰ ਲਾਈਨਜ਼ ਦੀ ਉਡਾਨ ਵਿਚ ਸਫਰ ਕੀਤਾ ਸੀ, ਕੋਰੋਨਾ ਪੀੜਤ ਪਾਏ ਗਏ ਹਨ। ਏਅਰ ਲਾਈਨਜ਼ ਦੇ ਬੁਲਾਰੇ ਕੇਟ ਮੁਡੋਲੋ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ 3 ਯਾਤਰੀਆਂ ਦੇ ਪਾਜ਼ਟਿਵ ਆਉਣ ਤੋਂ ਬਾਅਦ ਅਸੀਂ ਚੌਕਸ ਹੋ ਗਏ ਹਾਂ। ਇਨਾਂ ਯਾਤਰੀਆਂ ਨੇ ਐਟਲਾਂਟਾ ਤੋਂ ਅਲਬਾਨੀ ਤੱਕ ਸਫ਼ਰ ਕੀਤਾ ਸੀ। ਜਹਾਜ਼ ਵਿਚ ਕੁਲ 44 ਯਾਤਰੀ ਸਵਾਰ ਸਨ। ਮੁਡੋਲੋ ਨੇ ਕਿਹਾ ਹੈ ਕਿ ਯਾਤਰੀਆਂ ਦੀ ਸੁਰੱਖਿਆ ਸਾਡੀ ਉੱਚ ਤਰਜੀਹ ਹੈ। ਅਸੀਂ ਸਥਾਨਕ ਅਧਿਕਾਰੀਆਂ ਨਾਲ ਮਿਲਕੇ ਕੰਮ ਕਰ ਰਹੇ ਹਾਂ ਤੇ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਸੈਂਟਰ ਦੀਆਂ ਹਦਾਇਤਾਂ ਉਪਰ ਅਮਲ ਕਰ ਰਹੇ ਹਾਂ।

ਏਅਰ ਲਾਈਨਜ਼ ਨੇ ਜਹਾਜ਼ ਵਿਚ ਸਵਾਰ ਸਾਰੇ ਯਾਤਰੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਆਪਣੀ ਕਾਊਂਟੀ ਦੇ ਸਿਹਤ ਵਿਭਾਗ ਨਾਲ ਸੰਪਰਕ ਕਰਨ।

## ਸਿਆਟਲ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਪੁਰਬ ਤੇ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸ੍ਰੀ ਗੁਰੂ ਤੇਗ ਬਹਾਰਦ ਸਾਹਿਬ ਕੈਂਟ ਸਿਆਟਲ ਵਿਚ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਗੁਰਪੁਰਬ ਅਤੇ ਮਹਾਨ ਯੋਧੇ ਭਾਈ ਮਨ. ਸਿੰਘ ਜੀ ਦਾ ਸ਼ਹੀਦੀ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿਹਨਾਂ ਵਿਚ ਭਾਈ ਦਲਜੀਤ ਸਿੰਘ ਤੇ ਭਾਈ ਕੁਲਬੀਰ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਅਤੇ ਭਾਈ ਅਮਨ ਸਿੰਘ ਨੇ ਕਥਾ ਰਾਹੀਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੀਵਨ ਅਤੇ ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਬੰਦ ਬੰਦ ਕਟਵਾ ਕੇ 11 ਭਰਾਵਾਂ ਤੇ 7 ਪੁੱਤਰਾਂ ਸਮੇਤ ਆਪਣੇ ਪਰਿਵਾਰ ਦੇ 52 ਜੀਆਂ ਨੂੰ ਧਰਮ ਦੀ ਖਾਤਰ ਸ਼ਹੀਦ ਕਰਾਉਣ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਲੰਗਰ ਦੀ ਸੇਵਾ ਸੰਗਤਾਂ ਵੱਲੋਂ ਕੀਤੀ ਗਈ।

## ਪੰਜਾਬ 'ਚ 72 ਘੰਟਿਆਂ ਤੋਂ ਘੱਟ ਸਮੇਂ ਲਈ ਆਉਣ ਵਾਲਿਆਂ ਨੂੰ ਲਾਜ਼ਮੀ ਇਕਾਂਤਵਾਸ ਤੋਂ ਛੋਟ

ਚੰਡੀਗੜ੍ਹ– ਜਿਹੜੇ ਲੋਕ 72 ਘੰਟਿਆਂ ਤੋਂ ਘੱਟ ਸਮੇਂ ਲਈ ਪੰਜਾਬ ਆਉਂਦੇ ਹਨ ਉਨ੍ਹਾਂ ਨੂੰ ਹੁਣ ਘਰਾਂ ਵਿੱਚ ਲਾਜ਼ਮੀ ਇਕਾਂਤਵਾਸ ਤੋਂ ਛੋਟ ਦਿੱਤੀ ਗਈ ਹੈ। ਉਨ੍ਹਾਂ ਨੂੰ ਹੁਣ ਸਿਰਫ ਅਤੇ ਸਿਰਫ ਪੰਜਾਬ ਵਿਚ ਐਂਟਰੀ ਦੇ ਸਮੇਂ ਚੈੱਕ ਪੋਸਟ 'ਤੇ ਰਸਮੀ ਤੌਰ' ਅੰਡਰਟੇਕਿੰਗ ਦੇਣੀ ਪਵੇਗੀ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੰਗਲਵਾਰ ਨੂੰ ਕਿਹਾ ਕਿ ਇਸ ਫੈਸਲੇ ਨਾਲ ਉਨ੍ਹਾਂ ਲੋਕਾਂ ਜਾਂ ਵਿਦਿਆਰਥੀਆਂ ਨੂੰ ਫਾਇਦਾ ਹੋਵੇਗਾ ਜੋ ਸਿਰਫ ਇੱਕ ਜਾਂ 2 ਦਿਨਾਂ ਲਈ ਕਾਰੋਬਾਰ ਜਾਂ ਪ੍ਰੀਖਿਆ ਲਈ ਪੰਜਾਬ ਆਉਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਅਜਿਹੇ ਯਾਤਰੀਆਂ ਨੂੰ 14 ਦਿਨਾਂ ਦੇ ਲਾਜ਼ਮੀ ਘਰੇਲੂ ਇਕਾਂਤਵਸ ਤੋਂ ਛੋਟ ਦਿੱਤੀ ਗਈ ਹੈ। ਹਾਲਾਂਕਿ, ਅਜਿਹੇ ਯਾਤਰੀਆਂ ਨੂੰ ਕੋਵਾ ਐਪ 'ਤੇ ਦਿੱਤੇ ਫਾਰਮੈਟ ਨੂੰ ਭਰਨਾ ਪਵੇਗਾ ਤੇ ਚੈੱਕ ਪੋਸਟ' ਤੇ ਪੇਸ਼ ਕਰਨਾ ਪਵੇਗਾ। ਇਸ ਤੋਂ ਇਲਾਵਾ ਇਹ ਯਕੀਨੀ ਕਰਨਾ ਪਏਗਾ ਕਿ ਪੰਜਾਬ ਵਿਚ ਠਹਿਰਨ ਦੌਰਾਨ ਕੋਵਾ ਐਪ ਚਾਲੂ ਰਹੇ। ਇਸ ਮਿਆਦ ਦੇ ਦੌਰਾਨ ਉਹ ਆਪਣੀ ਸਿਹਤ ਦੀ ਨਿਗਰਾਨੀ ਕਰਨ ਅਤੇ ਆਲੇ ਦੁਆਲੇ ਦੇ ਲੋਕਾਂ ਤੋਂ ਦੂਰੀ ਰੱਖਣ ਲਈ ਵਚਨਬੱਧ ਹੋਣਗੇ ਅਤੇ ਨਿਗਰਾਨੀ ਟੀਮ ਨਾਲ ਸੰਪਰਕ ਵਿੱਚ ਰਹਿਣਗੇ।

## ਜੇਕਰ ਅਸੀ ਅੱਧੇ ਟੈਸਟ ਕੀਤੇ ਹੁੰਦੇ ਤਾਂ ਪੀੜਤਾਂ ਦੀ ਗਿਣਤੀ ਵੀ ਅੱਧੀ ਹੁੰਦੀ- ਟਰੰਪ

### ਮੁਕੰਮਲ ਬੰਦ ਨਾ ਹੋਣ ਕਾਰਨ ਮਰੀਜ਼ ਵਧੇ- ਡਾ ਫੌਸੀ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)— ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਕਿਹਾ ਹੈ ਕਿ ਕੋਰੋਨਾਵਾਇਰਸ ਦੇ ਟੈਸਟ ਵਧ ਕਰਨ ਦੇ ਸਿੱਟੇ ਵਜੋਂ ਪੀੜਤਾਂ ਦੀ ਗਿਣਤੀ ਵਧੀ ਹੈ। ਵਾਇਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨਾਂ ਕਿਹਾ ਕਿ ਜੇਕਰ ਅਸੀਂ 4 ਕਰੋੜ ਤੋਂ ਵਧ ਟੈਸਟ ਨਾ ਕੀਤੇ ਹੁੰਦੇ ਤੇ ਇਸ ਤੋਂ ਅੱਧੇ ਟੈਸਟ ਕੀਤੇ ਹੁੰਦੇ ਤਾਂ ਪੀੜਤਾਂ ਦੀ ਗਿਣਤੀ ਵੀ ਅੱਧੀ ਹੋਣੀ ਸੀ। ਜੇਕਰ ਅੱਧੇ ਟੈਸਟਾਂ ਤੋਂ ਵੀ ਹੋਰ ਘੱਟ ਟੈਸਟ ਕੀਤੇ ਹੁੰਦੇ ਤਾਂ ਪੀੜਤਾਂ ਦੀ ਗਿਣਤੀ ਹੋਰ ਘੱਟ ਜਾਣੀ ਸੀ। ਟਰੰਪ ਨੇ ਕਿਹਾ ਕਿ ਵਧ ਟੈਸਟ ਕਰਕੇ ਅਸੀਂ ਵਧੀਆ ਕੰਮ ਕੀਤਾ ਹੈ ਇਸ ਨਾਲ ਮਾਮਲਿਆਂ ਬਾਰੇ ਝੂਠੀਆਂ ਖ਼ਬਰਾਂ 'ਤੇ ਵੀ ਰੋਕ ਲੱਗੀ ਹੈ। ਉਨਾਂ ਕਿਹਾ ਕਿ ਜੇਕਰ ਅਸੀਂ ਟੈਸਟ ਨਾ ਕੀਤੇ ਹੁੰਦੇ ਤਾਂ ਤੁਹਾਡੇ ਕੋਲ ਸੁਰਖੀਆਂ ਦੀ ਘਾਟ ਹੋਣੀ ਸੀ ਕਿਉਂਕਿ ਮੌਤ ਦਰ ਬਹੁਤ ਘੱਟ ਹੋਣੀ ਸੀ। ਹੁਣ ਮੈਂ ਵੇਖਦਾ ਹਾਂ ਕਿ ਸੁਰਖੀਆਂ ਕੋਰੋਨਾ ਮਾਮਲਿਆਂ ਬਾਰੇ ਹੀ ਹੁੰਦੀਆਂ ਹਨ।

**ਮੁਕੰਮਲ ਬੰਦ ਨਾ ਹੋਣ ਕਾਰਨ ਮਾਮਲੇ ਵਧੇ**

ਵਾਈਟ ਹਾਊਸ ਦੇ ਕੋਰੋਨਾ ਵਾਇਰਸ ਬਾਰੇ ਸਲਾਹਕਾਰ ਡਾ ਐਨਥਨੀ ਫੌਸੀ ਨੇ ਕਿਹਾ ਹੈ ਕਿ ਮੁਕੰਮਲ ਸ਼ੱਟਡਾਊਨ ਨਾ ਹੋਣ ਕਾਰਨ ਦੇਸ਼ ਵਿਚ ਕੋਰੋਨਾ ਪੀੜਤ ਲੋਕਾਂ ਦੇ ਮਾਮਲੇ ਵਧੇ ਹਨ। ਨੈਸ਼ਨਲ ਇੰਸਟੀਚਿਊਟ ਆਫ ਐਲਰਜੀ ਐਂਡ ਇਨਫੈਕਸ਼ੀਅਸ ਡਸੀਜ਼ ਦੇ ਡਾਇਰੈਕਟਰ ਡਾ ਫੌਸੀ ਨੇ ਕਿਹਾ ਕਿ ਹਾਲਾਂ ਕਿ ਮੁਕੰਮਲ ਬੰਦ ਹਮੇਸ਼ਾਂ ਲਈ ਨਹੀਂ ਕੀਤਾ ਜਾ ਸਕਦਾ ਪਰ ਇਕ ਵਾਰ ਮੁਕੰਮਲ ਬੰਦ ਨਾ ਕਰਨਾ ਵੀ ਸਾਡੀ ਗਲਤੀ ਸੀ। ਉਨਾਂ ਨੇ ਕਿਹਾ ਕਿ ਮਾਸਕ ਪਹਿਣਨ ਬਾਰੇ ਵੀ ਅਸੀਂ ਗਲਤੀਆਂ ਕੀਤੀਆਂ ਹਨ। ਕੁਝ ਲੋਕ ਵਾਰ ਵਾਰ ਕਹਿੰਦੇ ਰਹੇ ਕਿ ਮਾਸਕ ਪਾਉਣ ਦੀ ਲੋੜ ਨਹੀਂ ਹੈ ਤੇ ਹੁਣ ਉਹ ਲੋਕ ਹੀ ਕਹਿ ਰਹੇ ਹਨ ਕਿ ਮਾਸਕ ਪਾਇਆ ਜਾਵੇ। ਡਾ ਫੌਸੀ ਨੇ ਹੋਰ ਕਿਹਾ ਕਿ ਵਿਗਿਆਨੀ ਕੋਰੋਨਾਵਾਇਰਸ ਦੀ ਦਵਾਈ ਜਾਂ ਵੈਕਸੀਨ ਤਿਆਰ ਕਰਨ ਲਈ ਨਿਰੰਤਰ ਕੰਮ ਕਰ ਰਹੇ ਹਨ ਤੇ ਉਨਾਂ ਨੂੰ ਆਸ ਹੈ ਕਿ ਵਿਗਿਆਨੀ ਇਸ ਸਾਲ ਦੇ ਅੰਤ ਵਿਚ ਜਾਂ ਅਗਲੇ ਸਾਲ 2021 ਦੇ ਸ਼ੁਰੂ ਵਿਚ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਵੈਕਸੀਨ ਤਿਆਰ ਕਰਨ ਵਿਚ ਸਫਲ ਹੋ ਜਾਣਗੇ।

**ਪੀੜਤਾਂ ਦੀ ਗਿਣਤੀ 40 ਲੱਖ ਨੇੜੇ ਪੁੱਜੀ**

ਅਮਰੀਕਾ ਵਿਚ ਕੋਰੋਨਾ ਵਾਇਰਸ ਨਾਲ ਮੌਤਾਂ ਦੀ ਗਿਣਤੀ 1,39,143 ਹੋ ਗਈ ਹੈ ਜਦ ਕਿ ਪੀੜਤ ਮਰੀਜ਼ਾਂ ਦੀ ਗਿਣਤੀ 35,45,077 ਹੋ ਗਈ ਹੈ। 16,00,195 ਮਰੀਜ਼ ਠੀਕ ਹੋਏ ਹਨ। ਇਸ ਤਰਾਂ ਮਰੀਜ਼ਾਂ ਦੇ ਸਿਹਤਮੰਦ ਹੋਣ ਦੀ ਦਰ 92% ਹੋ ਗਈ ਹੈ। ਸਿਹਤ ਮਾਹਿਰਾਂ ਨੇ ਆਸ ਪ੍ਰਗਟਾਈ ਹੈ ਕਿ ਅਗਲੇ ਦਿਨਾਂ ਦੌਰਾਨ ਮਰੀਜ਼ਾਂ ਦੇ ਠੀਕ ਹੋਣ ਦੀ ਦਰ ਵਿਚ ਹੋਰ ਸੁਧਾਰ ਹੋ ਸਕਦਾ ਹੈ ਤੇ ਭਾਰੀ ਗਿਣਤੀ ਵਿਚ ਮਰੀਜ਼ਾਂ ਨੂੰ ਹਸਪਤਾਲਾਂ ਵਿਚੋਂ ਛੁੱਟੀ ਮਿਲ ਸਕਦੀ ਹੈ।

ਸੋਹੰ

SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

PITTSBURG GURUGHAR CLOSED AGAIN DUE TO COVID-19

**Pittsburg Gurughar remained open for Sunday services for a few weeks but because of ongoing surge in COVID-19 cases the Managing Committee is constrained to notify the entire Sangat that effective immediately the Gurughar is closed again for Sangat attendance till August 9th, 2020 (Sunday) and is rescheduled to open on August,16th, 2020 , depending on the severity of the COVID-19 conditions. We are very sorry to share this unpleasant decision with the Sangat but had no other option but to pray for calming down this Pandemic. Community collaboration in such difficult times is vital to help keep Sangat healthy by avoiding exposures to the virus.**

APPEAL FOR DONATIONS:- As the Sangat is well aware that because of no in-flow of cash donations impacted by Corona Virus the Guru ghar is also experiencing financial difficulties in the payment of our regular bills including the salary of the priests and other unforeseen maintenance repairs of Guru Ghar. Since the Sangat is the main force and the impetus behind the running of any religious institution we earnestly appeal to to please continue your kind help through your generous donations to Guru Ghar.

**REORGANIZATIONAL CHANGES:-** In accordance with the provisions of the By-laws of this Gurughar, the process of reorganization of the Board of Directors and the Executive Committee will be on August 23, 2020. The term of some of the current members of the Managing Committee is due to expire in August, 2020 making room for replacement with new volunteer Sewadars. Applications from new Sewadars are invited from Sangat so as to reach the Chairman by August 16th, 2020.

Gurughar members who have not renewed their membership so far are also requested to do so by paying their annual renewal fee.

We also pray for the safety of all those physicians, nurses and other workers who are fighting together by risking their lives in the forefront for treatment of the patients of COVID-19.

**"NANAK NAM CHARDI KALA TERE BHANE SARBAT DA BHALA"**

Chairman Jagtar Bhatia | President Shinder Paul Narabu | Sangat De Sewadar | General Secretary Dharam Pal Chonkria | Treasurer Vinod Kumar

# ਆਖਰਕਾਰ ਪਾ ਹੀ ਲਿਆ ਰਾਸ਼ਟਰਪਤੀ ਟਰੰਪ ਨੇ ਜਨਤਕ ਤੌਰ 'ਤੇ ਮਾਸਕ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ 33,55,0000 ਤੋਂ ਪਾਰ ਹੋ ਜਾਣ 'ਤੇ ਰਾਸ਼ਟਰਪਤੀ ਡੋਨਾਲਡ ਟਰੰਪ ਇਕ ਫੌਜੀ ਹਸਪਤਾਲ ਦੇ ਦੌਰੇ ਦੌਰਾਨ ਮਾਸਕ ਪਹਿਨੇ ਹੋਏ ਨਜਰ ਆਏ। ਉਨਾਂ ਨੇ ਕੋਰੋਨਾ ਮਹਾਮਾਰੀ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਵਾਰ ਜਨਤਿਕ ਤੌਰ 'ਤੇ ਮਾਸਕ ਪਾਇਆ। ਰਾਸ਼ਟਰਪਤੀ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਵਿਚ ਜਖਮੀ ਸੈਨਿਕਾਂ ਤੇ ਕੋਰੋਨਾ ਵਾਇਰਸ ਨਾਲ ਮੋਹਰਲੀ ਕਤਾਰ ਵਿਚ ਲੜ ਰਹੇ ਮੈਡੀਕਲ ਵਰਕਰਾਂ ਦਾ ਹਾਲ ਚਾਲ ਪੁੱਛਣ ਲਈ ਗਏ ਸਨ। ਇਸ ਮੌਕੇ ਉਨਾਂ ਕਿਹਾ ਕਿ ਮੈ ਕਦੀ ਵੀ ਮਾਸਕ ਪਾਉਣ ਦੇ ਵਿਰੁੱਧ ਨਹੀਂ ਰਿਹਾ ਪਰੰਤੂ ਮੇਰਾ ਵਿਸ਼ਵਾਸ਼ ਹੈ



ਕਿ ਮਾਸਕ ਪਾਉਣ ਲਈ ਉਚਿੱਤ ਜਗਾ ਤੇ ਸਮਾਂ ਹੋਣਾ ਜਰੂਰੀ ਹੈ। ਘੰਟੇ ਤੋਂ ਵੀ ਘੱਟ ਸਮੇਂ ਦੇ ਦੌਰੇ ਦੌਰਾਨ ਰਾਸ਼ਟਰਪਤੀ ਨੇ ਨੀਲੇ ਰੰਗ ਦਾ ਮਾਸਕ ਪਹਿਨਿਆ। ਉਨਾਂ ਨਾਲ ਗਏ ਵਾਈਟ ਹਾਊਸ ਚੀਫ ਆਫ ਸਟਾਫ ਮਾਰਕ ਮੀਡੋਜ ਤੇ ਸੀਕਰਟ ਸਰਵਿਸ ਦੇ ਅਧਿਕਾਰੀਆਂ ਨੇ ਵੀ ਮਾਸਕ ਪਾਏ ਹੋਏ ਸਨ।

**ਪੀੜਤ ਮਰੀਜ਼ਾਂ ਦੀ ਗਿਣਤੀ ਵਿਚ ਨਿਰੰਤਰ ਵਾਧਾ**

ਅਮਰੀਕਾ ਵਿਚ ਕੋਰੋਨਾ ਵਾਇਰਸ ਨਾਲ ਪੀੜਤਾਂ ਦੀ ਗਿਣਤੀ ਨਿਰੰਤਰ ਵਧ ਰਹੀ ਹੈ। ਪੀੜਤਾਂ ਦੀ ਕੁਲ ਗਿਣਤੀ 33,55,646 ਹੋ ਗਈ ਹੈ ਜਦ ਕਿ ਹੁਣ ਤੱਕ 14,90,446 ਮਰੀਜ਼ ਠੀਕ ਹੋ ਚੁੱਕੇ ਹਨ। 1,37,403 ਮਰੀਜ਼ ਦਮ ਤੋੜ ਚੁੱਕੇ ਹਨ। ਹਾਲਾਂ ਕਿ ਮਰੀਜ਼ਾਂ ਦੀ ਗਿਣਤੀ ਦਾ ਵਧਣਾ ਚਿੰਤਾ ਦਾ ਵਿਸ਼ਾ ਹੈ ਪਰ ਇਹ ਰਿਪੋਰਟ ਰਾਹਤ ਦੇਣ ਵਾਲੀ ਹੈ ਕਿ ਮਰੀਜ਼ਾਂ ਦੇ ਠੀਕ ਹੋਣ ਦੀ ਦਰ 92% ਹੋ ਗਈ ਹੈ।

# 2 ਪੁਲਿਸ ਅਧਿਕਾਰੀਆਂ ਦੀ ਗੋਲੀਆਂ ਮਾਰਕੇ ਹੱਤਿਆ

**ਮੈਕਏਲਨ (ਹੁਸਨ ਲੜੋਆ ਬੰਗਾ)–** ਦੱਖਣੀ ਟੈਕਸਸ ਵਿਚ ਦੋ ਪੁਲਿਸ ਅਧਿਕਾਰੀਆਂ ਦੀ ਗੋਲੀਆਂ ਮਾਰਕੇ ਉਸ ਵੇਲੇ ਹੱਤਿਆ ਕਰ ਦਿੱਤੀ ਜਦ ਉਹ ਇਕ ਐਮਰਜੈਂਸੀ ਫੋਨ ਆਉਣ 'ਤੇ ਮੌਕੇ ਉਪਰ ਜਾ ਰਹੇ ਸਨ। ਜਨਤਿਕ ਸੁਰੱਖਿਆ ਵਿਭਾਗ ਦੇ ਬੁਲਾਰੇ ਲੈਫਟੀਨੈਂਟ ਕ੍ਰਿਸਟੋਫਰ ਓਲੀਵਰੇਜ਼ ਨੇ ਦਸਿਆ ਕਿ ਪੁਲਿਸ ਅਫਸਰਾਂ ਨੂੰ ਮੈਕਏਲਨ ਸ਼ਹਿਰ ਦੇ ਦੱਖਣ ਵਿਚ ਗੋਲੀ ਮਾਰੀ ਗਈ। ਉਨਾਂ ਨੂੰ ਨਜ਼ਦੀਕੀ ਹਸਪਤਾਲ ਵਿਚ ਲਿਜਾਇਆ ਗਿਆ ਪਰ ਉਹ ਬਚਾਏ ਨਹੀਂ ਜਾ ਸਕੇ। ਇਕ ਸ਼ੱਕੀ ਹਮਲਾਵਰ ਦੇ ਵੀ ਗੋਲੀ ਲੱਗੀ ਹੈ ਪਰ ਉਸ ਦੀ ਹਾਲਤ ਬਾਰੇ ਤੁਰੰਤ ਪਤਾ ਨਹੀਂ ਲੱਗ ਸਕਿਆ। ਮੈਕਏਲਨ ਪੁਲਿਸ ਮੁਖੀ ਵਿਕਟਰ ਰੋਡਰਿਜਜ ਨੇ ਕਿਹਾ ਹੈ ਕਿ ਅਸੀ ਆਪਣੇ ਦੋ ਜਵਾਨ ਗਵਾ ਲਏ ਹਨ ਜੋ ਸਾਡੇ ਸ਼ਹਿਰ ਵਿਚ ਕੇਵਲ ਸ਼ਾਂਤੀ ਬਣਾਈ ਰਖਣ ਲਈ ਕੰਮ ਕਰਦੇ ਸਨ। ਉਨਾਂ ਦਸਿਆ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਅਜੇ ਹੋਰ ਵੇਰਵੇ ਨਹੀਂ ਮਿਲ ਸਕੇ।

# ਬਹੁਤ ਸਾਰੀਆਂ ਯੂਨੀਵਰਸਿਟੀਆਂ ਤੇ ਸਕੂਲ ਖੱਬੇ ਪੱਖੀ ਸੋਚ ਰਖਦੇ ਹਨ- ਟਰੰਪ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਕੋਰੋਨਾਵਾਇਰਸ ਮਹਾਮਾਰੀ ਕਾਰਨ ਸਕੂਲ ਤੇ ਕਾਲਜ ਮੁੜ ਖੋਲਣ ਨੂੰ ਲੈ ਕੇ ਪੈਦਾ ਹੋਏ ਵਿਵਾਦ ਤੋਂ ਖਿਝੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚਿ–ਤਾਵਨੀ ਦਿੱਤੀ ਹੈ ਕਿ ਵਿਦਿਅੱਕ ਸੰਸਥਾਵਾਂ ਨੂੰ ਮਿਲਦੀ ਟੈਕਸ ਛੋਟ ਖਤਮ ਕਰ ਦਿੱਤੀ ਜਾਵੇਗੀ। ਰਾਸ਼ਟਰਪਤੀ ਨੇ ਟਵੀਟ ਕੀਤਾ ਹੈ ਕਿ ''ਬਹੁਤ ਸਾਰੀਆਂ ਯੂਨੀਵਰਸਿਟੀਆਂ ਤੇ ਸਕੂਲ ਖੱਬੇ ਪੱਖੀ ਸੋਚ ਰਖਦੇ ਹਨ ਤੇ ਉਨਾਂ ਦੀ ਸਿੱਖਿਆ ਪ੍ਰਤੀ ਪਹੁੰਚ ਨਾਕਾਰਾਤਮਿਕ ਹੈ। ਇਸ ਲਈ ਮੈ ਵਿੱਤ ਵਿਭਾਗ ਨੂੰ ਕਹਿ ਰਿਹਾ ਹਾਂ ਕਿ ਸਿੱਖਿਆ ਸੰਸਥਾਵਾਂ ਦੇ ਟੈਕਸ ਛੋਟ ਰੁਤਬੇ ਬਾਰੇ ਮੁੜ ਪੜਚੋਲ ਕੀਤੀ ਜਾਵੇ।''

ਐਸੋਸੀਏਸ਼ਨ ਆਫ ਅਮਰੀਕਨ ਯੂਨੀਵਰਸਿਟੀਜ਼ ਅਨੁਸਾਰ ਇੰਟਰਨਲ ਰੈਵਨਿਊ ਕੋਡ ਤਹਿਤ ਬਹੁ ਗਿਣਤੀ ਵਿਚ ਨਿੱਜੀ ਤੇ ਸਰਕਾਰੀ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਵਿਦਿਅਕ ਮੰਤਵ ਵਾਸਤੇ ਟੈਕਸ ਛੋਟ ਮਿਲੀ ਹੋਈ ਹੈ। ਉਹ ਸੰਘੀ ਕਾਨੂੰਨ ਤਹਿਤ ਛੋਟ ਦੇ ਹੱਕਦਾਰ ਹਨ। ਇਥੇ ਵਰਣਨਯੋਗ ਹੈ ਕਿ ਰਾਸ਼ਟਰਪਤੀ ਚਹੁੰਦੇ ਹਨ ਕਿ ਇਸ ਪੱਤਝੜ ਰੁੱਤੇ ਯੂਨੀਵਰਸਿਟੀਆਂ ਤੇ ਕਾਲਜ ਖੋਲ ਦਿੱਤੇ ਜਾਣ। ਉਨਾਂ ਨੇ ਇਸ ਹਫ਼ਤੇ ਦੇ ਸ਼ੁਰੂ ਵਿਚ ਹਾਵਰਡ ਯੂਨੀਵਰਸਿਟੀ ਵੱਲੋਂ ਅਕੈਡਮਿਕ ਸਾਲ 2020–2021 ਲਈ ਪੜਾਈ ਆਨ ਲਾਈਨ ਕਰਵਾਉਣ ਦੇ ਨਿਰਨੇ ਦੀ ਅਲੋਚਨਾ ਕਰਦਿਆਂ ਕਿਹਾ ਸੀ ਕਿ ਇਹ ਬੇਤੁਕੀ ਗੱਲ ਹੈ ਤੇ ਭੱਜਣ ਦਾ ਅਸਾਨ ਤਰੀਕਾ ਹੈ। ਲੰਘੇ ਵੀਰਵਾਰ ਰਾਸ਼ਟਰਪਤੀ ਨੇ ਐਲਾਨ ਕੀਤਾ ਸੀ ਕਿ ''ਸਕੂਲ ਹਰ ਹਾਲਤ ਵਿਚ ਖੋਲੇ ਜਾਣਗੇ ਹਾਲਾਂ ਕਿ ਸਥਾਨਕ ਅਧਿਕਾਰੀਆਂ ਨੂੰ ਇਸ ਵਾਸਤੇ ਮਜਬੂਰ ਕਰਨ ਲਈ ਉਨਾਂ ਕੋਲ ਕਾਨੂੰਨੀ ਅਥਾਰਿਟੀ ਨਹੀਂ ਹੈ।''

**ਹਸਪਤਾਲ ਦੌਰੇ ਦੌਰਾਨ ਮਾਸਕ ਪਾਵਾਂਗਾ**

ਰਾਸ਼ਟਰਪਤੀ ਟਰੰਪ ਨੇ ਕਿਹਾ ਹੈ ਕਿ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਦੇ ਦੌਰੇ ਦੌਰਾਨ ਉਹ ਮਾਸਕ ਪਾਉਣਗੇ। ਰਾਸ਼ਟਰਪਤੀ ਜਨਤਿਕ ਤੌਰ 'ਤੇ ਮਾਸਕ ਨਹੀਂ ਪਾਉਂਦੇ ਪਰ ਉਨਾਂ ਨੇ ਕਿਹਾ ਹੈ ਕਿ ਉਹ ਹਸਪਤਾਲ ਦੇ ਦੌਰੇ ਦੌਰਾਨ ਮਾਸਕ ਪਾਉਣਗੇ।

ਟਰੰਪ ਨੇ ਫੌਕਸ ਨਿਊਜ਼ ਦੇ ਮੇਜ਼ਬਾਨ ਸੀਨ ਹੈਨਿਟੀ ਨੂੰ ਦਸਿਆ ਕਿ ਵਾਲਟਰ ਰੀਡ ਜਾਣ ਮੌਕੇ ਆਸ ਹੈ ਕਿ ਮੈ ਮਾਸਕ ਪਾਵਾਂਗਾ ਕਿਉਂਕਿ ਇਹ ਹਸਪਤਾਲ ਹੈ। ਮੈਨੂੰ ਮਾਸਕ ਨਾਲ ਕੋਈ ਸਮੱਸਿਆ ਨਹੀਂ ਹੈ। ਉਨਾਂ ਹੋਰ ਕਿਹਾ ਕਿ ਜੇਕਰ ਤੁਸੀਂ ਸਹਿਜ ਮਹਿਸੂਸ ਕਰਦੇ ਹੋ ਤਾਂ ਮਾਸਕ ਪਾਉਣਾ ਬਹੁਤ ਵਧੀਆ ਗੱਲ ਹੈ।

**ਜੇਲਾਂ ਵਿਚ ਕੋਰੋਨਾ ਫੈਲਣ ਦੇ ਡਰ ਕਾਰਨ ਕੈਲੀਫੋਰਨੀਆ 8000 ਕੈਦੀ ਰਿਹਾਅ ਕਰੇਗਾ**

ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਕੈਲੀਫੋਰਨੀਆ ਦੀਆਂ ਜੇਲਾਂ ਵਿਚ ਬੰਦ 8000 ਕੈਦੀਆਂ ਨੂੰ ਅਗਸਤ ਤੱਕ ਰਿਹਾਆ ਕੀਤਾ ਜਾ ਸਕਦਾ ਹੈ। ਇਹ ਐਲਾਨ ਰਾਜ ਦੇ ਕੋਰੈਕਸ਼ਨਜ ਐਂਡ ਰੀਹੈਬਲੀਟੇਸ਼ਨ ਵਿਭਾਗ ਨੇ ਕੀਤਾ ਹੈ। ਕੈਲੀਫੋਰਨੀਆ ਦੇ ਸੁਰਖਿਆ ਤੇ ਨਿਆਂ ਬਾਰੇ ਡਾਇਰੈਕਟਰ ਜੇ ਜੋਰਡਨ ਨੇ ਕਿਹਾ ਹੈ ਕਿ ਜੇਲਾਂ ਵਿਚ ਬਹੁਤ ਸਾਰੇ ਲੋਕ ਮਾੜੇ ਸਿਹਤ ਵਾਤਾਵਰਣ ਵਿਚ ਰਹਿ ਰਹੇ ਹਨ ਇਸ ਲਈ ਇਨਾਂ ਨੂੰ ਰਿਹਾਅ ਕਰਨਾ ਬੇਹਤਰ ਰਹੇਗਾ। ਕੋਰੋਨਾ ਮਹਾਮਾਰੀ ਸ਼ੁਰੂ ਹੋਣ ਤੋਂ ਬਾਅਦ ਤਕਰੀਬਨ 10000 ਕੈਦੀ ਛੱਡੇ ਜਾ ਚੁੱਕੇ ਹਨ।

# ਅਮਰੀਕਾ ਪੜਦੇ ਵਿਦਿਆਰਥੀਆਂ ਨੂੰ ਆਪਣੇ ਦੇਸ਼ ਪਰਤਣਾ ਪੈ ਸਕਦਾ ਹੈ

**ਅਮਰੀਕਾ (ਨੀਟਾ ਮਾਛੀਕੇ/ ਕੁਲਵੰਤ ਧਾਲੀਆਂ)–** ਅਮਰੀਕਾ ਵਿਚ ਪੜ੍ਹਾਈ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਨੂੰ ਵੱਡਾ ਝੱਟਕਾ ਲੱਗ ਸਕਦਾ ਹੈ। ਦਰਅਸਲ ਅਮਰੀਕਾ ਸਾਰੇ ਵਿਦੇਸ਼ੀ ਵਿਦਿਆਰਥੀਆਂ ਨੂੰ ਵਾਪਸ ਘਰ ਭੇਜਣ ਦੀ ਯੋਜਨਾ 'ਤੇ ਵਿਚਾਰ ਕਰ ਰਿਹਾ ਹੈ। ਕੋਰੋਨਾ ਵਾਇਰਸ ਮਹਾਮਾਰੀ ਦੌਰਾਨ ਅਮਰੀਕਾ ਨੇ ਵਿਦਿਆਰਥੀ ਵੀਜ਼ਾ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ। ਅਮਰੀਕਾ ਨੇ ਸੋਮਵਾਰ ਨੂੰ ਅਜਿਹੇ ਵਿਦਿਆਰਥੀਆਂ ਤੋਂ ਵਿਦਿਆਰਥੀ ਵੀਜ਼ਾ ਵਾਪਸ ਲੈਣ ਦੀ ਘੋਸ਼ਣਾ ਕੀਤੀ ਹੈ, ਜਿਨ੍ਹਾਂ ਦੀ ਕਲਾਸ ਕੋਰੋਨਾ ਕਾਰਨ ਸਿਰਫ ਆਨਲਾਈਨ ਮਾਡਲ 'ਤੇ ਹੋ ਰਹੀ ਹੈ।

ਇਕ ਰਿਪੋਰਟ ਮੁਤਾਬਕ ਇਮੀਗ੍ਰੇਸ਼ਨ ਅਤੇ ਕਸਟਮ ਐਨਫੋਰੋਸਮੈਂਟ (ਆਈ.ਸੀ.ਈ.) ਵੱਲੋਂ ਇਕ ਬਿਆਨ ਜਾਰੀ ਕਰਕੇ ਕਿਹਾ ਗਿਆ ਕਿ ਨਾਨਇਮੀਗ੍ਰੇਟ (ਗੈਰ ਪ੍ਰਵਾਸੀ) ਾ–1 ਅਤੇ ਾ–1 ਵਿਦਿਆਰਥੀਆਂ ਨੂੰ ਪ੍ਰਵੇਸ਼ ਨਹੀਂ ਦਿੱਤਾ ਜਾਵੇਗਾ ਜਿਨ੍ਹਾਂ ਦੀ ਸਿਰਫ ਆਨਲਾਈਨ ਕਲਾਸਾਂ ਚੱਲ ਰਹੀਆਂ ਹਨ। ਵਿਭਾਗ ਅਨੁਸਾਰ ਅਜਿਹੇ ਵਿਦਿਆਰਥੀਆਂ ਨੂੰ ਅਮਰੀਕਾ ਵਿਚ ਪ੍ਰਵੇਸ਼ ਦੀ ਇਜਾਜ਼ਤ ਨਹੀਂ ਹੋਵੇਗੀ ਜਾਂ ਫਿਰ ਜੇਕਰ ਉਹ ਅਜੇ ਵੀ ਅਮਰੀਕਾ ਵਿਚ ਰਹਿ ਰਹੇ ਹਨ ਤਾਂ ਉਨ੍ਹਾਂ ਨੂੰ ਅਮਰੀਕਾ ਛੱਡ ਕੇ ਆਪਣੇ ਦੇਸ਼ ਜਾਣਾ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਉਹ ਅਜਿਹਾ ਨਹੀਂ ਕਰਦੇ ਹਨ ਤਾਂ ਵਿਦਿਆਰਥੀਆਂ ਨੂੰ ਇਸ ਦੇ ਨਤੀਜੇ ਭੁਗਤਣੇ ਪੈ ਸਕਦੇ ਹਨ।



ਆਈ.ਸੀ.ਈ. ਨੇ ਸਟੈਟਸ ਦੇ ਵਿਭਾਗਾਂ ਨੂੰ ਕਿਹਾ ਕਿ ਅਜਿਹੇ ਵਿਦਿਆਰਥੀ ਜਿਨ੍ਹਾਂ ਦੀ ਕਲਾਸਾਂ ਪੂਰੀ ਤਰ੍ਹਾਂ ਨਾਲ ਆਨਲਾਈਨ ਚੱਲ ਰਹੀਆਂ ਹਨ, ਉਨ੍ਹਾਂ ਨੂੰ ਅਗਲੇ ਸਮੈਸਟਰ ਲਈ ਵੀਜ਼ਾ ਜ਼ਾਰੀ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਅਜਿਹੇ ਵਿਦਿਆਰਥੀਆਂ ਨੂੰ ਸੂਬੇ ਵਿਚ ਵੜਣ ਦੀ ਇਜਾਜ਼ਤ ਦਿੱਤੀ ਜਾਵੇਗੀ। ਇਸ ਸਮੈਸਟਰ ਦੀ ਪੜ੍ਹਾਈ ਸਤੰਬਰ ਤੋਂ ਦਸੰਬਰ ਦਰਮਿਆਨ ਹੁੰਦੀ ਹੈ। ਅਮਰੀਕੀ ਯੂਨੀਵਰਸਿਟੀਜ਼ ਅਤੇ ਕਾਲਜਾਂ ਵਿਚ ਪੜ੍ਹਾਈ ਕਰਨ ਵਾਲੇ ਇਹ ਵਿਦਿਆਰਥੀ ਐਲ–1 ਵੀਜ਼ਾ 'ਤੇ ਇੱਥੇ ਆਉਂਦੇ ਹਨ। ਉਥੇ ਹੀ ਅਮਰੀਕਾ ਵਿਚ ਵੋਕੇਸ਼ਨਲ ਜਾਂ ਹੋਰ ਮਾਨਤਾ ਪ੍ਰਾਪਤ ਗੈਰ–ਵਿਦਿਅਬ ਸੰਸਥਾਵਾਂ ਵਿਚ ਤਕਨੀਕੀ ਪ੍ਰੋਗਰਾਮਾਂ ਵਿਚ ਦਾਖਲਾ ਲੈਣ ਵਾਲੇ ਐਚ–1 ਵੀਜ਼ਾ 'ਤੇ ਇੱਥੇ ਆਉਂਦੇ ਹਨ।

'ਸਟੂਡੈਂਟ ਐਂਡ ਐਕਸਚੇਂਜ ਵਿਜ਼ੀਟਰ ਪ੍ਰੋਗਰਾਮ (ਐਸ.ਈ.ਵੀ.ਆਈ.ਪੀ.) ਦੀ 2018 'ਸੇਵਿਸ ਬਾਈ ਨੰਬਰ ਰਿਪੋਰਟ' ਅਨੁਸਾਰ ਅਮਰੀਕਾ ਵਿਚ 2017 ਵਿਚ ਚੀਨ ਦੇ ਸਭ ਤੋਂ ਜਿਆਦਾ 4,78,732 ਵਿਦਿਆਰਥੀਆਂ ਦੇ ਬਾਅਦ 2,51,290 ਭਾਰਤੀ ਵਿਦਿਆਰਥੀ ਸਨ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਕੂਲ ਅਤੇ ਕਾਲਜਾਂ ਨੂੰ ਛੇਤੀ ਤੋਂ ਛੇਤੀ ਕੰਪਲੈਕਸ ਵਿਚ ਕਲਾਸਾਂ ਸ਼ੁਰੂ ਕਰਣ ਨੂੰ ਕਿਹਾ ਸੀ। ਇਸ ਦੇ ਤੁਰੰਤ ਬਾਅਦ ਹੀ ਇਹ ਨਵੇਂ ਦਿਸ਼ਾ–ਨਿਰਦੇਸ਼ ਜਾਰੀ ਕੀਤੇ ਗਏ ਹਨ। ਟਰੰਪ ਨੇ ਟਵਿਟਰ ਉੱਤੇ ਕਿਹਾ ਸੀ ਕਿ ਸਰਦੀਆਂ ਦੇ ਮੌਸਮ ਵਿਚ ਸਕੂਲ ਜ਼ਰੂਰ ਦੁਬਾਰਾ ਖੁੱਲ੍ਹ ਜਾਣੇ ਚਾਹੀਦੇ ਹਨ। ਨਾਲ ਹੀ ਉਨ੍ਹਾਂ ਨੇ ਇਲਜ਼ਾਮ ਲਗਾਇਆ ਸੀ ਕਿ ਡੈਮੋਕਰੇਟ ਪਾਰਟੀ "ਰਾਜਨੀਤਕ ਕਾਰਨ ਨਾਲ ਸਕੂਲ ਬੰਦ ਰੱਖਣਾ ਚਾਹੁੰਦੀ ਹੈ, ਸਿਹਤ ਕਾਰਣਾਂ ਦੀ ਵਜ੍ਹਾ ਨਾਲ ਨਹੀਂ।' ਟਰੰਪ ਨੇ ਕਿਹਾ ਸੀ, 'ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਨਾਲ ਨਵੰਬਰ ਵਿਚ ਉਨ੍ਹਾਂ ਨੂੰ ਮਦਦ ਮਿਲੇਗੀ। ਗਲਤ, ਲੋਕਾਂ ਨੂੰ ਸਭ ਸਮਝ ਆ ਰਿਹਾ ਹੈ। ਟਰਰੰਪ ਪ੍ਰਸ਼ਾਸਨ ਨੇ ਕੋਰੋਨਾ ਵਾਇਰਸ ਦਾ ਹਵਾਲਾ ਦਿੰਦੇ ਹੋਏ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਕਈ ਬਦਲਾਅ ਕੀਤੇ ਹਨ। ਧਿਆਨਦੇਣ ਯੋਗ ਹੈ ਕਿ 22 ਜੂਨ ਨੂੰ ਉਸ ਨੇ ਇਕ ਘੋਸ਼ਣਾ ਕਰ ਕੇ ਅਮਰੀਕਾ ਵਿਚ ਕਾਨੂੰਨੀ ਇਮੀਗ੍ਰੇਸ਼ਨ 'ਤੇ 31 ਦਸੰਬਰ ਤੱਕ ਪਾਬੰਦੀ ਲਗਾ ਦਿੱਤੀ। ਇਸ ਨਾਲ ਐਚ–1–1ਬੀ,–2ਬੀ ਅਤੇ ਜੇ–1 ਵੀਜ਼ਾ ਧਾਰਕ ਪ੍ਰਭਾਵਿਤ ਹੋਏ।

# ਗੂਗਲ ਟੈਲੀ- ਕਾਨਫਰੰਸ ਵਿੱਚ ਭਾਰਤੀ ਅੰਬੈਸੀ ਵੱਲੋਂ ਸਿੱਖ ਡਾਇਸਪੋਰਾ ਨਾਲ ਅਹਿਮ ਵਿਚਾਰਾਂ









**ਵਾਸ਼ਿੰਗਟਨ, ਡੀ.ਸੀ (ਰਾਜ ਗੋਗਨਾ)–** ਭਾਰਤੀ ਅੰਬੈਸੀ ਵੱਲੋਂ ਅਮਰੀਕਾ ਦੇ ਸਿੱਖਾਂ ਨਾਲ ਭਾਰਤੀ ਅੰਬੈਸਡਰ ਤਰਨਜੀਤ ਸਿੰਘ ਸੰਧੂ ਵੱਲੋਂ ਪਹਿਲੀ ਵਾਰ ਗੂਗਲ ਟੈਲੀ ਕਾਨਫਰੰਸ ਰਾਹੀਂ ਸਾਂਝ ਪਾਈ। ਕਾਨਫਰੰਸ ਦਾ ਆਯੋਜਿਨ ਅਨੁਰਾਗ ਕੁਮਾਰ ਕੁਮਿਊਨਿਟੀ ਮਨਿਸਟਰ ਨੇ ਕੀਤਾ। ਜਿੰਨਾਂ ਨੇ ਅਮਰੀਕਾ ਦੇ 75 ਸਿੱਖਾਂ ਨਾਲ ਸਿੱਧਾ ਰਾਫਤਾ ਕਰਕੇ ਵਿਚਾਰ ਸਾਂਝੇ ਕੀਤੇ। ਉਘੀਆਂ 15 ਸ਼ਖ਼ਸੀਅਤਾਂ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਈ। ਜਿਸ ਵਿੱਚ ਮੁੱਖ ਤੋਰ ਤੇ ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਸੁਲਝਾਏ ਮਸਲਿਆਂ ਦੀ ਤਾਰੀਫ਼ ਕੀਤੀ ਅਤੇ ਕਰਤਾਰਪੁਰ ਕੋਰੀਡੋਰ ਨੂੰ ਮੁੜ ਖੋਲਣ ਦੀ ਵਕਾਲਤ ਕੀਤੀ। ਉਹਨਾਂ ਕਿਹਾ ਕਿ ਅੰਬੈਸੇਡਰ ਸ: ਤਰਨਜੀਤ ਸਿੰਘ ਸੰਧੂ ਦੀ ਭੂਮਿਕਾ ਦੀ ਸ਼ਲਾਘਾ ਕਰਦੇ ਹਾਂ । ਜਿੰਨਾਂ ਨੇ ਸਿੱਖ ਮਸਲੇ ਟੇਬਲ ਕਰਕੇ ਹੱਲ ਕਰਵਾਏ। ਸੁਖਪਾਲ ਸਿੰਘ ਧੰਨੋਆ ਨੇ ਕਿਹਾ ਕਿ ਅਸਲੀ 2014 ਦੇ ਲੱਗੇ ਹੋਏ ਸੀ ਕਿ ਅੰਬੈਸੀ ਵਿੱਚ ਸਿੱਖਾਂ ਦਾ ਬੋਲਬਾਲਾ ਹੋਵੇ, ਅੱਜ ਸਾਨੂੰ ਫ਼ਖ਼ਰ ਹੈ ਕਿ ਅਸੀਂ ਉਸ ਮੁਕਾਮ ਤੇ ਪਹੁੰਚ ਗਏ ਹਾਂ। ਜਿਸ ਦਾ ਸਿਹਰਾ ਮੋਕੇ ਦੇ ਅੰਬੈਸਡਰ ਤਰਨਜੀਤ ਸਿੰਘ ਸੰਧੂ ਨੂੰ ਜਾਂਦਾ ਹੈ । ਸਿੱਖਸ ਆਫ ਅਮਰੀਕਾ ਗਵਾਹ ਹੈ । ਜਿੰਨਾਂ ਵੱਲੋਂ ਚੁੱਕੇ ਮਸਲੇ ਭਾਵੇਂ ਰਾਜਸੀ ਸ਼ਰਨ ਵਾਲ਼ਿਆਂ ਨੂੰ ਪਾਸਪੋਰਟ , ਵੀਜਾ ਦੇਣ ਦਾ ਹੋਵੇ,ਓਪਨ ਹਾਊਸ ਰਾਹੀ ਮੁਸ਼ਕਲਾਂ ਸੁਣਨਾ, ਕਾਲੀ ਸੂਚੀ ਖਤਮ ਕਰਨ ਦਾ ਹੋਵੇ, ਸਜ਼ਾ ਪੂਰੀ ਕਰ ਚੁੱਕੇ ਸਿੱਖਾਂ ਦਾ ਹੋਵੇ, ਗੁਜਰਾਤ ਦੇ ਕਿਸਾਨਾਂ ਦਾ ਹੋਵੇ ਜਾ ਕਰਤਾਰਪੁਰ ਕੋਰੀਡੋਰ ਦਾ ਹੋਵੇ ਸਾਰੇ ਨੇਪਰੇ ਚਾੜੇ ਹਨ। ਪ੍ਰਧਾਨ ਮੰਤਰੀ ਕਹਿਣੀ ਤੇ ਕਥਨੀ ਤੇ ਪੂਰੇ ਸਹਾਰੇ ਹਨ। ਡਾਕਟਰ ਰਾਜਵੰਤ ਸਿੰਘ ਨੇ ਪ੍ਰਵਾਸੀ ਵਿਦਿਆਰਥੀਆ ਦੀ ਸਿੱਖਿਆ ਤੇ ਵੀਜ਼ੇ ਦੇ ਮਸਲੇ ਨੂ ਸੰਜੀਦਗੀ ਨਾਲ ਉਠਾਇਆ।

ਸੁੱਖੀ ਚਹਿਲ ਵੱਲੋਂ ਭਾਰਤੀ ਅੰਬੈਸੀ ਦੀ ਕਾਰਗੁਜ਼ਾਰੀ ਨੂ ਬੇਹਤਰ ਕਰਨ ਦੀ ਸ਼ਲਾਘਾ ਕੀਤੀ। ਕਾਨਫਰੰਸ ਕਾਲ ਕਾਰਵਾਈ ਨੂੰ ਸ਼ਲਾਘਾਯੋਗ ਕਦਮ ਦਸਿਆ।

ਧਹਅਨ ਧਹਅਨ ੰਰਿ ਘੁਰੁ ਨਾਨਕ ਦੀ ਸ਼ਤਾਬਦੀ ਨੂ ਮਨਾਉਣ ਦਾ ਫੈਸਲਾ ਸਿੱਖਾਂ ਲਈ ਗੋਰਵਮਈ ਹੈ। ਸ: ਗੁਰਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਭਾਰਤ –ਅਮਰੀਕਾ ਦੇ ਮਜ਼ਬੂਤ ਸੰਬੰਧ ਤੇ ਨਿਵੇਸ਼ ਕਰਨ ਦੀ ਪ੍ਰਕ੍ਰਿਆ ਨੂੰ ਕਾਫ਼ੀ ਬਲ ਮਿਲਿਆਂ ਹੈ। ਪਰਨੀਤ ਸਿੰਘ ਅਹੂਲਵਾਲੀਆ ਨੇ ਕਿਹਾ ਕਿ ਕਰੋਨਾ ਮਹਾਮਾਰੀ ਦੁਰਾਨ ਸਪੈਸ਼ਲ ਫਲਇਟਾ ਰਾਹੀ ਯਾਤਰੀਆਂ, ਲੋੜਵੰਦਾਂ ਤੇ ਜੋਖਮ ਵਾਲ਼ਿਆਂ ਨੂੰ ਭੇਜਣ ਵਾਲਾ ਕਦਮ ਕਾਬਲੇ ਤਾਰੀਫ਼ ਹੈ। ਪੂਰੀ ਅੰਬੈਸੀ ਦੇ ਕਰਮਚਾਰੀ ਅਲਵਿਦਾ ਸਮੇ ਹਾਜ਼ਰ ਹੋ ਕੇ ਹਰੇਕ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੋ ਕੇ ਘਰੇਲੂ ਮਾਹੋਲ ਦਿੰਦੇ ਰਹੇ । ਅਸੀਂ ਇੰਨਾਂ ਦੇ ਰਿਣੀ ਹਾਂ।ਸ:ਤਰਨਜੀਤ ਸਿੰਘ ਸੰਧੂ ਅੰਬੈਸਡਰ ਵੱਲੋਂ ਸਾਰਿਆ ਨੂੰ ਜੀ –ਆਇਆ ਤੇ ਧੰਨਵਾਦ ਵੀ ਕੀਤਾ। ਭਾਰਤ ਤੇ ਅਮਰੀਕਾ ਦੇ ਸੰਬੰਧਾਂ ਦੀ ਮਜ਼ਬੂਤੀ ਦਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਿੱਤਾ । ਉਹਨਾ ਕਿਹਾ ਕਿ ਦੋਵਾ ਮੁਲਕਾਂ ਦੇ ਨਿਵੇਸ਼ ਦੀ ਦਰ ਦੁਗਣੀ ਹੋ ਗਈ ਹੈ। ਉਹਨਾਂ ਕਿਹਾ ਕਿ ਨਿਵੇਸ਼ ਲਾੜੀ ਭਾਰਤ ਦੇ ਦਰਵਾਜ਼ੇ ਖੁਲੇ ਹਨ। ਸਾਨੂੰ ਭਾਰਤ ਨੂੰ ਹਰ ਸਹਿਯੋਗ ਦੇਣ ਲਈ ਵਚਨਬੱਧ ਹੋਣਾ ਚਾਹੀਦਾ ਹੈ। ਭਾਰਤੀ ਅੰਬੈਸੀ ਤੁਹਾਡੀ ਹਰ ਮੁਸ਼ਕਲ ਨੂੰ ਸੁਲਝਾਉਣ ਲਈ ਸਹਿਯੋਗ ਕਰੇਗੀ।ਕੁਝ ਸੁਝਾਅ ਜੋ ਭਾਰਤੀ ਅੰਬੈਸੀ ਲਈ ਜ਼ਰੂਰੀ ਕਾਨਫਰੰਸ ਸਿਸਟਮ ਵਿੱਚ ਕਾਫ਼ੀ ਹਿਲ–ਜੁਲ ਸੀ ਅਵਾਜ਼ ਸਾਫ ਨਹੀਂ ਸੀ। ਆਈ ਟੀ ਮਾਹਿਰ ਦੀਆ ਸੇਵਾਵਾਂ ਲੈਣੀਆਂ ਚਾਹੀਦੀਆਂ ਸਨ। 2.ਬਚਿਆਂ ਦੀਆ ਅਵਾਜ਼ਾਂ ਸੁਣਾਈ ਦਿੰਦੀਆਂ ਸਨ। ਬਾਕੀਆਂ ਨੂੰ ਮੀਊਟ ਕਰਕੇ ਇਕਲਾ ਬੁਲਾਰੇ ਨੂੰ ਸੁਣਨ ਦੀ ਵਿਵਸਥਾ ਕਰਨੀ ਲਾਜ਼ਮੀ ਸੀ। 3.ਬੁਲਾਰਿਆਂ ਨੂੰ ਮੁੱਦੇ ਤੋ ਪਾਸੇ ਨਹੀਂ ਜਾਣਾ ਚਾਹੀਦਾ ਹੈ। ਭਾਰਤੀ ਅੰਬੈਸਡਰ ਨੂੰ ਹਰ ਕੋਈ ਜਾਣਦਾ ਹੁੰਦਾ ਹੈ। ਵੈਬ ਤੇ ਸਭ ਕੁਝ ਹੈ। ਅਜਿਹੀਆਂ ਕਾਨਫਰੰਸ ਵਿੱਚ ਚਾਪਲੂਸੀ ਤੋ ਗੁਰੇਜ਼ ਕਰਨਾ ਚਾਹੀਦਾ ਹੈ। 4. ਬੁਲਾਰਿਆਂ ਨੂੰ ਪਹਿਲਾ ਸੂਚਿਤ ਕਰਨਾ ਚਾਹੀਦਾ ਸੀ। ਸਮੇ ਦੀ ਪਾਬੰਦੀ ਕਰਨੀ ਚਾਹੀਦੀ ਸੀ। 5.ਬੁਲ–ਾਰਿਆ ਦੀ ਚੋਣ ਮੈਰਿਟ ਤੇ ਉਹਨਾਂ ਵੱਲੋਂ ਨਿਭਾਏ ਕੁਮਿਨਟੀ ਪ੍ਰਤੀ ਰੋਲ ਦਾ ਖਿਆਲ ਰੱਖਣਾ ਚਾਹੀਦਾ ਹੈ। ਪਿਕ/ਚਿਊਜ ਪਾਲਿਸੀ ਜਾਂ ਅੰਬੈਸੀ ਅਫਸਰ ਦਾ ਚਹੇਤਾ ਪਰ ਪੱਲੇ ਕੁਝ ਨਹੀਂ ਨੂ ਨਕਾਰਨਾਂ ਬਣਦਾ ਹੈ। 6. ਪੜੇ ਲਿਖੇ ਤੇ ਰੁਤਬੇ ਵਾਲੇ ਵਿਅਕਤੀਆਂ ਨੂੰ ਸਮਾ ਨਹੀਂ ਦਿੱਤਾ । 7. ਕਾਨਫਰੰਸ ਘੰਟੇ ਤੋ ਵੱਧ ਨਹੀਂ ਹੋਣੀ ਚਾਹੀਦੀ। 8. ਸਥਾਨਕ ਪੰਜਾਬੀ ਤੇ ਅੰਗਰੇਜ਼ੀ ਪ੍ਰਿੰਟ ਮੀਡੀਆ ਦਿਗਜ ਨੂੰ ਦੂਰ ਰਖਿਆ ਗਿਆ ਜਿਨਾ ਨੇ ਕਾਨਫਰੰਸ ਦੇ ਮੁੱਦਿਆ ਨੂੰ ਲੋਕ ਹਿਤ ਕਰਨਾ ਸੀ। 9. ਸਿਸਟਮ ਅਪਰੇਸ਼ਨ ਕਾਰਗੁਜ਼ਾਰੀ ਸੁਧਾਰੀ ਦੀ ਲੋੜ ਹੈ। 10. ਦੂਜੀ ਕਾਨਫਰੰਸ ਵਿੱਚ ਨਵੇ ਬੁਲਾਰਿਆਂ ਨੂੰ ਸਮਾ ਦੇਣਾ ਤੇ ਪਹਿਲੀ ਕਾਨਫਰੰਸ ਦਾ ਫ਼ੀਡ ਬੈਂਕ ਲੈਣਾ ਜ਼ਰੂਰੀ ਹੈ। ਕਾਨਫ੍ਰੰਸ ਵਿੱਚ ਜੁੜੀਆਂ ਸ਼ਖ਼ਸੀਅਤਾਂ ਦੀ ਜਾਣ–ਪਹਿਚਾਨ ਜ਼ਰੂਰੀ ਤੇ ਯਕੀਨੀ ਬਣਾਈ ਜਾਵੇ।ਸਮੁੱਚੀ ਕਾਨਫਰੰਸ ਕਰਨ ਦਾ ਉਪਰਾਲਾ ਸ਼ਲਾਘਾ ਯੋਗ ਰਿਹਾ ਹੈ। ਕਰੋਨਾ ਵਾਇਰਸ ਕਰਕੇ ਅਜਿਹੀਆਂ ਕਾਨਫ੍ਰੰਸਾਂ ਕਰਨੀਆਂ ਜ਼ਰੂਰੀ ਹਨ। ਜਿਸ ਲਈ ਹਰ ਮਹੀਨੇ ਦੀ ਕੋਈ ਤਾਰੀਖ਼ ਪੱਕੇ ਤੋਰ ਤੇ ਨਿਸਚਿਤ ਕਰਕੇ ਇਹਨਾਂ ਨੂੰ ਜਾਰੀ ਰਖਿਆ ਜਾਵੇ।ਅਨੁਰਾਗ ਕੁਮਾਰ ਕੁਮਿਨਟੀ ਮਨਿਸਟਰ ਤੇ ਉਹਨਾ ਦੀ ਸਮੁੱਚੀ ਟੀਮ ਦੇ ਧੰਨਵਾਦੀ ਹਾਂ। ਜਿੰਨਾਂ ਨੇ ਇਸ ਕਾਨਫਰੰਸ ਦਾ ਆਯੋਜਿਨ ਕੀਤਾ ਹੈ।

# ਮਾਹਿਲਪੁਰ ਦੀ ਲੜਕੀ ਨੀਤੀ ਪਾਲ ਲੰਡਨ ਵਿਚ ਡਾਇਰੈਕਟਰ ਬਣੀ

**ਮਾਹਿਲਪੁਰ–** ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਰਿਟਾਇਰਡ ਈ ਟੀ ਓ ਸ਼੍ਰੀ ਪੀ ਸੀ ਪਾਲ ਦੀ ਪੁੱਤਰੀ ਨੀਤੀ ਪਾਲ ਨੇ ਇੰਗਲੈਂਡ ਦੀ ਰਾਜਧਾਨੀ ਲੰਡਨ ਵਿਚ ਡਾਇਰੈਕਟਰ ਦਾ ਅਹੁਦਾ ਹਾਸਿਲ ਕਰਕੇ ਭਾਰਤੀ ਪੰਜਾਬੀਆਂ ਦਾ ਮਾਣ ਵਧਾਇਆ ਹੈ। ਉਸਨੇ ਇਹ ਅਹੁਦਾ ਲੰਡਨ ਤੋਂ ਐਮ ਬੀ ਏ ਕਰਨ ਉਪਰੰਤ ਬੜੀ ਕਠਿਨ ਮਿਹਨਤ ਤੋਂ ਬਾਅਦ ਪ੍ਰਾਪਤ ਕੀਤਾ ਹੈ।ਇਸ ਤੋਂ ਪਹਿਲਾਂ ਉਹ ਬੀ ਬੀ ਸੀ ਵਿਚ ਉੱਚ ਅਹੁਦੇ ਤੇ ਕੰਮ ਕਰ ਚੁਕੀ ਹੈ।ਹੁਣ ਉਸ ਨੇ 'ਮਾਸਟਰਕਾਰਡ ਇੰਨ ਇਨੋਵੇਸ਼ਨ ਰੀਸਰਚ' ਦੇ ਡਾਇਰੈਕਟਰ ਦਾ ਅਹੁਦਾ ਸੰਭਾਲਿਆ ਹੈ।ਇਹ ਜਾਣਕਾਰੀ ਅਜ ਉਸਦੀ ਮਾਤਾ ਮੁਹਿੰਦਰ ਕੌਰ ਅਤੇ ਪਿਤਾ ਵਲੋਂ ਪੱਤਰਕਾਰਾਂ ਨੂੰ ਦਿੱਤੀ ਗਈ।ਉਹਨਾਂ ਦੱਸਿਆ ਕਿ ਉਹਨਾਂ ਦੀ ਬੇਟੀ ਬਚਪਨ ਤੋਂ ਹੀ ਮੁੰਡਿਆਂ ਵਾਂਗ ਬੁਲੰਦ ਹੌਸਲੇ ਵਾਲੀ ਅਤੇ ਸਿਰੜ ਨਾਲ ਮਿਹਨਤ ਕਰਦੀ ਰਹੀ ਹੈ।ਉਸਨੇ ਦੋਆਬਾ ਪਬਲਿਕ ਸਕੂਲ ਦੀ ਸ਼ਾਨਦਾਰ ਪੜ੍ਹਾਈ ਤੋਂ ਬਾਅਦ ਸਾਰੀਆਂ ਡਿਗਰੀਆਂ ਪਹਿਲੇ ਦਰਜੇ ਵਿਚ ਵਿਲੱਖਣਤਾ ਨਾਲ ਪ੍ਰਾਪਤ ਕੀਤੀਆਂ।ਇਸ ਮੌਕੇ ਉਸਨੂੰ ਵਧਾਈ



ਦਿੰਦਿਆਂ ਸੁਰ ਸੰਗਮ ਵਿੱਦਿਅਕ ਟਰੱਸਟ ਮਾਹਿਲਪੁਰ ਦੇ ਪ੍ਰਧਾਨ ਅਤੇ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਕਿਹਾ ਕਿ ਕੰਢੀ ਇਲਾਕੇ ਦੇ ਪਿਛੜੇ ਪਿੰਡ ਮੈਲੀ ਵਿਚ ਜਨਮ ਲੈ ਕਿ ਲੰਡਨ ਵਿਚ ਇਹ ਪ੍ਰਾਪਤੀ ਕਰਨੀ ਸਮੁੱਚੇ ਭਾਰਤੀਆਂ ਅਤੇ ਖਾਸ ਕਰ ਪੰਜਾਬੀਆਂ ਲਈ ਬੜੇ ਫਖ਼ਰ ਵਾਲੀ ਗੱਲ ਹੈ।ਸਾਡੀਆਂ ਧੀਆਂ ਸਾਡਾ ਮਾਣ ਵਧਾ ਰਹੀਆਂ ਹਨ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਨੀਤੀ ਦਾ ਭਰਾ ਨੀਰਜ ਪਾਲ ਵੀ ਆਸਟ੍ਰੇਲੀਆ ਵਿਚ ਕਲਾਸ ਵੰਨ ਅਹੁਦੇ ਤੇ ਕਾਰਜ ਕਰ ਰਿਹਾ ਹੈ।ਨੀਤੀ ਪਾਲ ਅਤੇ ਉਸਦੇ ਪਰਿਵਾਰ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦੇਣ ਵਾਲਿਆਂ ਵਿਚ ਚੱਬੇਵਾਲ ਦੇ ਵਿਧਾਇਕ ਡਾ.ਰਾਜ ਕੁਮਾਰ, ਗੜ੍ਹਸ਼ੰਕਰ ਦੇ ਐਮ ਐਲ ਏ ਜੈ ਕ੍ਰਿਸ਼ਨ ਸਿੰਘ ਰੌੜੀ, ਦੋਆਬਾ ਪਬਲਿਕ ਸਕੂਲ ਦੇ ਐਮ ਡੀ ਹਰਜਿੰਦਰ ਸਿੰਘ ਗਿੱਲ, ਡਾ ਪਰਵਿੰਦਰ ਸਿੰਘ, ਚਿੰਤਕ ਵਿਜੈ ਬੰਬੇਲੀ, ਪ੍ਰਿੰ.ਹਰਵਿੰਦਰ ਕੌਰ, ਪ੍ਰਿੰ. ਸਤਿੰਦਰ ਕੌਰ ਢਿੱਲੋਂ, ਪ੍ਰਿੰ. ਧਰਮਿੰਦਰ ਸ਼ਰਮਾ, ਪ੍ਰਿੰ.ਮਨਜੀਤ ਕੌਰ ਅਤੇ ਬੱਗਾ ਸਿੰਘ ਆਰਟਿਸਟ ਆਦਿ ਵਿੱਦਿਅਕ, ਸਾਹਿਤਕ, ਸਭਿਆਚਾਰਕ, ਸਮਾਜਿਕ ਅਤੇ ਰਾਜਸੀ ਸ਼ਖਸ਼ੀਅਤਾਂ ਸ਼ਾਮਿਲ ਹਨ।

# ਕੈਲੀਫੋਰਨੀਆ ਵਿਚ ਅੱਗ ਲੱਗਣ ਨਾਲ 250 ਸਾਲ ਪੁਰਾਣਾ ਚਰਚ ਤਬਾਹ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਨ ਗੈਬਰੀਏਲ ਵਿਚ ਤੜਕਸਾਰ ਲੱਗੀ ਅੱਗ ਨਾਲ ਇਕ 250 ਸਾਲ ਪੁਰਾਣਾ ਚਰਚ ਬੁਰੀ ਤਰਾਂ ਸੜ ਗਿਆ। ਇਸ ਚਰਚ ਦੀ 250 ਵੀਂ ਵਰੇ ਗੰਢ ਮਨਾਉਣ ਲਈ ਇਸ ਦਾ ਨਵੀਨੀਕਰਨ ਕੀਤਾ ਜਾ ਰਿਹਾ ਸੀ। ਚਰਚ ਦੀ ਛੱਤ ਤੇ ਜਿਆਦਾਤਰ ਅੰਦਰਲਾ ਹਿੱਸਾ ਸੜ ਕੇ ਸਵਾਹ ਹੋ ਗਿਆ। ਅੱਗ ਬੁਝਾਊ ਵਿਭਾਗ ਨੂੰ ਸਵੇਰੇ 4 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ ਸੀ। ਸਨ ਗੈਬਰੀਏਲ ਫਾਇਰ ਕੈਪਟਨ ਪਾਲ ਨੈਗਰੇਟ ਨੇ ਦਸਿਆ ਕਿ ਅੱਗ ਬੁਝਾਊ ਅਮਲੇ ਨੇ ਚਰਚ ਵਿਚ ਦਾਖਲ ਹੋ ਕੇ ਅੱਗ ਉਪਰ ਕਾਬੂ ਪਾਉਣ ਦੀ ਕੋਸ਼ਿਸ ਕੀਤੀ ਪਰ ਜਦੋਂ ਛੱਤ ਤੇ ਹੋਰ ਢਾਂਚਾ ਹੇਠਾਂ ਡਿੱਗਣਾ ਸ਼ੁਰੂ ਹੋ ਗਿਆ ਤਾਂ ਉਨਾਂ ਨੂੰ ਬਾਹਰ ਆਉਣਾ ਪਿਆ। ਉਨਾਂ ਦਸਿਆ ਕਿ 50 ਅੱਗ ਬੁਝਾਊ ਕਰਮਚਾਰੀਆਂ ਨੇ 50 ਫੁੱਟ ਉੱਚੇ ਢਾਂਚੇ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਨਿਊਜ਼ੀਲੈਂਡ ’ਚ ਆਇਆ ਇਕ ਨਵਾਂ ਕੇਸ ਪਾਕਿਸਤਾਨ ਤੋਂ ਪਰਤੀ ਮਹਿਲਾ 12ਵੇਂ ਦਿਨ ਆਈ ਪਾਜ਼ੇਟਿਵ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਵਿੱਚ ਕਰੋਨਾ ਵਾਇਰਸ ਦਾ ਇਕ ਹੋਰ ਨਵਾਂ ਕੇਸ ਸ਼ਾਮਿਲ ਹੋ ਗਿਆ ਹੈ। ਇਹ ਨਵਾਂ ਕੇਸ 60 ਸਾਲਾਂ ਦੀ ਇੱਕ ਮਹਿਲਾ ਦਾ ਹੈ ਜੋ 30 ਜੂਨ ਨੂੰ ਪਾਕਿਸਤਾਨ ਤੋਂ ਨਿਊਜ਼ੀਲੈਂਡ ਪਹੁੰਚੀ ਸੀ। ਉਹ ਕ੍ਰਾਈਸਟਚਰਚ ਦੇ ਨੋਵੋਟੈੱਲ ਵਿਖੇ ਮੈਨੇਜਡ ਆਈਸੋਲੇਸ਼ਨ ਵਿਚ ਰਹਿ ਰਹੀ ਹੈ ਅਤੇ ਉਸ ਦਾ 12ਵੇਂ ਦਿਨ ਦਾ ਟੈਸਟ ਪਾਜ਼ਟਿਵ ਆਇਆ ਹੈ।

ਸਿਹਤ ਮੰਤਰੀ ਕ੍ਰਿਸ ਹਿਪਕਿਨਸ ਨੇ ਆਕਲੈਂਡ ਦੇ ਜੈੱਟ ਪਾਰਕ ਹੋਟਲ ਤੋਂ ਅੱਜ ਦੀ ਅੱਪਡੇਟ ਦਿੰਦੇ ਹੋਏ ਕਿਹਾ ਕਿ ਮਹਿਲਾ ਆਪਣੇ ਪਹਿਲੇ ਤਿੰਨ ਦਿਨਾਂ ਦੇ ਟੈਸਟ ਵਿੱਚ ਨੈਗੇਟਿਵ ਆਈ ਸੀ। ਉਸ ਮਹਿਲਾ ਨੇ ਦੋਹਾ ਅਤੇ ਸਿਡਨੀ ਦੇ ਰਸਤੇ ਪਾਕਿਸਤਾਨ ਤੋਂ ਨਿਊਜ਼ੀਲੈਂਡ ਦੀ ਯਾਤਰਾ ਕੀਤੀ ਹੈ।

ਸਿਹਤ ਮੰਤਰੀ ਹਿਪਕਿਨਸ ਨੇ ਕਿਹਾ ਅੱਜ ਦਾ ਕੇਸ ਇਸ ਗੱਲ ’ਤੇ ਜ਼ੋਰ ਦਿੰਦਾ ਹੈ ਕਿ ਲੋਕਾਂ ਨੂੰ ਮੈਨੇਜਡ ਆਈਸੋਲੇਸ਼ਨ ਕਰਨ ਸਮੇਂ ਦੋ ਵਾਰ ਕਿਉਂ




ਟੈਸਟ ਕੀਤੇ ਜਾਂਦੇ ਹਨ। ਉਨ੍ਹਾਂ ਨੇ ਜੀ.ਪੀਜ਼ (7ਫਸ) ਨੂੰ ਟੈਸਟਿੰਗ ਰੇਟ ਵਧਾਉਣ ਲਈ ਹੋਰ ਸੇਧ ਦਿੱਤੀ। ਉਨ੍ਹਾਂ ਕਿਹਾ ਕਿ ਹਫ਼ਤੇ ਦੇ ਅਖੀਰ ਵਿੱਚ ਅਤੇ ਸਕੂਲ ਦੀਆਂ ਛੁੱਟੀਆਂ ਦੌਰਾਨ ਪਰਖ ਦੀ ਜਾਂਚ ਘੱਟ ਗਈ ਸੀ। ਉਹ ਟੈਸਟਾਂ ਦੀ ਗਿਣਤੀ ਨੂੰ ਵਧਦਾ ਵੇਖਣਾ ਚਾਹੁੰਦੇ ਹਨ। ਸੋਮਵਾਰ ਨੂੰ 1620 ਟੈਸਟ ਕੀਤੇ ਗਏ, ਜਿਸ ਨਾਲ ਦੇਸ਼ ਵਿੱਚ ਕੁੱਲ ਪੂਰੇ ਕੀਤੇ ਗਏ ਟੈਸਟਾਂ ਦੀ ਗਿਣਤੀ 431,263 ਹੋ ਗਈ ਹੈ।

ਨਿਊਜ਼ੀਲੈਂਡ ਵਿੱਚ ਕੋਵਿਡ -19 ਦੇ ਕੁੱਲ ਮਿਲਾ ਕੇ 1545 ਕੰਨਫ਼ਰਮ ਅਤੇ ਪ੍ਰੋਵੈਬਲੀ ਕੇਸ ਹਨ। ਜਿਨ੍ਹਾਂ ਵਿੱਚੋਂ 1,195 ਕੰਨਫ਼ਰਮ ਤੇ 350 ਸੰਭਾਵਿਤ ਕੇਸ ਹਨ। ਕੋਰੋਨਾਵਾਇਰਸ ਤੋਂ ਹੁਣ ਤੱਕ 1498 ਰਿਕਵਰ ਹੋਏ ਹਨ। ਕੋਵਿਡ -19 ਤੋਂ 1 ਕੇਸ ਰਿਕਵਰ ਹੋਇਆ ਹੈ, ਜਿਸ ਨਾਲ ਦੇਸ਼ ਵਿੱਚ ਨਵੇਂ ਐਕਟਿਵ ਕੇਸਾਂ ਦੀ ਕੁੱਲ ਗਿਣਤੀ 25 ਹੀ ਹੈ ਅਤੇ ਸਾਰੇ ਹੀ ਮੈਨੇਜਡ ਆਈਸੋਲੇਸ਼ਨ ਵਿੱਚ ਹਨ। ਨਿਊਜ਼ੀਲੈਂਡ ਵਿੱਚ ਕੋਈ ਵੀ ਵਿਅਕਤੀ ਕੋਵਿਡ -19 ਨਾਲ ਹਸਪਤਾਲ ਵਿੱਚ ਦਾਖ਼ਲ ਨਹੀਂ ਹੈ। ਮੌਤਾਂ ਦੀ ਗਿਣਤੀ 22 ਹੀ ਹੈ।

# ਨਿਊਯਾਰਕ ਤੋਂ ਬਾਅਦ ਅਮਰੀਕਾ ਦਾ ਫਲੋਰਿਡਾ ਬਣਿਆ ਕੋਰੋਨਾ ਦਾ ਗੜ੍ਹ

(ਸਫਾ 1 ਦੀ ਬਾਕੀ)

13 ਜੁਲਾਈ ਤਕ ਕੁੱਲ ਇਕ ਕਰੋੜ 20 ਲੱਖ 92 ਹਜ਼ਾਰ 503 ਨਮੂਨਿਆਂ ਦੀ ਜਾਂਚ ਕੀਤੀ ਗਈ ਹੈ। ਸੋਮਵਾਰ ਨੂੰ ਇਕ ਦਿਨ ’ਚ ਹੀ 2,86,247 ਸੈਂਪਲਾਂ ਦੇ ਟੈਸਟ ਲਏ ਗਏ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਮੰਗਲਵਾਰ ਸਵੇਰੇ ਅੱਠ ਵਜੇ ਜਾਰੀ ਅੰਕੜਿਆਂ ਮੁਤਾਬਕ ਪਿਛਲੇ 24 ਘੰਟਿਆਂ ਦੌਰਾਨ ਕੁਲ 28,498 ਨਵੇਂ ਮਾਮਲੇ ਸਾਹਮਣੇ ਆਏ ਤੇ ਇਨਫੈਕਟਿਡਾਂ ਦਾ ਅੰਕੜਾ 9,06,752 ’ਤੇ ਪੁੱਜ ਗਿਆ ਹੈ। ਇਸ ਦੌਰਾਨ 553 ਲੋਕਾਂ ਦੀ ਜਾਨ ਵੀ ਗਈ ਹੈ ਤੇ ਇਸ ਮਹਾਮਾਰੀ ਨਾਲ ਮਰਨ ਵਾਲਿਆਂ ਦੀ ਗਿਣਤੀ 23,727 ਹੋ ਗਈ ਹੈ। ਹੁਣ ਤਕ 5,71,459 ਮਰੀਜ਼ ਪੂਰੀ ਤਰ੍ਹਾਂ ਠੀਕ ਹੋ ਚੁੱਕੇ ਹਨ ਤੇ ਸਰਗਰਮ ਮਾਮਲੇ ਸਿਰਫ 3,11,565 ਹੀ ਰਹਿ ਗਏ ਹਨ। ਇਸ ਤਰ੍ਹਾਂ ਮਰੀਜ਼ਾਂ ਦੇ ਸਿਹਤਮੰਦ ਹੋਣ ਦੀ ਦਰ ਵੱਧ ਕੇ 63.02 ਫ਼ੀਸਦੀ ਹੋ ਗਈ ਹੈ।

ਸੂਬਿਆਂ ਤੇ ਕੇਂਦਰ ਸ਼ਾਸਿਤ ਸੂਬਿਆਂ ਤੋਂ ਪੀਟੀਆਈ ਤੇ ਹੋਰ ਸਰੋਤਾਂ ਤੋਂ ਰਾਤ 11 ਵਜੇ ਮਿਲੇ ਅੰਕੜਿਆਂ ਮੁਤਾਬਕ ਸੋਮਵਾਰ ਦੇਰ ਰਾਤ ਤੋਂ ਹੁਣ ਤਕ 29,930 ਨਵੇਂ ਮਾਮਲੇ ਮਿਲੇ ਹਨ ਤੇ ਕੁਲ ਇਨਫੈਕਟਿਡਾਂ ਦੀ ਗਿਣਤੀ ਵੱਧ ਕੇ 9,31,101 ਹੋ ਗਈ ਹੈ। 5,89,015 ਮਰੀਜ਼ ਹੁਣ ਤਕ ਸਿਹਤਮੰਦ ਹੋ ਚੁੱਕੇ ਹਨ।

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price



Free Estimates
Free Towing
510- 733- 2222
1421 Industrial PKWY West#F Hayward, CA 94544



Prop: Jasbir Singh Takhar
510-755-2132
Harmandeep Singh

L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables




New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।









Baksho Kaur Bisla Hardev Singh Bisla
ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ
530-671-0439, Fax 530-822-0439 Cell- 530-844-3250

ਦੇਸ਼ ਦੁਆਬਾ

# FLORAL TRIBUTE TO HONORABLE MR. DEWAN CHAND AHIR SAHIB

**(February 28, 1928-July 12, 2012)**

Prem K. Chumber
Editor-In-Chief: Ambedkar Times & Desh Doaba

Honorable Mr. Dewan Chand Ahir (lovingly called D.C. Ahir) dedicated his entire life for the spread of the mission of Bharat Ratan Babasaheb Dr. Bhimrao Ramji Ambedkar for the betterment of the community. He was one the few scholars whose views on Buddhism and the teachings of Babasaheb are valued deeply among the intellectual circles across the world. He wrote many books on the history of Buddhism in South Asia



and the philosophy of Dr. B.R. Ambedkar. He also wrote on the rise of Ad Dharm and Ambedkarite movement in Punjab (Dr. Ambedkar and Punjab, Delhi: B.R. Publications 1991). His seminal work on The Pioneers of Buddhist Revival in India published by Sri Satguru Publications, 1989 is one of the many widely read of his books. He also used to write poetry for Ujala paper edited by Sh. K.C. Sulekh, a well-known name in Ambedkarite circles. We fondly remember him and pay floral tribute to him on this day of leaving his mortal frame. We take pride in reproducing herewith one chapter from his seminal writings for the benefit of our esteemed readers!

Read always www.ambedkartimes.com

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-141

## ਚਰਪਟ ਤੇ ਚਰਪਟ ਨਾਥ



ਅਵਤਾਰ ਸਿੰਘ ਮਿਸ਼ਨਰੀ
510-432-5827

ਚਰਪਟ-ਸੰਸਕ੍ਰਿਤ ਚੂਪਟ ਮਤਲਵ ਚੁਪੇੜ, ਥੱਪੜ, ਧੱਫਾ ਤੇ ਉਚੱਕਾ। ਉਚੱਕਾ-ਕਿਸੇ ਦੀ ਵਸਤ ਉਠਾ ਕੇ ਚੰਪਤ (ਭੱਜ) ਜਾਣਾ (ਮਹਾਨਕੋਸ਼)

ਪ੍ਰਕਰਣ ਅਨੁਸਾਰ ਚਰਪਟ ਨਾਥ-ਇਕ ਮੁਖੀ ਨਾਥ ਜੋਗੀ ਜਿਸ ਨੂੰ ਚਰਪਟੀਨਾਥ ਵੀ ਆਖਿਆ ਜਾਂਦਾ ਤੇ ਗੋਪੀਚੰਦ ਇਸ ਨੂੰ ਆਪਣਾ ਗੁਰਭਾਈ ਦਸਦਾ ਹੈ। ਪੰਡਿਤ ਰਾਹੁਲ ਸਾਂਕ੍ਰਿਤਯਾਨ ਨੇ ਇਸ ਨੂੰ ਸਿੱਧਾਂ ਦੀ ਸੂਚੀ 'ਚ ਗਿਣਿਆ ਹੈ। ਇਹ ਚਰਪਟ ਨਾਥ ਓਦੋਂ ਪੈਦਾ ਹੋਇਆ ਜਦ ਸਿੱਧਾਂ ਦਾ ਪ੍ਰਭਾਵ ਖਤਮ ਹੋ ਰਿਹਾ ਤੇ ਇਨ੍ਹਾਂ ਵਿੱਚੋਂ ਹੀ ਸਾਤਵਿਕ ਭਾਵਨਾਵਾਂ ਵਾਲੇ ਨਾਥ-ਮਤ ਦਾ ਵਿਕਾਸ ਹੋ ਰਿਹਾ ਸੀ। ੧੧ਵੀਂ ਸਦੀ ਦੇ ਨੇੜੇ-ਤੇੜੇ ਪੈਦਾ ਹੋਏ ਚਰਪਟ ਨੂੰ ਗੋਰਖ ਨਾਥ ਦਾ ਚੇਲਾ ਵੀ ਆਖਿਆ ਜਾਂਦਾ ਹੈ। ਕੁਝ ਨੇ ਚਰਪਟ ਨੂੰ ਜਲੰਧਰ ਨਾਥ ਦਾ ਚੇਲਾ ਮੰਨਿਆਂ ਤੇ ਕੁਝ ਲੇਖਕ ਇਸ ਨੂੰ ਮਛੰਦ੍ਰਨਾਥ ਦਾ ਸ਼ਿਸ਼ ਤੇ ਗੋਰਖਨਾਥ ਦਾ ਗੁਰਭਾਈ ਵੀ ਆਖਦੇ ਹਨ। ਇਸ ਤੋਂ ਪਤਾ ਚਲਦਾ ਹੈ ਕਿ ਚਰਪਟ ਨਾਥ ਬਾਰੇ ਤੱਥ ਸ਼ਪੱਸ਼ਟ ਨਹੀਂ ਫਿਰ ਵੀ ੧੧ਵੀਂ ਸਦੀ ਦੇ ਲਾਗੇ-ਛਾਗੇ ਦਾ ਇਹ ਪ੍ਰਸਿੱਧ ਯੋਗੀ ਸੀ।

ਇਸ ਦੇ ਜੀਵਨ ਨਾਲ ਸਬੰਧਤ ਕੁਝ ਰਚਨਾਵਾਂ ਵੀ ਮਿਲਦੀਆਂ ਹਨ। ਚਰਪਟ ਭੇਖ ਦਾ ਜੋਗੀ ਨਹੀਂ ਸੀ। ਉਹ ਵਿਖਾਵੇ ਦਾ ਵਿਰੋਧ ਕਰਦਾ ਸੀ। ਉਹ ਅੰਦਰ ਦਾ ਜੋਗੀ ਸੀ। ਇੱਕ 'ਪਦੇ' ਵਿੱਚ ਉਹ ਭੇਖ ਦਾ ਵਿਰੋਧ ਇਉਂ ਕਰਦਾ ਹੈ-ਭੇਖ ਕਾ ਜੋਗੀ ਨਾ ਮੈਂ ਕਹਾਉਂ। ਆਤਮ ਜੋਗੀ ਚਰਪਟ ਨਾਉਂ। ਉਸ ਨੇ ਨਾਥ ਜੋਗੀਆਂ ਵਿੱਚ ਆ ਰਹੀਆਂ ਕੁਰੀਤੀਆਂ ਤੇ ਬੁਰਾਈਆਂ ਦਾ ਡੱਟ ਕੇ ਖੰਡਨ ਕੀਤਾ। ਉਹ ਵੱਖ-ਵੱਖ ਸੰਪ੍ਰਦਾਵਾਂ ਨੂੰ ਨਹੀਂ ਮੰਨਦਾ, ਉਹ ਆਖਦੈ-ਇਕ ਲਾਲ ਪਟਾ, ਇੱਕ ਸੇਤ ਪਟਾ। ਇਕ ਤਿਲਕ ਜਨੇਊ, ਲੰਮਕ ਜਟਾ। ਚਰਪਟ "ਹੱਠ-ਜੋਗ" ਦਾ ਵੀ ਖੰਡਨ ਕਰਦਾ ਉਹ ਅੰਦਰੋਂ ਬਾਹਰੋਂ ਸੁੱਚਾ ਹੋਣਾ ਲੋੜਦਾ ਹੈ। ਭੇਖੀ ਉਸ ਨੂੰ ਅੰਦਰੋਂ ਬਾਹਰੋਂ ਗੰਦੇ ਦਿਸਦੇ ਤੇ ਸੰਸਾਰ ਕੰਡਿਆਂ ਦੀ ਵਾੜੀ ਲਗਦੀ ਹੈ-ਇਹ ਸੰਸਾਰ ਕਾਂਟਿਓ ਕੀ ਵਾੜੀ। ਨਿਰਖ ਨਿਰਖ ਪਗ ਧਰਨਾ।ਚਰਪਟ ਕਹੇ ਸੁਣੋ ਰੇ ਸਿਧੋ। ਹਠਿ ਕਰਿ ਤਪ ਨਹਿਂ ਕਰਨਾ।

ਚਰਪਟ ਭੇਖੀ ਜੋਗੀਆਂ ਅਤੇ ਭੋਗ ਬਿਲਾਸੀਆਂ ਦੀ ਸਖ਼ਤ ਆਲੋਚਨਾ ਕਰਦਾ ਹੈ। ਚਰਪਟ ਦੇ ਵਿਚਾਰ ਪੰਜਾਬੀ ਵਿੱਚ ਪ੍ਰਚਲਿਤ ਬਹੁਤ ਸਾਰੇ ਅਖਾਣਾਂ, ਮੁਹਾਵਰਿਆਂ ਅਤੇ ਗੀਤਾਂ ਵਿੱਚ ਮੌਜੂਦ ਹਨ। ਕੁਝ ਸਰੋਤਾਂ ਅਨੁਸਾਰ ਚਰਪਟ ਕਦੇ ਰਾਜਾ ਵੀ ਰਿਹਾ-ਸਤ ਸਤ ਭਾਖੰਤ ਸ੍ਰੀ ਚਰਪਟ ਰਾਵ। ਇਸ ਅਧਾਰ ਤੇ ਡਾ. ਪੀਤਾਂਬਰ ਦੱਤ ਬੜਥਵਾਲ ਨੇ ਇਸ ਨੂੰ ਚੰਬਾ ਰਿਆਸਤ ਦੇ "ਰਾਜਵੰਸ਼" ਨਾਲ ਜੋੜਿਐ। ਰਜ਼ਬਦਾਸ ਦੀ ਸਰਬਾਂਗੀ ਵਿੱਚ ਇਸ ਨੂੰ ਕਿਸੇ ਚਾਰਣੀ ਦੀ ਕੁੱਖੋਂ ਜੰਮਿਆਂ ਦੱਸਿਆ ਹੈ।

ਗੁਰੂ ਨਾਨਕ ਸਮਕਾਲੀ "ਸਿੱਧ ਗੋਸਟਿ ਵਾਲੇ ਚਰਪਟ ਯੋਗੀ" ਨੂੰ ਗੁਰੂ ਨਾਨਕ ਸਾਹਿਬ ਨੇ ਇਸ ਵੱਲੋਂ ਕੀਤਾ ਪ੍ਰਸ਼ਨ ਕਿ-ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥ ਚਰਪਟ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥ (ਮ:੧-੯੩੮) ਇਸ ਚਰਪਟ ਨੇ ਪੁੱਛਿਆ ਕਿ ਸੰਸਾਰ ਇਕ ਐਸਾ ਸਮੁੰਦਰ ਕਿਹਾ ਜਾਂਦੈ ਜਿਸ ਨੂੰ ਤਰਨਾ (ਦੁਤਰ) ਔਖਾ ਹੈ। ਹੇ ਅਉਧੂ (ਵਿਰਕਤ) ਨਾਨਕ! ਠੀਕ ਵਿਚਾਰ ਦੱਸ ਕਿ "ਇਸ ਸਮੁੰਦਰ ਦਾ" ਪਾਰਲਾ ਕੰਢਾ ਕਿਵੇਂ ਲੱਭੇ? ਤਾਂ ਗੁਰੂ ਸਾਹਿਬ ਨੇ ਆਖਿਆ ਕਿ-ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ॥ ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ॥੪॥ (ਮ:੧-੯੩੮) ਸਾਚੁ ਕਹਹੁ=ਸਦਾ ਕਾਇਮ ਰਹਿਣ ਵਾਲੇ ਸੱਚੁ "ਕੁਦਰਤੀ ਨਿਯਮ" ਨੂੰ ਯਾਦ ਰੱਖੋ। ਭਾਵ ਜੋ ਮਨੁੱਖ ਜੋ ਕੁਝ ਆਪ ਆਖਦਾ ਤੇ ਆਪ ਹੀ ਉਸ ਨੂੰ ਸਮਝਦੈ ਉਸ ਨੂੰ ਉਸ ਦੇ ਪ੍ਰਸ਼ਨ ਦਾ ਉੱਤਰ ਦੇਣ ਦੀ ਲੋੜ ਨਹੀਂ ਹੁੰਦੀ। ਇਸ ਵਾਸਤੇ, ਹੇ ਚਰਪਟ! ਤੇਰੇ ਪ੍ਰਸ਼ਨ ਵਿੱਚ ਕੋਈ (ਬੈਸਣੁ) ਉਕਾਈ ਲੱਭਣ ਦੀ ਲੋੜ ਨਹੀਂ, ਉਂਝ ਉੱਤਰ ਇਹ ਹੈ ਕਿ ਸਦਾ ਕਾਇਮ ਰਹਿਣ ਵਾਲੇ ਸੱਚੁ (ਕੁਦਰਤੀ ਨਿਯਮ) ਨੂੰ ਯਾਦ ਰੱਖੋ ਤਾਂ ਤੁਸੀਂ ਇਸ "ਦੁਤਰੁ ਸਾਗਰੁ" ਤੋਂ ਪਾਰ ਲੰਘ ਜਾਉਗੇ ਭਾਵ ਦੁੱਖਾਂ-ਕਲੇਸ਼ਾਂ ਨੂੰ ਸਮਝ ਇਨ੍ਹਾਂ ਤੋਂ ਛੁਟਕਾਰਾ ਪਾ ਲਵੋਂਗੇ। ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥ ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥ ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ॥੫॥(੯੩੮) ਭਾਵ ਜਿਵੇਂ ਪਾਣੀ 'ਚ ਉੱਗਿਆ ਹੋਇਆ ਕੌਲ ਫੁੱਲ ਪਾਣੀ ਨਾਲੋਂ ਨਿਰਾਲਾ ਰਹਿੰਦੈ ਤੇ ਨਦੀ 'ਚ ਤਰਦੀ ਮੁਰਗਾਈ ਦੇ ਖੰਭ ਪਾਣੀ ਨਾਲ ਨਹੀਂ ਭਿੱਜਦੇ ਇਵੇਂ ਗੁਰ-ਸ਼ਬਦ 'ਚ ਸੁਰਤਿ ਜੋੜ ਪ੍ਰਭੂ-ਨਿਯਮ ਨੂੰ ਸਮਝਿਆਂ "ਸੰਸਾਰ-ਸਮੁੰਦਰ" ਤਰ ਸਕੀਦਾ ਹੈ। ਜੋ ਮਨੁੱਖ ਸੰਸਾਰ ਦੀਆਂ ਆਸਾਂ ਵਲੋਂ ਨਿਰਾਸ ਰਹਿੰਦੇ ਤੇ ਜਿਨ੍ਹਾਂ ਦੇ ਮਨ 'ਚ ਇਕ ਪ੍ਰਭੂ-ਨਿਯਮ ਹੀ ਵੱਸਦੈ ਉਹ ਸੰਸਾਰ 'ਚ ਰਹਿੰਦੇ ਹੋਏ ਭੀ ਇਸ ਤੋਂ ਨਿਰਲੇਪ ਹਨ। ਅਜੇਹੇ ਜੀਵਨ ਵਾਲਾ ਜੋ ਮਨੁੱਖ ਅਗੰਮ ਤੇ ਅਗੋਚਰ ਪ੍ਰਭੂ-ਨਿਯਮ ਦਾ ਫਲਸਫਾ ਸਮਝ ਕੇ ਹੋਰਨਾਂ ਨੂੰ ਸਮਝਾਉਂਦੈ ਨਾਨਕ ਉਸ ਦਾ ਦਾਸ ਹੈ।

ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ॥ ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ॥ ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ॥ ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ॥੬॥ ਚਰਪਟ ਦਾ ਪ੍ਰਸ਼ਨ ਹੇ ਸੁਆਮੀ! ਮੇਰੀ ਬੇਨਤੀ ਸੁਣ, ਮੈਂ ਸਹੀ ਵਿਚਾਰ ਪੁੱਛਦਾ ਹਾਂ, ਗੁੱਸਾ ਨਾਂ ਕਰਨਾ, ਉੱਤਰ ਦੇਣਾ ਕਿ ਗੁਰੂ ਦਾ ਦਰ ਕਿਵੇਂ ਪ੍ਰਾਪਤ ਹੁੰਦਾ ਹੈ? ਭਾਵ, ਕਿਵੇਂ ਪਤਾ ਲੱਗੇ ਕਿ ਗੁਰੂ-ਦਰ ਪ੍ਰਾਪਤ ਹੋ ਗਿਆ ਹੈ? ਉੱਤਰ-ਜਦੋਂ ਸੱਚ-ਮੁਚ ਗੁਰੂ ਦਾ ਦਰ ਪ੍ਰਾਪਤ ਹੋ ਜਾਂਦੈ ਤਦੋਂ ਇਹ ਚੰਚਲ ਮਨ ਕੁਦਰਤੀ ਨਿਯਮ ਨੂੰ ਸਮਝ ਲੈਂਦੈ ਜੋ ਜ਼ਿੰਦਗੀ ਦਾ ਆਸਰਾ ਬਣ ਜਾਂਦੈ ਪਰ ਅਜਿਹਾ ਪਿਆਰ ਸਦੀਵੀ ਸੱਚ-ਨਿਯਮ 'ਚ ਤਦੋਂ ਹੀ ਲੱਗਦੈ ਜਦੋਂ ਉਸ ਨਾਲ ਦਿਲੀ ਪਿਆਰ ਪੈ ਜਾਂਦਾ ਹੈ।

ਇਹ ਸੀ ਚਰਪਟ ਤੇ ਚਰਪਟਨਾਥ ਯੋਗੀ ਬਾਰੇ ਸੰਖੇਪ ਵਿਚਾਰ ਜਿੰਨ੍ਹਾਂ ਦਾ ਜਿਕਰ ਲੋਕ ਸਹਿਤ ਅਤੇ "ਸ਼ਬਦ ਗੁਰੂ ਗ੍ਰੰਥ" ਦੀ ਸਿੱਧ ਗੋਸਟਿ ਵਿਖੇ ਦਰਜ ਹੈ। ਨੋਟ-ਵਧੇਰੇ ਜਾਣਕਾਰੀ ਲਈ ਪਾਠਕ ਜਨ ਪ੍ਰੋ. ਸਾਹਿਬ ਸਿੰਘ ਦੀ "ਸਿੱਧ ਗੋਸਟਿ ਸਟੀਕ" ਪੜ੍ਹ ਸਕਦੇ ਹਨ।

# ਪੰਜਾਬ ਦੇ ਬੇਕਸੂਰ ਸਿੱਖ ਤੇ ਦਲਿਤ ਥਾਣਿਆਂ ਵਿਚ ਫਸਾਏ ਅਤੇ ਸੂਰੀ ਵਰਗੇ ਗੰਗੂਆਂ ਨੂੰ ਕਾਂਗਰਸ ਸਰਕਾਰ ਨੇ ਸੁਰੱਖਿਆ ਦਿੱਤੀ

ਬਸਪਾ ਪੰਜਾਬ ਨੇ ਕੈਪਟਨ ਸਰਕਾਰ ਵਲੋਂ ਖਾਲਿਸਤਾਨ ਦੇ ਨਾਮ 'ਤੇ ਕਾਲੇ ਕਾਨੂੰਨਾਂ ਤਹਿਤ ਝੂਠੇ ਕੇਸ ਦਰਜ ਕਰਕੇ ਬੇਕਸੂਰ ਸਿੱਖ ਨੌਜਵਾਨਾਂ ਦੀ ਗ੍ਰਿਫ਼ਤਾਰੀ ਦੀ ਸਖ਼ਤ ਨਿਖੇਧੀ ਕੀਤੀ ਹੈ। ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਪੰਜਾਬ ਕਾਂਗਰਸ ਦੇ ਡੀ ਜੀ ਪੀ ਦੀਆ ਬੇਕਸੂਰ ਸਿੱਖਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਦੀਆ ਪ੍ਰੈਸ ਕਾਨਫਰੰਸਾਂ ਦੀਆ ਧੱਜੀਆ ਉੱਡ ਰਹੀਆਂ ਹਨ, ਜਦੋਂ ਫੜੇ ਗਏ ਸਿੱਖ ਨੌਜਵਾਨ ਬੇਦੋਸ਼ੇ ਸਿੱਧ ਹੋ ਰਹੇ ਹਨ। ਕਾਂਗਰਸ ਭਾਜਪਾ ਰਾਜ ਦੌਰਾਨ ਪੰਜਾਬ ਦਾ ਮਾਹੌਲ ਖਰਾਬ ਕਰਨ ਦੇ ਲਈ ਟਾਡਾ ਮੀਸ਼ਾ, ਪੋਟਾ ਵਰਗੇ ਕਾਲੇ ਕਾਨੂੰਨ ਮਨੂਵਾਦੀ ਸੋਚ ਤਹਿਤ ਵਰਤੇ ਗਏ ਸਨ, ਹੁਣ ਯੂਏਪੀਏ ਵਰਗੇ ਕਾਨੂੰਨ ਕਾਂਗਰਸ ਭਾਜਪਾ ਨੇ ਲਿਆਂਦੇ ਹਨ। ਜਿਸ ਨਾਲ 1980 ਤੋਂ ਬਾਦ ਪੰਜਾਬ ਨੂੰ 15 ਸਾਲ ਸਿੱਖ ਵਰਗ ਦੀ ਅਸੰਤੁਸਟੀ ਦਾ ਸੰਤਾਪ ਭੋਗਣਾ ਪਿਆ ਜਦੋਂ ਕਿ ਇਹ ਮੱਸਲੇ ਟੇਬਲ 'ਤੇ ਬੈਠ ਕੇ ਭਾਰਤੀ ਸੰਵਿਧਾਨ ਅਧੀਨ ਹੱਲ ਕੀਤੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਬਹੁਜਨ ਸਮਾਜ ਪਾਰਟੀ ਦੇ ਨਿਰਮਾਤਾ ਸ੍ਰੀ ਕਾਂਸ਼ੀ ਰਾਮ ਸਾਹਿਬ ਇਹੋ ਜਿਹੇ ਸੰਵਿਧਾਨ ਵਿਰੋਧੀ ਕਾਨੂੰਨਾਂ ਦੇ ਖਿਲਾਫ਼ ਸਨ। ਅਕਾਲੀ ਦਲ ਸਮੇਂ ਸਮੇਂ ਉਪਰ ਇਹਨਾਂ ਕਾਲੇ ਕਾਨੂੰਨਾਂ ਦੀ ਹੋਂਦ ਲਈ ਜਿੰਮੇਵਾਰ ਰਿਹਾ ਹੈ। ਹੁਣ ਕੈਪਟਨ ਸਰਕਾਰ ਇਹੋ ਜਿਹੇ ਕਾਨੂੰਨ ਪੰਜਾਬ ਵਿਚ ਵਰਤ ਕੇ ਫਿਰਕੂ ਮਾਹੌਲ ਸਥਾਪਤ ਕਰ ਰਹੀ ਹੈ, ਜਿਸ ਨਾਲ ਦਲਿਤ ਅਤੇ ਸਿੱਖ ਭਾਈਚਾਰੇ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ।



ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਕਾਂਗਰਸ ਦੇ ਹੱਥਠੋਕੇ ਗੰਗੂਵਾਦੀ ਫਿਰਕੂ ਨੇਤਾ ਸੁਧੀਰ ਸੂਰੀ ਨੇ ਸੋਸ਼ਲ ਮੀਡੀਏ ਉੱਤੇ ਪਾਈ ਆਪਣੀ ਇਕ ਵੀਡੀਓ ਵਿੱਚ ਸਿੱਖ ਭਾਈਚਾਰੇ, ਪੰਜਾਬੀ ਔਰਤਾਂ ਬਾਰੇ ਅਜਿਹੀਆਂ ਘਟੀਆਂ ਗੱਲਾਂ ਕੀਤੀਆਂ ਹਨ, ਜਿਸ ਨੂੰ ਕੋਈ ਵੀ ਸਭਿਅਕ ਵਿਅਕਤੀ ਨਾ ਸੁਣ ਸਕਦਾ ਹੈ ਅਤੇ ਨਾ ਸਹਿਣ ਕਰ ਸਕਦਾ ਹੈ। ਗੜ੍ਹੀ ਨੇ ਕਿਹਾ ਕਿ ਕੈਪਟਨ ਦੀ ਕਾਂਗਰਸ ਸਰਕਾਰ ਨੇ ਸੂਬੇ ਵਿੱਚ ਨਿਸ਼ਾਂਤ ਸ਼ਰਮਾ ਅਤੇ ਸੁਧੀਰ ਸੂਰੀ ਵਰਗੇ ਸੈਂਕੜੇ ਫਿਰਕੂ ਆਗੂਆਂ ਨੂੰ ਪੁਲਿਸ ਸੁਰੱਖਿਆ ਦਿੱਤੀ ਹੋਈ ਹੈ ਅਤੇ ਪੰਜਾਬ ਨੂੰ 1984 ਵਰਗੇ ਕਾਲੇ ਸਮੇਂ ਵਿੱਚ ਧੱਕਣ ਲਈ ਕਾਂਗਰਸ ਸਾਜਿਸ਼ਾ ਕਰ ਰਹੀ ਹੈ।

ਪੰਜਾਬ ਵਿੱਚ ਕਾਂਗਰਸ ਰਾਜ ਵਿਚ ਨਸ਼ਿਆ ਨੂੰ ਖਤਮ ਕਰਨ ਦੀ ਝੂਠੀ ਸਹੁੰ ਦਾ ਪਾਜ ਖੁੱਲ੍ਹ ਗਿਆ ਹੈ ਜਦੋਂ ਪਿੰਡ ਨੰਦਾਚੌਰ ਦੇ ਦਲਿਤ ਸਰਪੰਚ ਉਪਰ ਜਿਸਨੇ ਆਪਣੇ ਪਿੰਡ ਵਿੱਚ ਨਸਿਆ ਖਿਲਾਫ ਮੁਹਿੰਮ ਛੇੜੀ ਸੀ, ਉਪਰ ਐਕਸਾਇਜ ਇੰਸਪੈਕਟਰ ਦੇ ਬਿਆਨਾਂ ਉਪਰ ਝੂਠਾ ਪਰਚਾ ਦਰਜ ਕੀਤਾ, ਸਰਪੰਚ ਨੂੰ ਠੇਕੇਦਾਰ ਦੀ ਅਗਵਾਈ ਵਿੱਚ ਅਗਵਾ ਕੀਤਾ, ਸਰਪੰਚ ਨਾਲ ਕੁੱਟਮਾਰ ਕੋਈ। ਜਿਲਾ ਹੁਸ਼ਿਆਰਪੁਰ ਦੇ ਪਿੰਡ ਮਸ਼ਲੀਵਾਲ, ਤਾਰਾਗੜ੍ਹ, ਖਨੌੜਾ ਵਿਖੇ ਕਾਂਗਰਸੀਆਂ ਵਲੋਂ ਪੁਲਿਸ ਰਾਹੀਂ ਕੀਤੀ ਜਾ ਰਹੀ ਧੱਕੇਸਾਹੀ ਖਿਲਾਫ ਕਾਂਗਰਸ ਦੀ ਗੁੰਡਾਗਰਦੀ ਖਿਲਾਫ ਬਸਪਾ ਪੰਜਾਬ ਨੇ ਕਲ 15 ਜੁਲਾਈ ਨੂੰ ਸੂਬਾ ਪੱਧਰੀ ਵੀਡੀਉ ਕਾਨਫਰੰਸ ਮੀਟਿੰਗ ਬੁਲਾਈ ਜਿਸ ਵਿਚ ਸੂਬਾ ਬਸਪਾ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਣੀਵਾਲ ਜੀ ਸ਼ਾਮਿਲ ਹੋਏ। ਬਸਪਾ ਪੰਜਾਬ ਨੇ ਲਗਾਤਾਰ ਸਾਰੇ ਪੱਧਰਾਂ ਦੀ ਲੀਡਰਸ਼ਿਪ ਨਾਲ ਵੀਡੀਉ ਕਾਨਫਰੰਸਾਂ ਦਾ ਮੁਲਾਕਾਤਾਂ ਮੀਟਿੰਗਾਂ ਦਾ ਪ੍ਰੋਗਰਾਮ ਉਲੀਕਿਆ ਹੈ, ਜਿਸ ਵਿਚ ਕਾਂਗਰਸ ਸਰਕਾਰ ਦੀ ਗੁੰਡਾਗਰਦੀ ਖਿਲਾਫ ਮੁਹਿੰਮ ਨੂੰ ਤੇਜ਼ ਕੀਤਾ ਜਾਵੇਗਾ।

ਮੀਟਿੰਗ ਵਿੱਚ ਸੂਬਾ ਉਪ ਪ੍ਰਧਾਨ ਸ੍ਰੀ ਹਰਜੀਤ ਸਿੰਘ ਲੌਂਗੀਆ, ਡਾਕਟਰ ਨਛੱਤਰ ਪਾਲ, ਰਾਜਾ ਰਾਜਿੰਦਰ ਸਿੰਘ ਨਨਹੇਰੀਆਂ, ਸ੍ਰੀ ਕੁਲਦੀਪ ਸਿੰਘ ਸਰਦੂਲਗੜ੍ਹ, ਸ੍ਰੀ ਰਮੇਸ਼ ਕੋਲ, ਸ੍ਰੀ ਚਮਕੌਰ ਸਿੰਘ ਵੀਰ, ਸਵਿੰਦਰ ਸਿੰਘ ਛੱਜਲਵੱਡੀ, ਸ੍ਰੀ ਪਰਮਜੀਤ ਮੱਲ, ਲਾਲ ਸਿੰਘ ਸੁਲਹਾਣੀ, ਸ੍ਰੀ ਬਲਵਿੰਦਰ ਕੁਮਾਰ, ਡਾ ਸੁਖਬੀਰ ਸਿੰਘ ਸਲਾਰਪੁਰ, ਸ੍ਰੀ ਦਲਜੀਤ ਰਾਇ, ਕੁਲਦੀਪ ਸਿੰਘ ਅਟਵਾਲ, ਸ੍ਰੀ ਰੋਹਿਤ ਖੋਖਰ, ਸ੍ਰੀ ਜੋਗਾ ਸਿੰਘ ਪਨੋਂਦੀਆਂ, ਸ੍ਰੀ ਰਾਮ ਸਿੰਘ ਗੋਗੀ, ਡਾ ਜਸਪ੍ਰੀਤ ਖੰਨਾ, ਸ੍ਰੀ ਬਲਜੀਤ ਸਿੰਘ ਭਾਰਾਪੁਰ, ਸ੍ਰੀ ਦਰਸ਼ਨ ਝਲੂਰ ਆਦਿ ਹਾਜ਼ਿਰ ਸਨ।

**ਜਾਰੀ ਕਰਤਾ :**
**ਲਾਲ ਸਿੰਘ ਸੁਲਹਾਣੀ**
**ਜਨਰਲ ਸਕੱਤਰ, ਹੁਜਨ ਸਮਾਜ ਪਾਰਟੀ, ਪੰਜਾਬ**

# ਅਮਿਤਾਭ ਬੱਚਨ ਤੇ ਅਭਿਸ਼ੇਕ ਬੱਚਨ ਵੀ ਕੋਰੋਨਾ ਦੀ ਲਪੇਟ 'ਚ

ਬਾਲੀਵੁੱਡ ਦੇ ਦਿੱਗਜ਼ ਅਦਾਕਾਰ ਅਮਿਤਾਭ ਬੱਚਨ ਵੀ ਕੋਰੋਨਾ ਮਹਾਮਾਰੀ ਦੀ ਲਪੇਟ 'ਚ ਆ ਗਏ ਹਨ। ਕੋਰੋਨਾ ਰਿਪੋਰਟ ਪਾਜ਼ੇਵਿਟ ਤੋਂ ਬਾਅਦ ਉਨ੍ਹਾਂ ਨੂੰ ਮੁੰਬਈ ਦੇ ਨਾਨਾਵਤੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਸ਼ਨਿਚਰਵਾਰ ਸ਼ਾਮ ਨੂੰ ਟਵਿੱਟਰ 'ਤੇ ਅਮਿਤਾਭ ਬੱਚਨ ਨੇ ਖ਼ੁਦ ਇਸ ਦੀ ਪੁਸ਼ਟੀ ਕੀਤੀ। ਉਨ੍ਹਾਂ ਟਵੀਟ ਕੀਤਾ, 'ਮੈਂ ਮੇਰੀ ਰਿਪੋਰਟ ਪਾਜ਼ੇਟਿਵ ਆਈ ਹੈ ਤੇ ਮੈਂ ਹਸਪਤਾਲ ਭਰਤੀ ਹੋ ਗਿਆ ਹਾਂ।

ਇਸ ਤੋਂ ਇਲਾਵਾ ਪਰਿਵਾਰਕ ਮੈਂਬਰ ਤੇ ਹੋਰ ਸਟਾਫ ਦੇ ਟੈਸਟ ਲਏ ਜਾ ਰਹੇ ਹਨ ਤੇ ਨਤੀਜੇ ਦੀ ਉਡੀਕ ਹੈ। ਪਿਛਲੇ 10 ਦਿਨਾਂ ਦੌਰਾਨ ਜਿਹੜੇ ਲੋਕ ਮੇਰੇ ਸੰਪਰਕ 'ਚ ਜਾਂ ਮੇਰੇ ਨੇੜੇ ਰਹੇ ਹਨ, ਉਨ੍ਹਾਂ ਨੂੰ ਬੇਨਤੀ ਹੈ ਕਿ ਉਹ ਵੀ ਆਪਣਾ ਟੈਸਟ ਕਰਵਾਉਣ।' ਕਾਬਿਲੇਗੌਰ ਹੈ ਕਿ 77 ਸਾਲਾ ਇਸ ਅਦਾਕਾਰ ਨੂੰ ਆਖ਼ਰੀ ਵਾਰ 'ਗੁਲਾਬੋ ਸਿਤਾਬੋ' ਫਿਲਮ 'ਚ ਵੇਖਿਆ ਗਿਆ ਸੀ। ਦੂਜੇ ਪਾਸੇ ਬਾਲੀਵੁੱਡ ਅਦਾਕਾਰਾ ਰੇਖਾ ਦੇ ਬੰਗਲੇ ਤਕ ਵੀ ਮਹਾਮਾਰੀ ਪਹੁੰਚ ਗਈ ਹੈ। ਰੇਖਾ ਦੇ ਮੁੰਬਈ ਸਥਿਤ ਬੰਗਲੇ ਨੂੰ ਬੀਐੱਮਸੀ ਨੇ ਸੀਲ ਕਰ ਦਿੱਤਾ ਹੈ। ਰੇਖਾ ਦੇ ਬੰਗਲੇ ਦਾ ਸੁਰੱਖਿਆ ਗਾਰਡ ਕੋਰੋਨਾ ਪਾਜ਼ੇਟਿਵ ਪਾਇਆ ਗਿਆ ਹੈ।

ਇਸੇ ਦੌਰਾਨ ਮਹਾਨਾਇਕ ਅਮਿਤਾਭ ਬੱਚਨ ਦੇ ਕੋਰੋਨਾ ਪਾਜ਼ੇਟਿਵ ਹੋਣ ਤੋਂ ਬਾਅਦ ਹੁਣ ਉਨ੍ਹਾਂ ਦੇ ਪੁੱਤਰ ਅਭਿਸ਼ੇਕ ਬੱਚਨ ਵੀ ਕੋਰੋਨਾ ਵਾਇਰ ਦਾ ਸ਼ਿਕਾਰ ਹੋ ਗਏ ਹਨ। ਅਭਿਸ਼ੇਕ ਦੀ ਵੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਈ ਹੈ। ਪੇਤਾ ਅਮਿਤਾਭ ਦੀ ਤਰ੍ਹਾਂ ਅਭਿਸ਼ੇਕ ਨੇ ਵੀ ਆਪਣੇ ਅਧਿਕਾਰਕ ਟਵਿੱਟਰ ਹੈਂਡਲ 'ਤੇ ਟਵੀਟ ਕਰ ਕੇ ਆਪਣੇ ਕੋਰੋਨਾ ਵਾਇਰਸ ਪਾਜ਼ੇਟਿਵ ਹੋਣ ਦੀ ਜਾਣਕਾਰੀ ਦਿੱਤੀ ਹੈ। ਅਭਿਸ਼ੇਕ ਨੂੰ ਵੀ ਨਾਨਾਵਟੀ ਹਸਪਤਾਲ ਵਿਚ ਹੀ ਐਡਮਿਟ ਕਰਵਾਇਆ ਗਿਆ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਬਸਪਾ ਜ਼ਿਲ੍ਹਾ ਫਾਜ਼ਿਲਕਾ ਦੀ ਇਕ ਵਿਸ਼ੇਸ਼ ਮੀਟਿੰਗ

**ਫਾਜ਼ਿਲਕਾ-** ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਫਾਜ਼ਿਲਕਾ ਦੀ ਇਕ ਵਿਸ਼ੇਸ਼ ਮੀਟਿੰਗ ਸ੍ਰੀ ਸਤੀਸ਼ ਮੋਹਲਾਂ ਕਾਰਜਕਾਰੀ ਜ਼ਿਲ੍ਹਾ ਪਰਧਾਨ ਬਸਪਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਪੰਜਾਬ ਦੇ ਨਵ ਨਿਯੁਕਤ ਜਨਰਲ ਸਕੱਤਰ ਸ: ਲਾਲ ਸਿੰਘ ਸੁਲਹਾਣੀ ਮੁੱਖ ਮਹਿਮਾਨ ਤੇ ਸ੍ਰੀ ਸੰਤ ਰਾਮ ਮੱਲੀਆਂ ਸਕੱਤਰ ਬਸਪਾ ਪੰਜਾਬ ਅਤੇ ਐਡਵੋਕੇਟ ਅਵਤਾਰ ਕ੍ਰਿਸ਼ਨ ਇੰਚਾਰਜ ਮੁੱਖ ਲੋਕ ਸਭਾ ਨੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਪੁੱਜੇ। ਜ਼ਿਲ੍ਹਾ ਫਾਜ਼ਿਲਕਾ ਦੇ ਸੀਨੀਅਰ ਕਾਰਜਕਰਤਾਵਾਂ ਨੇ ਸ: ਲਾਲ ਸਿੰਘ ਸੁਲਹਾਣੀ ਨੂੰ ਪੰਜਾਬ ਦਾ ਜਨਰਲ ਸਕੱਤਰ ਬਨਾਉਣ ਤੇ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਅਤੇ ਪਾਰਟੀ ਹਾਈ ਕਮਾਂਡ ਦਾ ਧੰਨ-ਵਾਦ ਕੀਤਾ ਅਤੇ ਖੁਸ਼ੀ ਵਿੱਚ ਲੱਡੂ ਵੰਡੇ। ਇਸ ਮੌਕੇ ਸ੍ਰੀ ਬਲਦੇਵ ਸਿੰਘ ਰਾਏ ਨੂੰ ਲੋਕ ਸਭਾ ਹਲਕਾ ਫਿਰੋਜ਼ਪੁਰ ਦਾ ਇੰਚਾਰਜ ਨਿਯੁਕਤ ਕੀਤਾ ਗਿਆ।

ਫਾਜ਼ਿਲਕਾ ਜ਼ਿਲ੍ਹੇ ਦੇ ਹਾਜ਼ਰ ਕਾਰਜਕਰਤਾਵਾਂ ਦੀ ਸਹਿਮਤੀ ਨਾਲ ਸ੍ਰੀ ਰਾਜਿੰਦਰ ਸਿੰਘ ਭੱਟੀ ਜੀ ਨੂੰ ਜ਼ਿਲ੍ਹਾ ਫਾਜ਼ਿਲਕਾ ਦਾ ਜ਼ਿਲ੍ਹਾ ਕਨਵੀਨਰ ਲਗਾਇਆ ਗਿਆ ਇਸ ਮੌਕੇ ਹੋਰਨਾਂ ਤੋ ਇਲਾਵਾ ਸੀਨੀਅਰ ਕਾਰਜਕਰਤਾ ਤੇ ਆਗੂ ਸ੍ਰੀ ਨਾਨਕ ਚੰਦ, ਸ੍ਰੀ ਰਾਮ ਕਿਸ਼ਨ, ਸ੍ਰੀ ਮਨੋਹਰ ਲਾਲ, ਸ੍ਰੀ ਬਲਦੇਵ ਸਿੰਘ ਰਾਏ, ਸ੍ਰੀ ਪਵਨਦੀਪ ਸਿੰਘ ਅਬੋਹਰ, ਬੀਬਿ ਭਿੰਦਰਪਾਲ ਕੌਰ ਖਾਲਸਾ ਅਬੋਹਰ ਆਦਿ ਬਸਪਾ ਆਗੂ ਤੇ ਕਾਰਜਕਰਤਾ ਹਾਜ਼ਿਰ ਸਨ ਮਿਤੀ 16K07K2020 ਨੂੰ ਜ਼ਿਲ੍ਹਾ ਫਾਜ਼ਿਲਕਾ ਦੀ ਮੁੜ ਮੀਟਿੰਗ ਕਰਨ ਦਾ ਫੈਸਲਾ ਕੀਤਾ ਗਿਆ ਜਿਸ ਵਿਚ ਜ਼ਿਲ੍ਹਾ ਬਾਡੀ ਦੀ ਚੋਣ ਕੀਤੀ ਜਾਵੇਗੀ ।

**ਅਵਤਾਰ ਕ੍ਰਿਸ਼ਨ ਐਡਵੋਕੇਟ**

## ਬਾਬਾ ਸਾਹਿਬ ਡਾ.ਅੰਬੇਡਕਰ ਦੇ ਘਰ ਦੀ ਭੰਨ-ਤੋੜ ਕਰਨ ਵਾਲਿਆਂ ਦੀ ਹੋਵੇ ਗਿਰਫਤਾਰੀ- ਹਰਭਜਨ ਸੁਮਨ

**ਫਗਵਾੜਾ (ਬੀਕੇ ਰੱਤੂ)-** ਅੰਬੇਡਕਰ ਸੈਨਾ ਮੂਲ ਨਿਵਾਸੀ ਵਲੋਂ ਅੱਜ ਸੂਬਾ ਪ੍ਰਧਾਨ ਹਰਭਜਨ ਸੁਮਨ ਦੀ ਜਲਦੀ ਤੋਂ ਜਲਦੀ ਗਿਰਫਤਾਰੀ ਕਰਨ ਅਤੇ ਭਾਰਤ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਨਾਲ ਜੁੜੇ ਹਰ ਅੰਬੇਡਕਰ ਨੂੰ ਰਹਿਬਰ ਮੰਨਣ ਵਾਲੇ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ ਹੈ।



ਅਗਵਾਈ ਹੇਠ ਥਾਣਾ ਸਿਟੀ ਫਗਵਾੜਾ ਦੇ ਐਸ.ਐਚ.ਓ. ਉਂਕਾਰ ਸਿੰਘ ਬਰਾੜ ਦੀ ਮਾਰਫਤ ਭਾਰਤ ਦੇ ਰਾਸ਼ਟਰਪਤੀ ਨੂੰ ਇਕ ਮੰਗ ਪੱਤਰ ਭੇਜਿਆ ਗਿਆ ਜਿਸ ਵਿਚ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ ਘਰ ਰਾਜ ਗ੍ਰਹਿ ਦਾਦਰ (ਮਹਾਰਾਸ਼ਟਰ) ਵਿਖੇ ਭੰਨ ਤੋੜ ਕਰਨ ਵਾਲੇ ਸ਼ਰਾਰਤੀ ਅਨਸਰਾਂ ਦੀ ਸਮਾਰਕ ਦੀ ਸੁਰੱਖਿਆ ਯਕੀਨੀ ਬਨਾਉਣ ਦੀ ਮੰਗ ਕੀਤੀ ਗਈ।

ਇਸ ਮੌਕੇ ਗੱਲਬਾਤ ਕਰਦਿਆਂ ਹਰਭਜਨ ਸੁਮਨ ਨੇ ਕਿਹਾ ਕਿ ਬੀਤੇ ਮੰਗਲਵਾਰ 7 ਜੁਲਾਈ ਨੂੰ ਅੰਜਾਮ ਦਿੱਤੀ ਇਹ ਘਟਨਾ ਬਹੁਤ ਹੀ ਨਿੰਦਣਯੋਗ ਹੈ। ਇਸ ਘਟਨਾ ਨਾਲ ਬਾਬਾ ਸਾਹਿਬ ਡਾ. ਬੀ.ਆਰ.

ਇਸ ਲਈ ਉਹ ਮੰਗ ਕਰਦੇ ਹਨ ਕਿ ਦੋਸ਼ੀ ਵਿਅਕਤੀਆਂ ਦੀ ਤੁਰੰਤ ਗਿਰਫਤਾਰੀ ਕੀਤੀ ਜਾਵੇ। ਇਸ ਮੌਕੇ ਅੰਬੇਡਕਰ ਸੈਨਾ ਆਗੂ ਜਸਵਿੰਦਰ ਬੋਧ, ਮਨੀ ਅੰਬੇਡਕਰੀ, ਪ੍ਰਦੀਪ ਅੰਬੇਡਕਰੀ, ਧਰਮਵੀਰ ਬੋਧ, ਸੰਦੀਪ ਅਤੇ ਬੰਟੀ ਕੌਲਸਰ ਆਦਿ ਹਾਜਰ ਸਨ।

----------

## ਲੇਬਰ ਪਾਰਟੀ ਉਮੀਦਵਾਰ ਡਾ. ਨੇਰੂ ਲੀਵਾਸਾ ਸਾਮੋਅਨ ਭਾਈਚਾਰੇ ਵੱਲੋਂ ਵਾਇਆ ਸਿੱਖ ਭਾਈਚਾਰੇ ਟਾਕਾਨੀਨੀ ਹਲਕੇ ਨੂੰ ਭੇਟ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-**ਸੱਤਾਧਾਰ ਲੇਬਰ ਪਾਰਟੀ ਆ ਰਹੀਆਂ ਆਮ ਚੋਣਾਂ (19 ਸਤੰਬਰ) ਦੇ ਲਈ ਕਾਫੀ ਸਰਗਰਮ ਵਿਖਾਈ ਦੇ ਰਹੀ ਹੈ। ਨਿਊਜ਼ੀਲੈਂਡ ਦੀ ਹਰ ਸਰਕਾਰ ਹਮੇਸ਼ਾਂ ਦੇਸ਼ ਦੇ ਵਿਚ ਬਹੁਸਭਿਅਕ ਭਾਈਚਾਰੇ ਨੂੰ ਉਤਸ਼ਾਹਿਤ ਕਰਦੀ ਹੈ, ਭਾਵੇਂ ਕੁਝ ਨੇਤਾ ਬਣਦੀ ਖੀਰ ਦੇ ਵਿਚ ਲੂਣਕਾ ਸੁਆਦ ਸੁੱਟ ਜਾਂਦੇ ਹਨ ਪਰ ਹੁਣ ਇਸਦੀ ਜਿਆਦਾ ਪ੍ਰਵਾਹ ਨਹੀਂ ਕੀਤੀ ਜਾਂਦੀ। ਹਲਕਾ ਟਾਕਾਨੀਨੀ ਜੋ ਕਿ ਨਵੀਂ ਹਲਕਾਬੰਦੀ ਦੇ ਬਾਅਦ ਪਹਿਲੀ ਵਾਰ ਹੋਂਦ ਵਿਚ ਆਇਆ ਹੈ, ਵਿਖੇ ਲੇਬਰ ਪਾਰਟੀ ਆਪਣਾ ਪੂਰਾ ਜ਼ੋਰ ਲਾ ਰਹੀ ਹੈ ਤਾਂ ਕਿ ਪਹਿਲੀ ਸ਼ੁਰੂਆਤ ਹੀ ਜਿੱਤ ਨਾਲ ਕੀਤੀ ਜਾ ਸਕੇ। ਇਸ ਹਲਕੇ ਤੋਂ ਜੋ ਉਮੀਦਵਾਰ ਨੇ ਉਹ ਸਾਮੋਅਨ ਮੂਲ ਦੇ ਡਾ. ਨੇਰੂ ਲੀਵਾਸਾ ਹਨ। ਉਨ੍ਹਾਂ ਦਾ ਰਿਹਾਇਸ਼ੀ ਇਲਾਕਾ ਮੈਂਗਰੀ ਹੈ। ਸਾਮੋਅਨ ਸਭਿਆਚਾਰ ਦੀ ਖੁਸ਼ਬੋ ਕਾਇਮ ਰੱਖਦਿਆਂ ਅੱਜ ਸਾਮੋਅਨ ਭਾਈਚਾਰੇ ਨੇ ਆਪਣਾ ਇਹ ਮੁੰਡਾ ਵਾਇਆ ਸਿੱਖ ਭਾਈਚਾਰੇ ਨਵੇਂ ਹਲਕੇ ਲਈ ਸੌਂਪ ਦਿੱਤਾ।

ਇਸ ਸਬੰਧੀ ਸ. ਖੜਗ ਸਿੰਘ ਜੋ ਕਿ ਲੇਬਰ ਪਾਰਟੀ ਦੀ ਇਲੈਕਸ਼ਨ ਕਮੇਟੀ ਟਾਕਨੀਨੀ ਦੇ ਪ੍ਰਚਾਰ ਮੈਨੇਜਰ ਵੀ ਹਨ ਦੇ ਘਰ ਸਮਾਗਮ ਕੀਤਾ ਗਿਆ ਜੋ ਕਿ ਨਿੱਕੇ ਵਿਆਹ ਬਦਲਿਆ ਨਜ਼ਰ ਆਇਆ। ਇਹ ਸਮਾਗਮ ਆਪਣੇ ਆਪ ਵਿਚ ਅਲੱਗ ਤਰ੍ਹਾਂ ਦਾ ਸਮਾਗਮ ਹੋ ਨਿਬੜਿਆ ਅਤੇ ਪਹਿਲੀ ਵਾਰ ਅਜਿਹਾ ਸਮਾਮੋਅਨ ਭਾਈਚਾਰੇ ਨੇ ਕੀਤਾ।




ਸਵੇਰੇ ਹੋਏ ਇਸ ਸਮਾਗਮ ਦੀ ਸ਼ੁਰੂਆਤ ਜਿੱਥੇ ਸਾਮੋਅਨ ਰੀਤੀ ਰਿਵਾਜਾਂ ਨਾਲ ਹੋਈ। ਪੰਜਾਬੀ ਮਿਲਣੀ ਦੀ ਤਰ੍ਹਾਂ ਐਲ. ਈ. ਸੀ ਦੀ ਚੇਅਰਪਰਸਨ ਸ੍ਰੀਮਤੀ ਐਨੀ ਸਿੰਘ ਦੇ ਗਲ ਵਿਚ ਵਿਸ਼ੇਸ਼ ਫੁੱਲਾਂ ਦੇ ਹਾਰ ਪਾਏ ਗਏ ਅਤੇ ਕਿਹਾ ਗਿਆ ਕਿ ਇਹ ਮੁੰਡਾ (ਉਮੀਦਵਾਰ) ਹੁਣ ਤੁਹਾਡੇ ਹਲਕੇ ਟਾਕਾਨੀਨੀ ਲਈ ਭੇਟ ਕਰ ਦਿੱਤਾ ਗਿਆ। ਸ. ਖੜਗ ਸਿੰਘ ਦੇ ਗਲ ਵਿਚ ਵੀ ਹਾਰ ਪਾ ਕੇ ਧੰਨਵਾਦ ਕਰਦਿਆਂ ਕਿਹਾ ਗਿਆ ਹੈ ਕਿ ਆਹ ਚੱਕੋ ਮੁੰਡਾ ਹੁਣ ਤੁਹਾਡੇ ਹਵਾਲੇ। ਸ਼ੁੱਭ ਆਰੰਭਤਾ ਵੇਲੇ ਸ. ਖੜਗ ਸਿੰਘ ਨੇ ਮੂਲ ਮੰਤਰ ਦਾ ਪਾਠ ਕੀਤਾ ਅਤੇ ਸਾਰਿਆਂ ਦਾ ਸਵਾਗਤ ਕੀਤਾ। ਬੁਲਾਰਿਆਂ ਦੇ ਵਿਚ ਸਾਮੋਅਨ ਬ੍ਰਾਂਚ ਦੇ ਚੇਅਰ ਸ੍ਰੀ ਪਾਪਾਲੀ ਲਾਫੂ ਪੀਓ, ਕੌਂਸਲਰ ਅਲਫ ਫਿਲੀਪਾਈਨਾ, ਮੈਂਗਰੀ ਬ੍ਰਿਜ ਚੇਅਰ ਕੈਰੋਲ ਈਲੀਓਟ, ਟੌਂਗਾ ਬ੍ਰਾਂਚ ਡਿਆਨਾ ਫੂਕਾ, ਨਿਊਈਨ ਬ੍ਰਾਂਚ ਤੋਂ ਟੋਗੀਆਟੋਲੂ ਵਾਲਟਰ, ਮੈਂਗਰੀ ਉਟਾਹੂਹੂ ਲੋਕਲਬ ਬੋਰਡ ਲਿਡੀਆ ਲੇਮਾਂਗਾ ਸੋਸੀਨੇ, ਪੈਸਫਿਕ ਮੰਤਰੀ ਮਾਣਯੋਗ ਆਉਪੀਟੋ ਸੂਆਵਿਲੀਅਮ ਸ਼ਾਮਿਲ ਰਹੇ। ਹਲਕਾ ਟਾਕਾਨੀਨੀ ਦੀ ਚੇਅਰਪਰਸਨ ਐਨੀ ਸਿੰਘ ਨੇ ਸਾਮੋਅਨ, ਪੰਜਾਬੀ ਅਤੇ ਇੰਗਲਿਸ਼ ਦੇ ਵਿਚ ਹਾਜ਼ਿਰ ਸਾਰੇ ਮਹਿਮਾਨਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਇਕ 'ਸਟਿੱਕ' ਸੈਰੇਮਨੀ ਵੀ ਕੀਤੀ ਗਈ। ਡਾ. ਨੇਰੂ ਲੀਵਾਸਾ ਦੀ ਧਰਮਪਤਨੀ ਓਲੀਵੀਆ ਲੀਵਾਸਾ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕੀਤੇ ਗਏ। ਸਮਾਗਮ ਦੇ ਵਿਚ ਅੰਤ ਵਿਚ ਸਾਰੇ ਮਹਿਮਾਨਾਂ ਨੇ ਡਾ. ਨੇਰੂ ਨਾਲ ਹੱਥ ਮਿਲਾਏ ਅਤੇ ਇਕ ਤਰ੍ਹਾਂ ਨਾਲ ਵਿਦਾਇਗੀ ਦਿੱਤੀ ਗਈ। ਸੌਖੇ ਸ਼ਬਦਾਂ ਦੇ ਵਿਚ ਕਿਹਾ ਜਾਵੇ ਤਾਂ ਜਿਵੇਂ ਪੰਜਾਬੀ ਵਿਆਹਾਂ ਦੇ ਵਿਚ ਕੁੜੀ ਆਪਣੇ ਘਰੋਂ ਦੂਸਰੇ ਘਰ ਤਬਦੀਲ ਹੋ ਜਾਂਦੀ ਹੈ ਉਸੇ ਤਰ੍ਹਾਂ ਅੱਜ ਟਾਕਾਨੀਨੀ ਦੇ ਉਮੀਦਵਾਰ ਡਾ. ਨੇਰੂ ਲੀਵਾਸਾ ਆਪਣੇ ਹਲਕੇ ਤੋਂ ਨਵੇਂ ਹਲਕੇ ਦੇ ਵਿਚ ਤਬਦੀਲ ਹੋ ਗਏ। ਸਮਾਗਗ ਦੇ ਅੰਤ ਵਿਚ ਚਾਹ-ਪਾਣੀ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ।


Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles

Mon-Fri
9:00 AM
to 6:00 PM
Saturday
9:00 AM to
5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Services





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਅਮਰੀਕੀ ਰਾਸ਼ਟਰਪਤੀ ਟਰੰਪ ਡੈਮੋਕ੍ਰੇਟਿਕਾਂ ਦੇ ਇਤਰਾਜ਼ਾਂ ਦੇ ਬਾਵਜੂਦ ਵੀ ਵਾਈਟ ਹਾਊਸ ਵਿਖੇਂ ਮੈਕਸੀਕੋ ਦੇ ਰਾਸ਼ਟਰਪਤੀ ਨੂੰ ਮਿਲੇ

## ਟਰੰਪ ਅਤੇ ਲੋਪੇਜ਼ ਓਬਰਾਡੋਰ ਦੀ ਪਹਿਲੀ ਆਹਮੋ-ਸਾਹਮਣੇ ਮੁਲਾਕਾਤ ਹੋਈ

**ਵਾਸ਼ਿੰਗਟਨ (ਰਾਜ ਗੋਗਨਾ)–** ਰਾਸ਼ਟਰਪਤੀ ਟਰੰਪ ਨੇ ਮੈਕਸੀਕੋ ਦੇ ਰਾਸ਼ਟਰਪਤੀ ਐਂਡਰੇਸ ਮੈਨੂਅਲ ਲੋਪੇਜ਼ ਓਬਰਾਡੋਰ ਨਾਲ ਬੀਤੇਂ ਦਿਨ ਬੁੱਧਵਾਰ ਨੂੰ ਵ੍ਹਾਈਟ ਹਾਊਸ ਵਿਖੇ ਪਹਿਲੀ ਵਿਦੇਸ਼ੀ ਯਾਤਰਾ ’ਤੇ ਮੁਲਾਕਾਤ ਕੀਤੀ। ਅਤੇ ਡੈਮੋਕਰੇਟਸ ਦੀਆਂ ਸ਼ਿਕਾਇਤਾਂ ਦੇ ਬਾਵਜੂਦ ਵੀ ਇਹ ਮੁਲਾਕਾਤ ਰਾਜਨੀਤਿਕ ਤੌਰ’ ਤੇ ਪ੍ਰੇਰਿਤ ਸੀ।

ਟਰੰਪ ਅਤੇ ਲੋਪੇਜ਼ ਓਬਰਾਡੋਰ ਨੇ ਰੋਜ਼ ਗਾਰਡਨ ਵਿਚ ਸਾਂਝੇ ਐਲਾਨਨਾਮੇ ’ਤੇ ਹਸਤਾਖਰ ਕਰਨ ਤੋਂ ਪਹਿਲਾਂ ਵ੍ਹਾਈਟ ਹਾਊਸ ਵਿਚ ਇਕ ਦੁਵੱਲੀ ਬੈਠਕ ਕੀਤੀ, ਜਿੱਥੇ ਦੋਵਾਂ ਨੇਤਾਵਾਂ ਨੇ ਸਯੁੰਕਤ ਰਾਜ-ਮੈਕਸੀਕਨ ਰਿਸ਼ਤੇ ਨੂੰ ਸ਼ਰਧਾਂਜਲੀ ਦਿੱਤੀ।ਰਾਸ਼ਟਰਪਤੀ ਟਰੰਪ ਨੇ ਕਿਹਾ, ਸੰਯੁਕਤ ਰਾਜ ਅਤੇ ਮੈਕਸੀਕੋ ਵਿਚਾਲੇ ਸਬੰਧ ਇਸ ਸਮੇਂ ਤੋ ਪਹਿਲਾਂ ਕਦੇ ਵੀ ਨੇੜੇ ਦੇ ਨਹੀਂ ਰਹੇ। ਇਹ ਮੈਕਸੀਕੋ ਦੇ ਰਾਸ਼ਟਰਪਤੀ ਲੋਪੇਜ਼ ਓਬਰਾਡੋਰ ਦੀ ਵ੍ਹਾਈਟ ਹਾਊਸ ਚ’ ਰਾਸ਼ਟਰਪਤੀ ਟਰੰਪ ਨਾਲ ਪਹਿਲੀ ਮਿਲਣੀ ਹੈ, ਅਤੇ ਨਾਲ ਹੀ ਦਸੰਬਰ 2018 ਵਿੱਚ ਆਹੁਦਾ ਸੰਭਾਲਣ ਤੋਂ ਬਾਅਦ ਉਸ ਦੀ ਪਹਿਲੀ ਇਹ ਅੰਤਰਰਾਸ਼ਟਰੀ ਯਾਤਰਾ ਹੈ। ਜਿਸ ਲਈ ਓਹਨਾ ਨੇ ਆਪਣੇ ਗਵਾਂਢੀ ਮੁਲਕ ਅਮਰੀਕਾ ਨੂੰ ਚੁਣਿਆਂ ਹੈ। ਮੈਕਸੀਕਨ ਨੇਤਾ ਇਕ ਵਪਾਰਕ ਹਵਾਈ ਜਹਾਜ਼ ਵਿਚ ਅਮਰੀਕਾ ਪਹੁੰਚੇ ਅਤੇ ਕੋਵਿਡ -19 ਲਈ ਨਕਾਰਾਤਮਕ ਟੈਸਟ ਕਰਵਾਉਣ ਉਪਰੰਤ ਮੀਟਿੰਗਾਂ ਦੇ ਸਿਲਸਿਲੇ ਵਿੱਚ ਜੁੜ ਗਏ।ਇਸ ਤੋਂ ਪਹਿਲਾਂ, ਉਹ ਲਿੰਕਨ ਮੈਮੋਰੀਅਲ ਅਤੇ ਮੈਕਸੀਕਨ ਦੇ ਸਾਬਕਾ ਰਾਸ਼ਟਰਪਤੀ ਬੈਨੀਟੋ ਜੁਆਰੇਜ਼ ਦਾ ਬੁੱਤ ਵੀ ਦੇਖਣ ਗਏ। ਦੋਵਾਂ ਨੇਤਾਵਾਂ ਨੇ ਸੰਯੁਕਤ ਰਾਜ-ਮੈਕਸੀਕੋ-ਕੈਨੇਡਾ ਸਮਝੌਤੇ (ਯੂਐਸਐਮਸੀਏ) ’ਤੇ ਸਖਤ ਨਿੰਦਾ ਕੀਤੀ, ਜੋ ਕਿ ਪਿਛਲੇ ਹਫਤੇ ਲਾਗੂ ਹੋਇਆ ਸੀ ਅਤੇ ਉੱਤਰੀ ਅਮਰੀਕਾ ਦੇ ਮੁਫਤ ਵਪਾਰ ਸਮਝੌਤੇ (ਨਾਫਟਾ) ਦੀ ਥਾਂ ਲੈ ਗਿਆ - ਜੋ ਟਰੰਪ ਦੇ ਵਿਰੁੱਧ ਵਾਰ-ਵਾਰ ਮੁਹਰਬੰਦ ਕੀਤਾ ਗਈ ਸੀ, ਉਸ ਤੇ ਵੀ ਚਰਚਾ ਕੀਤੀ ਗਈ। ਟਰੰਪ ਨੇ ਕਿਹਾ, ਅੱਜ ਅਸੀਂ ਕੁਝ ਦਿਨ ਪਹਿਲਾਂ ਇਕੱਠੇ ਹੋ ਕੇ ਇਤਿਹਾਸਕ ਜਿੱਤ ਦਾ ਜਸ਼ਨ ਮਨਾਉਂਦੇ ਹਾਂ ਜਦੋਂ ਨਾਫਟਾ ਨੂੰ ਅਧਿਕਾਰਤ ਤੌਰ ’ਤੇ ਖਤਮ ਕਰ ਦਿੱਤਾ ਗਿਆ ਸੀ, ਜਿਹੜਾ ਇਤਿਹਾਸ ਦਾ ਸਭ ਤੋਂ ਭੈੜਾ ਵਪਾਰ ਦਾ ਸੌਦਾ ਸੀ, ਅਤੇ ਇਸ



ਦੀ ਥਾਂ ਬਿਲਕੁਲ ਨਵਾਂ ਖੂਬਸੂਰਤ ਯੂ.ਐੱਸ.ਐੱਮ.ਸੀ.ਏ ਹੈ। ਇਸ ਦੌਰਾਨ ਲੋਪੇਜ਼ ਓਬਰਾਡੋਰ ਨੇ ਇਸ ਸਮਝੌਤੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਤਿੰਨੋਂ ਦੇਸ਼ਾਂ ਅਤੇ ਸਾਡੇ ਲੋਕਾਂ ਨੂੰ ਲਾਭ ਪਹੁੰਚਾਉਣ ਵਾਲੀ ਇਕ ਬਹੁਤ ਵੱਡੀ ਪ੍ਰਾਪਤੀ ਹੈ।ਇਸ ਦੌਰੇ ਵਿੱਚ ਇੱਕ ਡਿਨਰ ਵੀ ਸ਼ਾਮਿਲ ਸੀ , ਜਿੱਥੇ ਅਮਰੀਕੀ ਅਤੇ ਮੈਕਸੀਕਨ ਕੰਪਨੀਆਂ ਦੇ ਕਾਰੋਬਾਰੀ ਮਹਿਮਾਨ ਸ਼ਾਮਲ ਹੋਏ। ਮਹਿਮਾਨਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਦੂਰ ਸੰਚਾਰ, ਆਟੋ, ਵਿੱਤੀ, ਆਵਾਜਾਈ, ਊਰਜਾ ਅਤੇ ਮੀਡੀਆ ਕੰਪਨੀਆਂ ਦੇ ਸੀਈਓ ਆਦਿ ਦੇ ਅਧਿਕਾਰੀ ਬੜੀ ਸ਼ਾਮਿਲ ਹੋਏ।ਪਰ ਮੁਲਾਕਾਤ ਨੇ ਡੈਮੋਕਰੇਟਸ ਦੇ ਇਤਰਾਜ਼ ਉਠਾਏ ਸਨ। ਸਮੁੱਚੇ ਡੈਮੋਕਰੇਟਸ ਤੋਂ ਮਿਲ ਕੇ ਬਣੇ ਕਾਂਗਰਸ ਦੇ ਹਿਸਪੈਨਿਕ ਕਾਕਸ ਨੇ ਪਿਛਲੇ ਹਫ਼ਤੇ ਇੱਕ ਪੱਤਰ ਵਿੱਚ ਟਰੰਪ ਉੱਤੇ ਦੋਸ਼ ਲਾਇਆ ਸੀ ਕਿ ਉਨ੍ਹਾਂ ਨੇ ਇਸ ਮੀਟਿੰਗ ਨੂੰ ਮੰਚ ਤੋਂ ਦੂਰ ਕਰ ਦਿੱਤਾ ਸੀ। ਜਿਸ ਨੂੰ ਉਨ੍ਹਾਂ ਨੇ ਅਗਵਾਈ ਕਰਨ ਵਿੱਚ ਅਸਫਲਤਾ” ਕਿਹਾ ਸੀ ਕਿਉਂਕਿ ਕਈ ਰਾਜਾਂ ਵਿੱਚ ਕੋਰੋਨਵਾਇਰਸ ਕੇਸਾਂ ਵਿੱਚ



ਵਾਧਾ ਹੋਇਆ ਹੈ। ਟਰੰਪ ਦੇ ਇੱਕ ਅਧਿਕਾਰੀ ਨੇ ਦੱਸਿਆ, "ਇਹ ਸੱਚਮੁੱਚ ਸ਼ਰਮ ਦੀ ਗੱਲ ਹੈ ਕਿ ਇਸਦੀ ਵਰਤੋਂ ਰਾਜਸੀ ਸਹੂਲਤਾਂ ਲਈ ਕੀਤੀ ਜਾ ਰਹੀ ਹੈ।“ ਹਰੇਕ ਨੂੰ ਮਾਣ ਹੋਣਾ ਚਾਹੀਦਾ ਹੈ ਕਿ ਦੋਵਾਂ ਨੇਤਾਵਾਂ ਦੇ ਆਪਸੀ ਸਬੰਧ ਗੂੜੇ ਹੋਣ ਦੋਵੇ ਮੁੱਦੇ ਅਤੇ ਚੁਣੌਤੀਆਂ ਦਾ ਸਾਹਮਣਾ ਕਰਕੇ ਵਧੀਆ ਇਤਿਹਾਸ ਸਿਰਜਣ। ਜਿਕਰਯੋਗ ਹੈ ਕਿ ਰਾਸ਼ਟਰਪਤੀ ਟਰੰਪ ਦਾ ਮੈਕਸੀਕੋ ਨਾਲ ਕਈ ਵਾਰ ਤਣਾਅਪੂਰਨ ਰਿਸ਼ਤਾ ਰਿਹਾ ਹੈ, ਖ਼ਾਸਕਰ ਆਪਣੀ ਪਹਿਲੀ ਮੁਹਿੰਮ ਦੌਰਾਨ ਗੈਰਕਾਨੂੰਨੀ ਇਮੀਗ੍ਰੇਸ਼ਨ ਬਾਰੇ ਆਪਣੀ ਹਮਲਾਵਰ ਭਾਸ਼ਾ ਦੇ ਕਾਰਨ। ਪਿਛਲੇ ਸਾਲ, ਉਹਨਾਂ ਨੇ ਮੈਕਸੀਕੋ ’ਤੇ ਟੈਰਿਫ ਲਾਉਣ ਦੀ ਵੀ ਧਮਕੀ ਦਿੱਤੀ ਸੀ ।ਜੇ ਮੈਕਸੀਕੋ ਨੇ ਸਰਹੱਦ ਪਾਰੋਂ ਤੋ ਗੈਰਕਾਨੂੰਨੀ ਇਮੀਗ੍ਰੇਸ਼ਨ ਰੋਕਣ ਲਈ ਵਧੇਰੇ ਕੁਝ ਨਹੀਂ ਕੀਤਾ, ਜਿਸ ਦੇ ਨਤੀਜੇ ਵਜੋਂ ਦੋਵਾਂ ਵਿਚਾਲੇ "ਮੈਕਸੀਕੋ ਵਿੱਚ ਰਹੋ" ਨੀਤੀ ’ਤੇ ਵਧੇਰੇ ਸਹਿਯੋਗ ਹੋਇਆ ਹੈ।ਬੁੱਧਵਾਰ ਨੂੰ ਕਾਰਜਕਾਰੀ ਹੋਮਲੈਂਡ ਸੁੱਰਖਿਆ ਸੈਕਟਰੀ ਚੈਡ ਵੂਲਫ ਨੇ ਇਮੀਗ੍ਰੇਸ਼ਨ ਬਾਰੇ ਦੋਵਾਂ ਦੇਸ਼ਾਂ ਵਿਚਾਲੇ ਸਹਿਯੋਗ ਦੀ ਵੀ ਸ਼ਲਾਘਾ ਕੀਤੀ। ਅਤੇ ਕਿਹਾ ਕਿ ਮੈਕਸੀਕੋ ਨਾਲ ਸਾਡੀ ਮਹਾਨ ਸਾਂਝੇਦਾਰੀ ਸਦਕਾ, ਅਸੀਂ ਆਪਣੇ ਦੋਵਾਂ ਦੇਸ਼ਾਂ ਦਰਮਿਆਨ ਗੈਰਕਾਨੂੰਨੀ ਪਰਵਾਸ ਦੇ ਪ੍ਰਵਾਹ ਨੂੰ ਬਹੁਤ ਘੱਟ ਕਰ ਦਿੱਤਾ ਹੈ। ਅਸੀਂ ਮੈਕਸੀਕੋ ਨਾਲ ਅਪਰਾਧਿਕ ਗਤੀਵਿਧੀਆਂ ਨੂੰ ਰੋਕਣ ਲਈ ਕੰਮ ਜਾਰੀ ਰੱਖਣ ਦੀ ਵੀ ਉਮੀਦ ਕਰਦੇ ਹਾਂ ਜਿਸ ਵਿੱਚ ਨਸ਼ਾ ਤਸਕਰੀ ਅਤੇ ਬੰਦੂਕ ਦੀ ਹਿੰਸਾ ਨੂੰ ਸ਼ਾਮਲ ਕੀਤਾ ਹੈ। ਦੋਵਾਂ ਦੇਸ਼ਾਂ ਦਰਮਿਆਨ ਜ਼ਮੀਨੀ ਸਰਹੱਦ ਮੌਜੂਦਾ ਸਮੇਂ ਕੋਰੋਨਾ ਵਾਇਰਸ ਮਹਾਂਮਾਰੀ ਦੇ ਦੌਰਾਨ ਜ਼ਰੂਰੀ ਟ੍ਰੈਫਿਕ ਬੰਦ ਸੀ। ਪਰ ਹੁਣ ਮਾਲ ਬਾਰਡਰ ਦੇ ਪਾਰ ਲੰਘਣ ਦੇ ਯੋਗ ਹੋ ਗਿਆ ਹੈ। ਲੋਪੇਜ਼ ਓਬਰਾਡੋਰ ਨੇ ਇਸ ਦੌਰਾਨ ਨੋਟ ਕੀਤਾ ਹੈ ਕਿ ਟਰੰਪ ਨੇ ਮੈਕਸੀਕੋ ਨੂੰ ਤੇਲ ਉਤਪਾਦਨ ਕਰਨ ਵਾਲੇ ਹੋਰ ਦੇਸ਼ਾਂ ਨਾਲ ਉਤਪਾਦਨ ਵਿੱਚ ਕਟੌਤੀ ਕਰਨ ਲਈ ਸੌਦੇ ਤਕ ਪਹੁੰਚਣ ਵਿੱਚ ਸਹਾਇਤਾ ਕੀਤੀ ਅਤੇ ਨਾਲ ਹੀ ਕੋਰੋਨਾ ਵਾਇਰਸ ਨਾਲ ਲੜਨ ਲਈ ਦੇਸ਼ ਨੂੰ ਵਧੇਰੇ ਹਵਾਦਾਰੀ ਪ੍ਰਾਪਤ ਕਰਨ ਵਿੱਚ ਸਹਾਇਤਾ ਕੀਤੀ। ਦੋਵਾਂ ਨੇਤਾਵਾਂ ਦੀ ਇਸ ਮੀਟਿੰਗ ਦਾ ਲਾਭ ਟਰੰਪ ਨੂੰ ਹੋਵੇਗਾ, ਜਿਸ ਕਰਕੇ ਡੈਮੋਕਰੇਟਰ ਇਸ ਮੀਟਿੰਗ ਨੂੰ ਸਾਬੋਤਾਜ ਕਰਨ ਵਿੱਚ ਫੇਲ ਨਜ਼ਰ ਆਏ ਹਨ। ਟਰੰਪ ਦੀ ਇਸ ਮੀਟਿੰਗ ਨਾਲ ਦੋਵਾ ਦੇਸ਼ਾਂ ਤੇ ਦੋਵਾ ਨੇਤਾਵਾਂ ਦਰਮਿਆਨ ਵਧੀਆਂ ਸੰਬੰਧ ਹੋ ਗਏ ਹਨ। ਮੈਕਸੀਕਨ ਅਵਾਮ ਜੋ ਅਮਰੀਕਾ ਵਿੱਚ ਰਹਿ ਰਹੀ ਹੈ ਉਹਨਾਂ ਵਿੱਚ ਵੀ ਖ਼ੁਸ਼ੀ ਪਾਈ ਗਈ ਹੈ।ਆਸ ਹੈ ਕਿ ਟਰੰਪ ਨੂੰ ਇਸ ਦਾ ਲਾਹਾ ਆਉਣ ਵਾਲ਼ੀਆਂ ਚੋਣਾਂ ਵਿੱਚ ਮਿਲ ਸਕਦਾ ਹੈ।

# ਸ਼ਿਵਚਰਨ ਜੱਗੀ ਕੁੱਸਾ ਦਾ ਨਵਾਂ ਨਾਵਲ “ਦਰਦ ਕਹਿਣ ਦਰਵੇਸ਼” ਮਾਰਕੀਟ ’ਚ

**ਗਲਾਸਗੋ/ਲੰਡਨ: (ਮਨਦੀਪ ਖੁਰਮੀ ਹਿੰਮਤਪੁਰਾ):** ਸੰਸਾਰ-ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦੀ ਲੇਖਣੀ ਦਾ ਕੋਈ ਸਾਨੀ ਨਹੀਂ। ਨਾਵਲਾਂ ਤੋਂ ਲੈ ਕੇ ਫ਼ਿਲਮ ਸਕਰਿਪਟਾਂ ਤੱਕ, ਦਸ ਵਿਧਾਵਾਂ ਵਿੱਚ ਲਿਖਣ ਵਾਲੇ ਇਸ ਲੇਖਕ ਦਾ ਇੱਕ ਆਪਣਾ ਹੀ ਵਿਸ਼ਾਲ ਪਾਠਕ ਵਰਗ ਹੈ। ਪੰਜਾਬੀ ਮਾਂ-ਬੋਲੀ ਨਾਲ ਥੋੜ੍ਹਾ-ਬਹੁਤਾ ਨਾਤਾ ਰੱਖਣ ਵਾਲਾ ਹਰ ਵਿਅਕਤੀ ਉਸ ਦੇ ਨਾਂ ਤੋਂ ਵਾਕਿਫ਼ ਹੋਵੇਗਾ। ਉਹ ਆਪਣੇ ਬਹੁ-ਚਰਚਿਤ ਨਾਵਲ "ਪੁਰਜਾ ਪੁਰਜਾ ਕਟਿ ਮਰੈ" ਨਾਲ ਪੰਜਾਬੀ ਨਾਵਲਕਾਰੀ ਖੇਤਰ ਵਿੱਚ ਛੂਕਦਾ ਤੁਫ਼ਾਨ ਬਣ ਕੇ ਆਇਆ ਅਤੇ ਫ਼ਿਰ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਮੁੰਬਈ ਦੀ ਫ਼ਿਲਮ ਨਗਰੀ ਅਤੇ ਆਪਣੇ ਨਾਵਲਾਂ ਉਪਰ ਬਣ ਰਹੇ ਸੀਰੀਅਲ ਲਿਖਣ ਵਿੱਚ




ਮਸ਼ਰੂਫ਼ ਰਹਿਣ ਦੇ ਬਾਵਜੂਦ ਵੀ ਹਰ ਸਾਲ ਇੱਕ ਨਾਵਲ ਪੰਜਾਬੀ ਮਾਰਕੀਟ ਵਿੱਚ ਦੇਣਾ ਵੀ ਕੋਈ ਖਾਲਾ ਜੀ ਦਾ ਵਾੜਾ ਨਹੀਂ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਜੱਗੀ ਕੁੱਸਾ ਦੇ ਤਿੰਨ ਨਾਵਲ; ਪੁਰਜਾ ਪੁਰਜਾ ਕਟਿ ਮਰੈ, ਬਾਰ੍ਹੀਂ ਕੋਹੀਂ ਬਲ਼ਦਾ ਦੀਵਾ ਅਤੇ ਸੱਜਰੀ ਪੈੜ ਦਾ ਰੇਤਾ ਅੰਗਰੇਜ਼ੀ ਵਿੱਚ ਅਨੁਵਾਦ ਹੋ ਕੇ ਦੁਨੀਆਂ ਭਰ ਦੇ ਐਮਾਜ਼ੋਨ ਉਪਰ ਆਨਲਾਈਨ ਉਪਲੱਭਦ ਹਨ। ਹੁਣ ਉਸ ਦਾ ਚੌਥਾ ਨਾਵਲ "ਤਰਕਸ਼ ਟੰਗਿਆ ਜੰਡ" ਵੀ Into The Moonless Night ਦੇ ਨਾਮ ਹੇਠ ਅਨੁਵਾਦ ਹੋ ਕੇ ਤਿਆਰ ਹੋ ਚੁੱਕਾ ਹੈ ਅਤੇ ਬਹੁਤ ਜਲਦੀ ਐਮਾਜ਼ੋਨ ਉਪਰ ਆਨਲਾਈਨ ਮਿਲੇਗਾ। ਸ਼ਿਵਚਰਨ ਜੱਗੀ ਕੁੱਸਾ ਨੇ ਆਪਣੇ ਪਾਠਕ ਖ਼ੁਦ ਪੈਦਾ ਕੀਤੇ ਹਨ ਅਤੇ ਇੱਕ ਵੱਡਾ ਕਾਫ਼ਲਾ ਪੰਜਾਬੀ ਮਾਂ-ਬੋਲੀ ਦੇ ਕਾਫ਼ਲੇ ਨਾਲ ਜੋੜਿਆ ਹੈ। ਉਸ ਦੀ ਇੱਕ ਗੱਲ ਮੈਨੂੰ ਘੋਰ ਹੈਰਾਨ ਕਰ ਜਾਂਦੀ ਹੈ ਕਿ ਅੰਗਰੇਜ਼ੀ ਪੰਜਾਬੀ ਦੀਆਂ 35 ਕਿਤਾਬਾਂ ਦਾ ਲੇਖਕ ਹੋਣ ਦੇ ਬਾਵਜੂਦ ਉਸ ਨੇ ਅੱਜ ਤੱਕ ਆਪਣਾ ਇੱਕ ਵੀ ਨਾਵਲ ਰਿਲੀਜ਼ ਨਹੀਂ ਕੀਤਾ ਅਤੇ ਨਾ ਹੀ ਕਿਸੇ ਤੋਂ ਕਰਵਾਇਆ ਹੈ। ਮਸਤ ਰਹਿ ਕੇ ਲਿਖਣ ਵਾਲੇ ਜੱਗੀ ਕੁੱਸਾ ਦੇ ਨਵੇਂ ਨਾਵਲ "ਦਰਦ ਕਹਿਣ ਦਰਵੇਸ਼" ਨੇ ਹੁਣ ਮਾਰਕੀਟ ਵਿੱਚ ਆ ਦਸਤਕ ਦਿੱਤੀ ਹੈ, ਜਿਸ ਨੂੰ "ਲਾਹੌਰ ਬੁੱਕ ਸ਼ਾਪ ਲੁਧਿਆਣਾ" ਨੇ ਛਾਪਿਆ ਹੈ। ਇਸ ਕਿਤਾਬ ਦਾ ਮੁੱਖ-ਬੰਧ ਮਸ਼ਹੂਰ ਚਿੰਤਕ, ਮਰਹੂਮ ਆਤਮ ਹਮਰਾਹੀ ਜੀ ਦੀ ਬੇਟੀ ਮਨਦੀਪ ਕੌਰ ਭੰਮਰਾ ਨੇ ਲਿਖਿਆ ਹੈ। ਮਨਦੀਪ ਕੌਰ ਭੰਮਰਾ ਪਹਿਲਾਂ ਵੀ "ਜੱਗੀ ਕੁੱਸਾ ਦੇ ਨਾਵਲਾਂ ਵਿੱਚ ਯਥਾਰਥ" ਕਿਤਾਬ ਲਿਖ ਕੇ ਮਾਰਕੀਟ ਵਿੱਚ ਦੇ ਚੁੱਕੀ ਹੈ। ਅੱਜ ਕੱਲ੍ਹ ਜੱਗੀ ਕੁੱਸਾ ਆਪਣੀ ਸਵੈ-ਜੀਵਨੀ "ਬਾਜੀ ਲੈ ਗਏ ਕੁੱਤੇ" ਲਿਖਣ ਵਿੱਚ ਮਸ਼ਰੂਫ਼ ਹੈ, ਜਿਸ ਵਿੱਚ ਭਾਈਚਾਰੇ ਵਿੱਚ "ਬੀਬੇ" ਬਣ ਕੇ ਵਿਚਰਨ ਵਾਲੇ ਕਈ "ਮਹਾਂਰਥੀਆਂ" ਦੇ ਬਹੁਤ ਗੁੱਝੇ ਭੇਦ ਜੱਗ ਜਾਹਰ ਹੋਣਗੇ। ਨਾਵਲ "ਦਰਦ ਕਹਿਣ ਦਰਵੇਸ਼" ਪ੍ਰਾਪਤ ਕਰਨ ਲਈ “ਲਾਹੌਰ ਬੁੱਕ ਸ਼ਾਪ ਲੁਧਿਆਣਾ” ਦੇ ਕਰਤਾ ਧਰਤਾ ’ਗੁਰਮੰਨਤ’ ਨਾਲ +91 98147 32198 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਨਵੀਂ ਪਾਰਟੀ ਬਣਾ ਸਕਦੇ ਨੇ ਸਚਿਨ ਪਾਇਲਟ

ਨਵੀਂ ਦਿੱਲੀ- ਸਚਿਨ ਪਾਇਲਟ ਨੇ ਬੁੱਧਵਾਰ ਨੂੰ ਕਿਹਾ ਹੈ ਕਿ ਉਹ ਰਾਜਸਥਾਨ ਦੇ ਉਪ ਮੁੱਖ ਮੰਤਰੀ ਅਤੇ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਭਾਜਪਾ ਵਿੱਚ ਸ਼ਾਮਲ ਨਹੀਂ ਹੋ ਰਹੇ। ਪਾਇਲਟ ਨੇ ਵਿਸ਼ੇਸ਼ ਗੱਲਬਾਤ ਵਿੱਚ ਇਹ ਵੀ ਕਿਹਾ ਕਿ ਉਨ੍ਹਾਂ ਨੇ ਰਾਜਸਥਾਨ ਵਿੱਚ ਕਾਂਗਰਸ ਨੂੰ ਮੁੜ ਸੱਤਾ ਵਿੱਚ ਲਿਆਉਣ ਲਈ ਸਖਤ ਮਿਹਨਤ ਕੀਤੀ ਸੀ। ਪਾਇਲਟ ਨੇ ਕਿਹਾ ਕਿ ਰਾਜਸਥਾਨ ਦੇ ਕੁਝ ਨੇਤਾ ਅਫਵਾਹਾਂ ਫੈਲਾਅ ਰਹੇ ਹਨ ਕਿ ਮੈਂ ਭਾਜਪਾ ਵਿੱਚ ਸ਼ਾਮਲ ਹੋ ਰਿਹਾ ਹਾਂ, ਜਦੋਂਕਿ ਇਹ ਸੱਚ ਨਹੀਂ ਹੈ। ਪਾਇਲਟ ਨੇ ਦੋਵਾਂ ਮਹੱਤਵਪੂਰਨ ਅਹੁਦਿਆਂ ਤੋਂ ਹਟਾਏ ਜਾਣ ਤੋਂ ਬਾਅਦ ਪਹਿਲੀ ਵਾਰ ਅਜਿਹੀ ਜਨਤਕ ਟਿੱਪਣੀ ਕੀਤੀ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਉਹ ਆਪਣੀ ਨਵੀਂ ਪਾਰਟੀ ਬਣਾ ਸਕਦੇ ਹਨ। ਪਾਇਲਟ ਅਜੇ ਵੀ ਦੇਖਣਾ ਚਾਹੁੰਦੇ ਹਨ ਕਿ ਉਨ੍ਹਾਂ ਨਾਲ ਕਿੰਨੇ ਵਿਧਾਇਕ ਹਨ। ਉਨ੍ਹਾਂ ਕਿਹਾ ਕਿ ਉਹ ਛੇਤੀ ਹੀ ਆਪਣੇ ਅਗਲੇ ਕਦਮ ਬਾਰੇ ਫੈਸਲਾ ਕਰਨਗੇ। ਇਸ ਦੌਰਾਨ ਕਾਂਗਰਸ ਦੇ ਜਨਰਲ ਸਕੱਤਰ ਤੇ ਰਾਜਸਥਾਨ ਦੇ ਇੰਚਾਰਜ ਅਵਿਨਾਸ਼ ਪਾਂਡੇ ਨੇ ਕਿਹਾ ਹੈ ਕਿ ਜੇ ਸਚਿਨ ਮੁਆਫ਼ੀ ਮੰਗ ਲੈਣ ਤਾ ਗੱਲ ਬਣ ਸਕਦੀ ਹੈ।



BERKSHIRE HATHAWAY
BH HS
Home Services
Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ
ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
MLS
7412 Elsie Ave., Sacramento, CA 95828



‘ਦੇਸ਼ ਦੁਆਬਾ’
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

# ਮਰਦਮਸ਼ੁਮਾਰੀ ਦੌਰਾਨ ਹਰ ਆਦਿ-ਵਾਸੀ ਅਤੇ ਆਦਿ-ਧਰਮੀ ਵਿਅਕਤੀ ਆਪਣਾ ਧਰਮ "ਆਦਿ-ਧਰਮ" ਲਿਖਵਾਏ

ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਮੁੱਖ ਪ੍ਰਚਾਰਕ ਸੰਤ ਜੋਗਿੰਦਰ ਪਾਲ ਜੌਹਰੀ ਜੀ ਦੀ ਅੰਤਿਮ ਅਰਦਾਸ ਮੌਕੇ ਹੋਏ ਸਮਾਗਮ ਦੌਰਾਨ ਆਲ ਇੰਡੀਆ ਆਦਿ ਧਰਮ ਸਾਧੂ ਸਮਾਜ ਦੇ ਸਰਪ੍ਰਸਤ ਸੰਤ ਸਰਵਣ ਦਾਸ ਬੋਹਣ, ਚੇਅਰਮੈਨ ਸੰਤ ਨਿਰਮਲ ਦਾਸ ਬਾਬੇ ਜੌੜੇ, ਕੌਮੀ ਪ੍ਰਧਾਨ ਸੰਤ ਸਰਵਣ ਦਾਸ ਜੀ ਸਲੇਮ ਟਾਬਰੀ (ਲੁਧਿਆਣਾ), ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਆਦਿ ਧਰਮੀ ਕੌਮ ਦੇ ਇੱਕ ਵਿਸ਼ਾਲ ਇਕੱਠ ਦੌਰਾਨ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਅਤੇ ਹੋਰ ਆਦਿ ਮਹਾਂਪੁਰਖਾਂ ਨੂੰ ਮੰਨਣ ਵਾਲੀ ਸੰਗਤ ਨੂੰ ਪੁਰਜ਼ੋਰ ਅਪੀਲ ਕੀਤੀ ਕਿ 2021 ਵਿਚ ਹੋਣ ਵਾਲੀ ਮਰਦਮਸ਼ੁਮਾਰੀ ਦੌਰਾਨ ਹਰ ਆਦਿ-ਵਾਸੀ ਅਤੇ ਆਦਿ-ਧਰਮੀ ਵਿਅਕਤੀ ਧਰਮ ਦੇ ਖਾਨੇ ਵਿਚ ਆਪਣਾ ਧਰਮ ''ਆਦਿ-ਧਰਮ'' ਲਿਖਾਵੇ ਭਾਵੇਂ ਇਹ ਖਾਨਾ ਅਜੇ ਭਾਰਤ ਸਰਕਾਰ ਵੱਲੋਂ ਬੰਦ ਕੀਤਾ ਹੋਇਆ ਹੈ। ਉਨਾਂ ਕਿਹਾ ਕਿ ਲੰਬੇ ਸੰਘਰਸ਼ ਤੋਂ ਬਾਅਦ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅਗਵਾਈ ਹੇਠ ਆਦਿ-ਧਰਮ ਮੰਡਲ ਦੇ ਪਲੇਟ ਫਾਰਮ ਰਾਹੀਂ 1931 ਦੀ ਮਰਦਮਸ਼ੁਮਾਰੀ ਵਿਚ ਇਹ ਆਦਿ ਧਰਮ ਦਾ ਖਾਨਾ ਬਣਾਇਆ ਗਿਆ ਸੀ ਅਤੇ ਲੱਖਾਂ ਹੀ ਆਦਿ-ਵਾਸੀਆਂ ਨੇ ਆਪਣਾ ਧਰਮ ਆਦਿ-ਧਰਮ ਲਿਖਵਾਇਆ ਸੀ।

ਨਤੀਜੇ ਵਜੋਂ 1936 ਵਿਚ ਹੋਈਆਂ ਪੰਜਾਬ ਅਸੰਬਲੀ ਦੀਆਂ ਚੋਣਾਂ ਵਿਚ ਆਦਿ ਧਰਮ ਦੇ 7 ਨੁਮਾਇੰਦੇ ਚੁਣੇ




ਗਏ ਸੀ ਜੋ ਕਿ ਪੰਜਾਬ ਅਸੰਬਲੀ ਵਿਚ ਪਹੁੰਚੇ ਸਨ। ਇਹ ਧਰਮ ਦੀ ਹੀ ਤਾਕਤ ਦਾ ਨਤੀਜਾ ਸੀ। ਰਾਜਸੀ ਤਾਕਤ ਹਾਸਲ ਕਰਨ ਲਈ ਅਜੋਕੇ ਸਮੇਂ ਅਜਿਹਾ ਕਰਨ ਦੀ ਸਖ਼ਤ ਜ਼ਰੂਰਤ ਹੈ। ਉਹਨਾਂ ਸਪੱਸ਼ਟ ਕੀਤਾ ਕਿ ਆਦਿ ਧਰਮ ਇੱਕ ਵੱਖਰਾ ਧਰਮ ਹੈ ਇਹ ਕਿਸੇ ਹੋਰ ਧਰਮ ਦਾ ਹਿੱਸਾ/ਅੰਗ ਨਹੀਂ ਹੈ। ਆਦਿ ਧਰਮੀ ਕੌਮ ਦੀ ਆਪਣੀ ਵੱਖਰੀ ਪਹਿਚਾਣ ਹੈ ਅਤੇ ਇਸ ਦੇ ਰੀਤੀ ਰਿਵਾਜ਼ ਅਤੇ ਸੱਭਿਆਚਾਰ ਵੀ ਵੱਖਰਾ ਹੈ। ਪਰੰਤੂ ਇਹ ਸਾਡੀ ਬਦ-ਕਿਸਮਤੀ ਰਹੀ ਹੈ ਕਿ ਕੱਟੜਵਾਦੀ ਹਿੰਦੂ ਤਾਕਤਾਂ ਨੇ ਇਸ ਨੂੰ ਰੱਲਗਡ ਕਰਕੇ ਆਪਣੇ ਵਿਚ ਸਮੇਟਣ ਦੀ ਕੋਸ਼ਿਸ਼ ਕੀਤੀ ਹੈ ਅਤੇ ਦੇਸ਼ ਦੇ ਆਦਿ-ਵਾਸੀਆਂ ਨੂੰ ਘਟੀਆ ਦਰਜਾ ਦੇ ਕੇ ਇਹਨਾਂ ਨਾਲ ਗੈਰ-ਮਨੁੱਖੀ ਵਰਤਾਰਾ ਕੀਤਾ ਜਾ ਰਿਹਾ ਹੈ। ਉਹਨਾਂ ਜੋਰ ਦੇ ਕੇ ਕਿਹਾ ਕਿ ਜਿੰਨੀ ਦੇਰ ਤੱਕ ਅਸੀਂ ਧਾਰਮਿਕ ਤੌਰ 'ਤੇ ਇਕੱਠੇ ਨਹੀਂ ਹੁੰਦੇ ਓਨੀਂ ਦੇਰ ਤੱਕ ਅਸੀਂ ਰਾਜਸੀ ਤਾਕਤ ਵਜੋਂ ਉਭਰ ਨਹੀਂ ਸਕਦੇ। ਜਿੰਨੀ ਦੇਰ ਰਾਜਸੀ ਤਾਕਤ ਨਹੀਂ ਬਣਦੀ ਓਨੀਂ ਦੇਰ ਅਸੀਂ ਦੇਸ਼ ਦੇ ਹਾਕਮ ਨਹੀਂ ਬਣ ਸਕਦੇ।

ਉਹਨਾਂ ਦੁੱਖ ਪ੍ਰਗਟ ਕੀਤਾ ਕਿ ਸਾਡੇ ਹੀ ਕੁੱਝ ਲੋਕ ਹਿੰਦੂ ਵਾਦੀ ਤਾਕਤਾਂ ਦੇ ਹੱਥ ਠੋਕਾ ਬਣ ਕੇ ਸਾਡੇ ਸਮਾਜ ਵਿਚ ਪਾਟੋਧਾੜ ਪੈਦਾ ਕਰ ਰਹੇ ਹਨ ਅਤੇ ਕੌਮ ਨੂੰ ਵੰਡ ਕੇ ਵੱਖਰੇ ਧਰਮ ਦਾ ਰੌਲਾ ਪਾ ਰਹੇ ਹਨ। ਇਹ ਕੌਮ ਨੂੰ ਕਮਜ਼ੋਰ ਕਰ ਰਹੇ ਹਨ। ਜਦਕਿ ਅਪ੍ਰੈਲ 1932 ਵਿੱਚ ਆਦਿ-ਧਰਮ ਨੂੰ ਧਰਮ ਵੱਜੋਂ ਮਾਨਤਾ ਮਿਲ ਚੁੱਕੀ ਹੈ।

ਉਹਨਾਂ ਇਹ ਵੀ ਐਲਾਨ ਕੀਤਾ ਕਿ ਆਦਿ ਧਰਮ ਮਿਸ਼ਨ ਦੇ ਪਲੇਟ ਫਾਰਮ ਤੋਂ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਤੋਂ ਸਮਾਂ ਲੈ ਕੇ ਆਦਿ ਧਰਮ ਦੇ ਖਾਨੇ ਨੂੰ ਮੁੜ ਧਰਮ ਦੇ ਖਾਨੇ ਵਿਚ ਸ਼ਾਮਿਲ ਕਰਨ ਲਈ ਮੰਗ ਪੱਤਰ ਦਿੱਤਾ ਜਾਵੇਗਾ।

# ਬਸਪਾ ਵਲੋਂ ਦਲਿਤਾਂ ਅਤੇ ਸਿੱਖਾਂ ਉਪਰ ਝੂਠੇ ਪਰਚੇ ਦੇਣ ਨਾਲ ਕਾਂਗਰਸ ਦਾ ਫ਼ਿਰਕੂ ਚੇਹਰਾ ਨੰਗਾ ਹੋਇਆ

ਬਸਪਾ ਪੰਜਾਬ ਨੇ ਕੈਪਟਨ ਸਰਕਾਰ ਵਲੋਂ ਖਾਲਿਸਤਾਨ ਦੇ ਨਾਮ 'ਤੇ ਕਾਲੇ ਕਾਨੂੰਨਾਂ ਤਹਿਤ ਝੂਠੇ ਕੇਸ ਦਰਜ ਕਰਕੇ ਸਿੱਖ ਨੌਜਵਾਨਾਂ ਦੀ ਗ੍ਰਿਫ਼ਤਾਰੀ ਦੀ ਸਖ਼ਤ ਨਿਖੇਧੀ ਕੀਤੀ ਹੈ। ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਾਂਗਰਸ ਭਾਜਪਾ ਰਾਜ ਦੌਰਾਨ ਪੰਜਾਬ ਦਾ ਮਾਹੌਲ ਖਰਾਬ ਕਰਨ ਦੇ ਲਈ ਟਾਡਾ ਮੀਸ਼ਾ, ਪੋਟਾ ਵਰਗੇ ਕਾਲੇ ਕਾਨੂੰਨ ਮਨੂਵਾਦੀ ਸੋਚ ਤਹਿਤ ਵਰਤੇ ਗਏ ਸਨ, ਹੁਣ ਯੂਏਪੀਏ ਵਰਗੇ ਕਾਨੂੰਨ ਕਾਂਗਰਸ ਭਾਜਪਾ ਨੇ ਲਿਆਂਦੇ ਹਨ। ਜਿਸ ਨਾਲ 1980 ਤੋਂ ਬਾਦ ਪੰਜਾਬ ਨੂੰ 15 ਸਾਲ ਸਿੱਖ ਵਰਗ ਦੀ ਅਸੰਤੁਸਟੀ ਦਾ ਸੰਤਾਪ ਭੋਗਣਾ ਪਿਆ ਜਦੋਂ ਕਿ ਇਹ ਮੱਸਲੇ ਟੇਬਲ 'ਤੇ ਬੈਠ ਕੇ ਭਾਰਤੀ ਸੰਵਿਧਾਨ ਅਧੀਨ ਹੱਲ ਕੀਤੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਬਹੁਜਨ ਸਮਾਜ ਪਾਰਟੀ ਦੇ ਨਿਰਮਾਤਾ ਸ੍ਰੀ ਕਾਂਸ਼ੀ ਰਾਮ ਸਾਹਿਬ ਇਹੋ ਜਿਹੇ ਸੰਵਿਧਾਨ ਵਿਰੋਧੀ ਕਾਨੂੰਨਾਂ ਦੇ ਖਿਲਾਫ਼ ਸਨ। ਅਕਾਲੀ ਦਲ ਸਮੇਂ ਸਮੇਂ ਉਪਰ ਇਹਨਾਂ ਕਾਲੇ ਕਾਨੂੰਨਾਂ ਦੀ ਹੋਂਦ ਲਈ ਜਿੰਮੇਵਾਰ ਰਿਹਾ ਹੈ। ਹੁਣ ਕੈਪਟਨ ਸਰਕਾਰ ਇਹੋ ਜਿਹੇ ਕਾਨੂੰਨ ਪੰਜਾਬ ਵਿਚ ਵਰਤ ਕੇ ਫਿਰਕੂ ਮਾਹੌਲ ਸਥਾਪਤ ਕਰ ਰਹੀ ਹੈ, ਜਿਸ ਨਾਲ ਦਲਿਤ ਅਤੇ ਸਿੱਖ ਭਾਈਚਾਰੇ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀ ਕਾਂਗਰਸ ਦੇ ਹੱਥਠੋਕੇ ਗੰਗੂਵਾਦੀ ਫਿਰਕੂ ਨੇਤਾ ਸੁਧੀਰ ਸੂਰੀ ਨੇ ਸੋਸ਼ਲ ਮੀਡੀਏ ਉੱਤੇ



ਪਾਈ ਆਪਣੀ ਇਕ ਵੀਡੀਓ ਵਿੱਚ ਸਿੱਖ ਭਾਈਚਾਰੇ, ਪੰਜਾਬੀ ਔਰਤਾਂ ਬਾਰੇ ਅਜਿਹੀਆਂ ਘਟੀਆਂ ਗੱਲਾਂ ਕੀਤੀਆਂ ਹਨ, ਜਿਸ ਨੂੰ ਕੋਈ ਵੀ ਸਭਿਅਕ ਵਿਅਕਤੀ ਨਾ ਸੁਣ ਸਕਦਾ ਹੈ ਅਤੇ ਨਾ ਸਹਿਣ ਕਰ ਸਕਦਾ ਹੈ। ਗੜ੍ਹੀ ਨੇ ਕਿਹਾ ਕਿ ਕੈਪਟਨ ਦੀ ਕਾਂਗਰਸ ਸਰਕਾਰ ਨੇ ਸੂਬੇ ਵਿੱਚ ਨਿਸ਼ਾਂਤ ਸ਼ਰਮਾ ਅਤੇ ਸੁਧੀਰ ਸੂਰੀ ਵਰਗੇ ਸੈਂਕੜੇ ਫਿਰਕੂ ਆਗੂਆਂ ਨੂੰ ਪੁਲਿਸ ਸੁਰੱਖਿਆ ਦਿੱਤੀ ਹੋਈ ਹੈ ਅਤੇ ਪੰਜਾਬ ਨੂੰ 1984 ਵਰਗੇ ਕਾਲੇ ਸਮੇਂ ਵਿੱਚ ਧੱਕਣ ਲਈ ਕਾਂਗਰਸ ਸਾਜਿਸ਼ਾ ਕਰ ਰਹੀ ਹੈ।

ਪੰਜਾਬ ਵਿੱਚ ਕਾਂਗਰਸ ਰਾਜ ਵਿਚ ਨਸ਼ਿਆ ਨੂੰ ਖਤਮ ਕਰਨ ਦੀ ਝੂਠੀ ਸਹੁੰ ਦਾ ਪਾਜ ਖੁੱਲ੍ਹ ਗਿਆ ਹੈ ਜਦੋਂ ਪਿੰਡ ਨੰਦਾਚੌਰ ਦੇ ਦਲਿਤ ਸਰਪੰਚ ਉਪਰ ਜਿਸਨੇ ਆਪਣੇ ਪਿੰਡ ਵਿੱਚ ਨਸਿਆ ਖਿਲਾਫ ਮੁਹਿੰਮ ਛੇੜੀ ਸੀ, ਉਪਰ ਐਕਸਾਇਜ ਇੰਸਪੈਕਟਰ ਦੇ ਬਿਆਨਾਂ ਉਪਰ ਝੂਠਾ ਪਰਚਾ ਦਰਜ ਕੀਤਾ, ਸਰਪੰਚ ਨੂੰ ਠੇਕੇਦਾਰ ਦੀ ਅਗਵਾਈ ਵਿੱਚ ਅਗਵਾ ਕੀਤਾ, ਸਰਪੰਚ ਨਾਲ ਕੁੱਟਮਾਰ ਕੋਈ । ਹੋਸ਼ਿਆਰਪੁਰ ਦੇ ਥਾਣਾ ਬੁਲੋਵਾਲ ਵਿਚ ਸਰਪੰਚ ਉਪਰ ਕੀਤੇ ਝੂਠੇ ਪਰਚੇ ਦੀ ਬਸਪਾ ਨੇ ਕਾਂਗਰਸ ਦੀ ਨਿਖੇਧੀ ਕੀਤੀ। ਜਿਲਾ ਹੁਸ਼ਿਆਰਪੁਰ ਦੇ ਪਿੰਡ ਮਸ਼ਲੀਵਾਲ, ਤਾਰਾਗੜ੍ਹ, ਖਨੌੜਾ ਵਿਖੇ ਕਾਂਗਰਸੀਆਂ ਵਲੋਂ ਪੁਲਿਸ ਰਾਹੀਂ ਕੀਤੀ ਜਾ ਰਹੀ ਧੱਕੇਸਾਹੀ ਖਿਲਾਫ ਕਾਂਗਰਸ ਦੀ ਗੁੰਡਾਗਰਦੀ ਖਿਲਾਫ ਬਸਪਾ ਪੰਜਾਬ ਨੇ ਕਲ 14 ਜੁਲਾਈ ਨੂੰ ਸੂਬਾ ਪੱਧਰੀ ਮੀਟਿੰਗ ਬੁਲਾਈ ਹੈ। ਇਸ ਮੌਕੇ ਅੱਜ ਬੰਗਾ ਵਿਧਾਨ ਸਭਾ ਵਿੱਚ ਬਸਪਾ ਦੀ ਲੀਡਰਸ਼ਿਪ ਨਾਲ ਮੀਟਿੰਗ ਕੀਤੀ, ਬੂਥ ਪੱਧਰ ਤੱਕ ਸੰਗਠਨ ਖੜਾ ਕਰਨ ਲਈ ਸੂਬਾ ਪ੍ਰਧਾਨ ਨੇ ਟ੍ਰੇਨਿੰਗ ਕੈਪ ਲਗਾਕੇ ਹਲਕੇ ਵਿੱਚ ਜਿੰਮੇਵਾਰੀਆ ਦੀ ਵੰਡ ਕੀਤੀ। ਇਸ ਮੌਕੇ ਜ਼ੋਨ ਇੰਚਾਰਜ ਪਰਵੀਨ ਬੰਗਾ, ਜਿਲ੍ਹਾ ਪ੍ਰਧਾਨ ਮਨੋਹਰ ਕਮਾਮ, ਹਲਕਾ ਪ੍ਰਧਾਨ ਸੁੰਡਾ ਜੀ, ਹਰਬਿਲਾਸ ਬਸਰਾ, ਨੀਲਮ ਸਹਿਜਲ, ਮਨੋਹਰ ਬਹਿਰਾਮ, ਹਰਪ੍ਰੀਤ ਡਾਹਰੀ, ਆਦਿ ਹਾਜ਼ਿਰ ਸਨ।

# ਪੰਜਾਬ ਕਾਂਗਰਸ ਤੇ ਕੇਂਦਰ ਸਰਕਾਰ ਪੋਸਟ ਮੈਟ੍ਰਿਕ ਵਜ਼ੀਫ਼ਾ ਸਕੀਮ ਲਾਗੂ ਕਰਨ ਵਿੱਚ ਅਸਫ਼ਲ--- ਬਸਪਾ ਸੂਬਾ ਪ੍ਰਧਾਨ

ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਪੰਜਾਬ ਵਿੱਚ ਕਾਂਗਰਸ ਸਰਕਾਰ ਦੇ ਰਾਜ ਵਿੱਚ ਦਮ ਘੁੱਟਿਆ ਪਿਆ ਹੈ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕੀਤਾ ਉਨ੍ਹਾਂ ਦੱਸਿਆ ਕਿ ਪੰਜਾਬ ਦੀ ਕਾਂਗਰਸ ਸਰਕਾਰ ਤੇ ਕੇਂਦਰ ਦੀ ਭਾਜਪਾ ਸਰਕਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਨੂੰ ਅਮਲੀ ਤੌਰ ਤੇ ਲਾਗੂ ਨਾ ਕਰਕੇ ਇੱਕ ਦੂਜੇ ਉਪਰ ਇਸ ਦੀ ਅਸਫਲਤਾ ਲਈ ਦੂਸ਼ਣਬਾਜ਼ੀ ਕਰਦੇ ਹਨ, ਪਰ ਇਸ ਦਾ ਖਮਿਆਜ਼ਾ ਗਰੀਬ ਐਸਸੀ, ਬੀ ਸੀ ਅਤੇ ਘੱਟ ਗਿਣਤੀ ਕੌਮਾਂ ਦੇ ਵਿਦਿਆਰਥੀਆਂ ਨੂੰ ਭੁਗਤਣਾ ਪੈ ਰਿਹਾ ਹੈ ਅਤੇ ਨਿੱਜੀ ਕਾਲਜ ਪਿਛਲੇ ਕਈ ਵਰ੍ਹਿਆਂ ਤੋਂ ਇਨ੍ਹਾਂ ਵਿਦਿਆਰਥੀਆਂ ਨੂੰ ਫ਼ੀਸਾਂ ਭਰਨ ਲਈ ਮਜ਼ਬੂਰ ਤੇ ਜ਼ਲੀਲ ਕਰ ਰਹੇ ਹਨ। ਪਰ ਸਰਕਾਰਾਂ ਮੂਕ ਦਰਸ਼ਕ ਬਣ ਸਭ ਕੁਝ ਦੇਖ ਰਹੀਆਂ ਹਨ । ਜਿਸ ਦੇ ਸਿੱਟੇ ਵਜੋਂ ਲਗਪਗ ਛੇ ਲੱਖ



ਗਰੀਬ ਵਿਦਿਆਰਥੀਆਂ ਦਾ ਭਵਿੱਖ ਦਾਅ ਤੇ ਲੱਗਿਆ ਹੋਇਆ ਹੈ ਕਿਉਂਕਿ ਇਮਤਿਹਾਨਾਂ ਵੇਲੇ ਨਿੱਜੀ ਕਾਲਜ ਇਨ੍ਹਾਂ ਨੂੰ ਫ਼ੀਸਾਂ ਭਰਨ ਲਈ ਦਬਾਅ ਬਣਾਉਂਦੇ ਹਨ ਤੇ ਮਾੜੀ ਆਰਥਿਕਤਾ ਕਾਰਨ ਵਿਦਿਆਰਥੀ ਮਾਨਸਿਕ ਤੌਰ ਤੇ ਪ੍ਰੇਸ਼ਾਨ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਕੇਂਦਰੀ ਸਪਾਂਸਰਡ ਸਕੀਮ ਅਧੀਨ 2016-17 ਤੱਕ ਕੇਂਦਰ ਤੇ ਸੂਬਾ ਸਰਕਾਰ ਦਾ ਸ਼ੇਅਰ 90:10 ਸੀ ਤੇ ਇਸ ਤੋਂ ਬਾਅਦ ਕੇਂਦਰ ਸਰਕਾਰ ਦੀਆਂ ਐਸਸੀ ਬੀ ਸੀ ਅਤੇ ਘੱਟ ਗਿਣਤੀ ਕੌਮਾਂ ਦੇ ਵਿਦਿਆਰਥੀਆਂ ਪ੍ਰਤੀ ਗਲਤ ਨੀਤੀਆਂ ਕਾਰਨ ਇਸ ਦੇ ਸ਼ੇਅਰ ਨੂੰ 60:40 ਤੇ ਪੈਟਰਨ ਤੇ ਕਰਨ ਲਈ ਲਗਾਤਾਰ ਸੂਬਾ ਸਰਕਾਰਾਂ ਤੇ ਕੇਂਦਰ ਵੱਲੋਂ ਦਬਾਅ ਬਣਾਇਆ ਜਾ ਰਿਹਾ ਹੈ। ਕਾਂਗਰਸ ਅਤੇ ਭਾਜਪਾ ਦੀ ਇਸ ਆਪਸੀ ਕਸ਼ਮਕਸ਼ ਵਿੱਚ ਇਨ੍ਹਾਂ ਗਰੀਬ ਵਿਦਿਆਰਥੀਆਂ ਦੇ ਪੱਲੇ ਕੁਝ ਨਹੀਂ ਪਿਆ ਤੇ ਉੱਪਰੋਂ ਪੰਜਾਬ ਕਾਂਗਰਸ ਸਰਕਾਰ ਦੀ ਨਾਲਾਇਕੀ ਹੱਦੋਂ ਵੱਧ ਇਨ੍ਹਾਂ ਗਰੀਬ ਵਿਦਿਆਰਥੀਆਂ ਲਈ ਨੁਕਸਾਨਦਾਇਕ ਸਾਬਿਤ ਹੋਈ, ਨਾ ਤਾਂ ਸੂਬਾ ਸਰਕਾਰ ਨੇ ਕੇਂਦਰ ਵੱਲੋਂ ਪੱਲਾ ਝਾੜਨ ਮੌਕੇ ਵਿਦਿਆਰਥੀਆਂ ਦਾ ਸਹੀ ਪੱਖ ਕੇਂਦਰ ਕੋਲ ਰੱਖਿਆ ਅਤੇ ਨਾ ਹੀ ਖ਼ਜ਼ਾਨੇ ਵਿੱਚੋਂ ਕੇਂਦਰ ਦੇ ਮੁਕਰਨ ਮਗਰੋਂ ਕੋਈ ਰਾਹਤ ਇਨ੍ਹਾਂ ਵਿਦਿਆਰਥੀਆਂ ਲਈ ਕਿਸੇ ਵੀ ਬਜਟ ਵਿੱਚ ਰੱਖੀ ਗਈ, ਜਿਸ ਕਾਰਨ ਅੱਜ ਲੱਗਭੱਗ 34% ਐਸ ਸੀ ਆਬਾਦੀ, 60% ਘੱਟ ਗਿਣਤੀ ਕੌਮਾਂ ਦੀ ਆਬਾਦੀ, 24% ਬੀ ਸੀ ਆਬਾਦੀ ਹੋਣ ਦੇ ਬਾਵਜੂਦ ਵੀ ਐਸਸੀ ਸਮਾਜ ਦੇ ਗ਼ਰੀਬ ਵਿਦਿਆਰਥੀ ਕਾਂਗਰਸ ਰਾਜ ਵਿੱਚ ਧੱਕੇ ਖਾਣ ਲਈ ਮਜਬੂਰ ਹੋਏ ਪਏ ਨੇ।

ਇਸ ਵਜ਼ੀਫਾ ਸਕੀਮ ਵਿੱਚ ਹਾਲੀਆ ਹੋਏ 55.97ਕਰੋੜ ਰੁਪਏ ਦੇ ਗਬਨ ਤੇ ਬੋਲਦਿਆਂ ਹੋਇਆ ਗੜ੍ਹੀ ਜੀ ਨੇ ਦੱਸਿਆ ਕਿ ਪਿਛਲੇ ਦਿਨੀਂ 248.11 ਕਰੋੜ ਰੁਪਏ ਇਨ੍ਹਾਂ ਪ੍ਰਾਈਵੇਟ ਕਾਲਜਾਂ ਨੂੰ ਸਰਕਾਰ ਵੱਲੋਂ ਰਿਲੀਜ਼ ਕੀਤੇ ਗਏ ਪਰ 192.14 ਕਰੋੜ ਰੁਪਏ ਦਾ ਹਿਸਾਬ ਕਿਤਾਬ ਸਰਕਾਰ ਕੋਲ ਮੇਲ ਖਾ ਰਿਹਾ ਹੈ ਪਰ 55.97 ਕਰੋੜ ਰੁਪਏ ਦਾ ਹਿਸਾਬ ਕਿਤਾਬ ਨਾਲ ਮੇਲ ਨਹੀਂ ਖਾ ਰਹੇ ,ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਨ੍ਹਾਂ ਗਰੀਬ ਵਿਦਿਆਰਥੀਆਂ ਦੇ ਹਿੱਤਾਂ ਦੀ ਇਨ੍ਹਾਂ ਸਰਕਾਰਾਂ ਨੂੰ ਕੋਈ ਪਰਵਾਹ ਨਹੀਂ ਹੈ। ਸ਼ਿਰੋਮਣੀ ਅਕਾਲੀ ਦਲ ਵਿਦਿਆਰਥੀਆਂ ਨਾਲ ਹੋ ਰਹੇ ਧੱਕੇ ਵਿਚ ਪੂਰੀਆਂ ਤਰ੍ਹਾਂ ਨਾਲ ਸ਼ਾਮਿਲ ਹੈ।

ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜੀ ਨੇ ਮਹਾਰਾਸ਼ਟਰ ਵਿਚ ਬਾਬਾ ਸਾਹਿਬ ਅੰਬੇਡਕਰ ਦੇ ਘਰ ਨੂੰ ਸਰਾਰਤੀਆਂ ਵਲੋਂ ਤੋੜਨ ਦੀ ਕੋਸਿਸ ਨੂੰ ਕਾਂਗਰਸ ਦੀ ਨਾਲਾਇਕੀ ਦਸਿਆ। ਫਗਵਾੜਾ ਵਿੱਚ ਹੋਈ ਇਸ ਅਹਿਮ ਮੀਟਿੰਗ ਵਿੱਚ ਸੂਬਾ ਪ੍ਰਧਾਨ ਨੇ ਨਗਰ ਨਿਗਮ ਦੀਆਂ ਚੋਣਾਂ ਲਈ ਨਿਰਦੇਸ਼ ਜਾਰੀ ਕੀਤੇ ਅਤੇ ਸੂਬਾ ਜਨਰਲ ਸਕੱਤਰ ਸ਼੍ਰੀ ਰਮੇਸ਼ ਕੋਲ ਅਤੇ ਸੀਨੀਅਰ ਬਸਪਾ ਆਗੂ ਸ਼੍ਰੀ ਹਰਭਜਨ ਬੱਲਾਲੋਂ ਦੀ ਸਾਂਝੀ ਅਗਵਾਈ ਵਿਚ ਸੱਤ ਮੈਂਬਰੀ ਕਮੇਟੀ ਦਾ ਐਲਾਨ ਕੀਤਾ ਜਿਸ ਵਿਚ ਜੋਨ ਇੰਚਾਰਜ ਸ਼੍ਰੀ ਲੇਖ ਰਾਜ ਜਮਾਲਪੁਰ, ਇੰਚਾਰਜ ਮਨੋਹਰ ਲਾਲ ਜਾਖੂ, ਪ੍ਰਧਾਨ ਚਿਰੰਜੀ ਲਾਲ, ਸਹਿਰੀ ਪ੍ਰਧਾਨ ਬਲਵਿੰਦਰ ਬੋਧ ਅਤੇ ਸ਼੍ਰੀ ਕਾਲਾ ਪ੍ਰਭਾਕਰ ਜੀ ਸ਼ਾਮਿਲ ਹਨ।





ਏਕਮਜੋਤ ਸਿੰਘ ਪੁਰਬਾ - ਉਮੰਗਦੀਪ ਕੌਰ ਪੁਰਬਾ
ਪਿਤਾ: ਸ. ਭਵਨਦੀਪ ਸਿੰਘ ਪੁਰਬਾ, ਮਾਤਾ: ਭਾਗਵੰਤੀ ਪੁਰਬਾ
ਪਤਾ: 1195, ਅਜੀਤ ਨਗਰ ਮੋਗਾ (ਪੰਜਾਬ)

## ਲੜਕੀ ਦੀ ਲੋੜ

Boy 30 Years, 5'10", Handsome Punjabi Hindu M.Sc. Plant Biotechnology, Bio-Medical Engineer Born and Educated in USA. Looking for beautiful, well-educated girl.
Please E-mail: cbob255@gmail.com your Bio-Data
Call us at Tel: 1-847-809-5340

## ਲੜਕੀ ਦੀ ਲੋੜ

ਕਮਲ ਬਾਬਰ, ਜਨਮ 1989 (ਜਲੰਧਰ), ਕੱਦ 5 ਫੁੱਟ 8 ਇੰਚ, ਜਾਤੀ ਬਾਬਰ, ਗੋਤਰ ਖੋਸਲ, ਬੀ਼ ਏ਼ ਪਾਸ ਬਿਜਨਸਮੈਨ, ਕੁਆਰੇ ਲੜਕੇ ਲਈ ਲੜਕੀ ਦੀ ਲੋੜ ਹੈ। ਲੜਕਾ ਮੰਗਲੀਕ ਹੈ, ਜੋ ਕਿ ਸੱਤਕਰਤਾਰ ਐਨਕਲੇਵ ਜਲੰਧਰ ਵਿਖੇ ਰਹਿੰਦਾ ਹੈ। ਪਿਤਾ ਦਾ ਨਾਂ ਅਸ਼ਵਨੀ ਬਾਬਰ (ਬਿਜਨਸਮੈਨ), ਮਾਤਾ ਘਰੇਲੂ ਔਰਤ। ਲੜਕੇ ਦਾ ਇਕ ਭਰਾ ਅਮਰੀਕਾ ਵਿਚ ਸੈਟਲ ਹੈ ਅਤੇ ਦੋ ਭੈਣਾਂ ਵਿਆਹੀਆਂ ਹੋਈਆਂ ਹਨ। ਪਰਿਵਾਰ ਮਾਡਰਨ ਅਤੇ ਵੈਜੀਟੇਰੀਅਨ ਹੈ। ਅਮਰੀਕਾ ਵਿਚ ਸੈਟਲ ਲੜਕੀ ਨੂੰ ਤਰਜੀਹ।
ਸੰਪਰਕ ਕਰੋ: 1-718-709-1908

# ਸ੍ਰੀ ਗੁਰੂ ਰਵਿਦਾਸ ਸੰਸਥਾ ਅਤੇ ਡਾ.ਅੰਬੇਡਕਰ ਚੇਤਨਾ ਮੰਚ ਵੱਲੋਂ ਬੱਚਿਆਂ ਨੂੰ ਸਟੇਸ਼ਨਰੀ ਮੁਫਤ ਭੇਟ ਕੀਤੀ

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿ. ਬਿਨਪਾਲਕੇ ਅਤੇ ਡਾ. ਭੀਮ ਰਾਓ ਅੰਬੇਡਕਰ ਚੇਤਨਾ ਮੰਚ ਭੋਗਪੁਰ ਵੱਲੋ ਬੱਚਿਆਂ ਨੂੰ ਡਾ. ਅੰਬੇਡਕਰ ਲਾਇਬ੍ਰੇਰੀ ਪਿੰਡ ਚੁਖਿਆਰਾ ਵਿਖੇ ਕਾਪੀਆਂ ਅਤੇ ਪੈਨ ਮੁਫ਼ਤ ਭੇਟ ਕੀਤੇ ਗਏ। ਇਹ ਸਟੇਸ਼ਨਰੀ ਮਾਸਟਰ ਅਰਸ਼ਦੀਪ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਘਰ-ਘਰ ਪਹੁੰਚਾਈ ਗਈ। ਸੰਸਥਾ ਦੇ ਸੀਨੀਅਰ ਆਗੂ ਸੂਬੇਦਾਰ ਮੇਜਰ ਪਿਆਰੇ ਲਾਲ ਦੀ ਪ੍ਰੇਰਨਾ ਸਦਕਾ ਸੰਸਥਾ ਨੇ ਵਿਦਿਆਰਥੀਆਂ ਵਾਸਤੇ ਵੱਖ-ਵੱਖ ਵਿਸ਼ਿਆਂ ਦੀਆਂ ਕਾਪੀਆਂ ਤਿਆਰ ਕੀਤੀਆਂ ਹਨ। ਇਸ ਕਾਪੀ ਦਾ ਨਾਂ ਭੀਮ ਮਿਸ਼ਨ ਨੋਟ-ਬੁੱਕ ਹੈ ਅਤੇ ਇਸ ਦੇ ਟਾਈਟਲ ਤੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਵਿਚਾਰ ਅੰਕਿਤ ਹਨ ਅਤੇ ਅੰਦਰਲੇ ਟਾਈਟਲ ਤੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ







ਪੜਨ ਦੀ ਪ੍ਰੇਰਨਾ, ਸਿੱਖਿਆ ਪ੍ਰਾਪਤੀ, ਵਾਤਾਵਰਨ, ਸਿਹਤ ਅਤੇ ਕਰੋਨਾ ਸਬੰਧੀ ਸੰਦੇਸ਼ ਅੰਕਿਤ ਹਨ। ਡਾ. ਅੰਬੇਡਕਰ ਚੇਤਨਾ ਮੰਚ ਭੋਗ-ਪੁਰ ਦੇ ਆਗੂ ਮਾਸਟਰ ਸੁਰਤੀ ਲਾਲ ਨੇ ਦੱਸਿਆ ਕਿ ਮੰਚ ਵੱਲੋਂ ਇਹ ਭੀਮ ਮਿਸ਼ਨ ਨੋਟ-ਬੁੱਕ ਸਾਰੇ ਵਿਦਿਆਰਥੀਆਂ ਲਈ ਲਾਗਤ ਤੋਂ ਘੱਟ ਕੀਮਤ ਤੇ ਉਪਲਬਧ ਕਰਵਾਈ ਜਾ ਰਹੀ ਹੈ। ਇਸ ਮੌਕੇ ਸੁਖਦੇਵ ਰਾਜ, ਜਤਿੰਦਰ ਕੁਮਾਰ, ਦੇਵ ਰਾਜ, ਬਲਵਿੰਦਰ ਕਾਲਰਾ, ਚਰਨਜੀਤ ਬਿਨਪਾਲਕੇ, ਲਸ਼ਮਣ ਵਿੱਕੀ ਅਤੇ ਹੋਰ ਮੈਂਬਰ ਹਾਜ਼ਰ ਸਨ। ਡਾ. ਭੀਮ ਰਾਉ ਅੰਬੇਡਕਰ ਮਿਸ਼ਨ ਸੁਸਾਇਟੀ ਚੁਖਿਆਰਾ ਦੇ ਪ੍ਰਧਾਨ ਮਨਜੀਤ ਸਿੰਘ ਅਤੇ ਜਨਰਲ ਸਕੱਤਰ ਸੁਖਵਿੰਦਰ ਪਾਲ ਨੇ ਆਏ ਹੋਏ ਸਮੈਂਬਰਾਂ ਦਾ ਧੰਨਵਾਦ ਕੀਤਾ।

**ਰਿਪੋਰਟ ਚਰਨਜੀਤ ਸਿੰਘ ਬਿਨਪਾਲਕੇ**

# ਦਰਬਾਰ ਸਾਹਿਬ ਹਮਲੇ ਅਤੇ ਪੰਜਾਬ ਨੂੰ ਪੁਲਸੀਆ ਰਾਜ ਬਣਾਉਣ ਲਈ ਕਾਂਗਰਸ ਭਾਜਪਾ ਜਿੰਮੇਵਾਰ - ਬਸਪਾ ਸੂਬਾ ਪ੍ਰਧਾਨ ਗੜ੍ਹੀ

## ਸਿਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਤੇ ਦਰਬਾਰ ਸਾਹਿਬ ਅੰਦਰ ਪੁਲੀਸ ਹਾਜ਼ਰੀ ਦੀ ਬਸਪਾ ਵਲੋਂ ਨਿਖੇਧੀ

ਬਹੁਜਨ ਸਮਾਜ ਪਾਰਟੀ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਪੁਲੀਸ ਛਾਉਣੀ ਬਣਾਉਣ ਤੇ ਦਰਬਾਰ ਸਾਹਿਬ ਸਮੂਹ/ਪਰਕਰਮਾ ਵਿਚ ਚਿਟ ਕਪੜੀਆ ਪੁਲੀਸ ਦਾ ਪਹਿਰਾ ਲਗਾਉਣ ਕਾਰਣ ਕੈਪਟਨ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਜਦ ਸ਼੍ਰੋਮਣੀ ਕਮੇਟੀ ਦੀ ਸੁਰਖਿਆ ਪ੍ਰਬੰਧਾਂ ਲਈ ਟਾਸਕ ਫੋਰਸ ਹੈ ਤਾਂ ਤੇ ਗੁਰੂ ਗਰੰਥ ਸਾਹਿਬ ਨੂੰ ਮੰਨਣ ਵਾਲੇ ਭਾਈਚਾਰੇ ਨੂੰ ਜਲੀਲ ਕਰ ਚੁਕੀ ਹੈ। ਉਹਨਾਂ ਦਸਿਆ ਕਿ ਬਹੁਤੇ ਸਿੱਖ ਇਹੀ ਸਮਝਦੇ ਹਨ ਕਿ ਜੂਨ 1984 ਵਿਚ ਹੀ ਭਾਰਤੀ ਹਕੂਮਤ ਵਲੋਂ ਦਰਬਾਰ ਸਾਹਿਬ ਉੱਤੇ ਪਹਿਲੀ ਵਾਰ ਹਮਲਾ ਕੀਤਾ ਗਿਆ ਸੀ । ਪਰ ਦੇਸ਼ ਦੀ ਆਜ਼ਾਦੀ ਤੋਂ ਦੇ ਕਰੀਬ 8 ਸਾਲਾਂ (4 ਜੁਲਾਈ 1955) ਦੇ ਸਾਢੇ ਬਾਰਾਂ ਵਜੇ ਪੁਲੀਸ ਉਹਨਾਂ ਦੇ ਮਕਾਨ ਉਪਰ ਪੁੱਜੀ ਤਾਂ ਉਹਨਾਂ ਪੁੱਛਿਆ 'ਮੇਰੇ ਵਰੰਟ ਕਿੱਥੇ ਹਨ'', ਉੱਤਰ ਵਿਚ ਪੁਲੀਸ ਪਾਰਟੀ ਦੇ ਇੰਚਾਰਜ ਥਾਣੇਦਾਰ ਨੇ ਕਿਹਾ 'ਮੈਂ ਆਪ ਹੀ ਵਰੰਟ ਹਾਂ ।''

ਇਤਿਹਾਸ ਵਿੱਚ ਪਹਿਲੀ ਵਾਰ ਮੁਗਲ ਰਾਜ ਵਿਚ ਸਿਧਾਂਤ ਹੈ।

ਸਮੂਹ ਸਿੱਖ ਜਥੇਬੰਦੀਆਂ ਨੂੰ ਬਸਪਾ ਪੰਜਾਬ ਵਿਚ ਜੁੜਨ ਦਾ ਸੱਦਾ ਦਿੰਦਿਆਂ ਸਰਦਾਰ ਗੜੀ ਨੇ ਕਿਹਾ ਬਸਪਾ ਪੰਜਾਬ ਵਿਚ ਮਜਬੂਤ ਤੀਜਾ ਬਦਲ ਦੇਵੇਗੀ ਜੋਕਿ ਪੰਜਾਬ ਵਿਚ ਕਾਂਗਰਸ ਤੇ ਭਾਜਪਾ ਗਠਜੋੜ ਨੂੰ ਹਰਾਉਣ ਦਾ ਕੰਮ ਕਰੇਗਾ।







ਅਜਿਹੀ ਕਾਰਵਾਈ ਤੇ ਦਖਲ ਅੰਦਾਜ਼ੀ ਦੀ ਲੋੜ ਨਹੀ ਸੀ ਜੋ ਸਿਖ ਜਗਤ ਵਿਚ ਰੋਸ ਪੈਦਾ ਕਰੇ। ਉਹਨਾਂ ਕਿਹਾ ਕਿ ਬੇਵਜਾ ਸਿਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਤੇ ਥਾਣਿਆਂ ਵਿਚ ਹਾਜ਼ਰੀ ਪੰਜਾਬ ਵਿਚ ਜਮਹੂਰੀ ਮਾਹੌਲ ਨੂੰ ਖਰਾਬ ਕਰਨਗੀਆਂ। ਬਹੁਜਨ ਸਮਾਜ ਪਾਰਟੀ ਦੇ ਪੰਜਾਬ ਪ੍ਰਧਾਨ ਜਸਬੀਰ ਸਿੰਘ ਗੜੀ ਨੇ ਕਿਹਾ ਕਿ ਪੰਜਾਬ ਨੂੰ ਪੁਲੀਸ ਰਾਜ ਬਣਾਉਣ ਤੋਂ ਕੈਪਟਨ ਸਰਕਾਰ ਗੁਰੇਜ਼ ਕਰੇ ਤੇ ਸੰਵਿਧਾਨਕ ਨਿਯਮਾਂ ਦਾ ਪਾਲਣਾ ਕਰਦਿਆਂ ਪੰਜਾਬੀਆਂ ਦੀਆਂ ਮੁਸ਼ਕਲਾਂ ਦਾ ਹਲ ਕਰੇ। ਉਹਨਾਂ ਕਿਹਾ ਕਿ ਕੈਪਟਨ ਸਰਕਾਰ ਦਾ ਰਵਈਆ ਦਲਿਤ ਤੇ ਸਿਖ ਵਿਰੋਧੀ ਹੈ। ਕਾਂਗਰਸ ਸਰਕਾਰ ਆਰ ਐੱਸ ਐੱਸ ਦੇ ਹੁਕਮਾਂ ਮੁਤਾਬਕ ਦਰਬਾਰ ਸਾਹਿਬ ਨੂੰ ਪੁਲਸ ਬਸਤੀ ਬਣਾਕੇ ਸਿਖ ਜਗਤ ਨੂੰ ਜਲੀਲ ਕਰ ਰਿਹਾ ਹੈ। ਇਹ ਗੈਰ ਸਿਧਾਂਤਕ ਕਾਰਵਾਈ ਹੈ। ਇਸ ਤੋਂ ਪਹਿਲਾਂ ਦੋ ਵਾਰ ਦਰਬਾਰ ਸਾਹਿਬ ਉਪਰ ਕਾਂਗਰਸ ਸਰਕਾਰ ਫੌਜੀ ਕਾਰਵਾਈ ਕਰਕੇ ਸਿਖ ਜਗਤ ਬਾਅਦ ਹੀ ਕਾਂਗਰਸੀ ਰਾਜ ਦੌਰਾਨ ਪੁਲੀਸ ਮੁਖੀ ਮਹਾਸ਼ਾ ਅਸ਼ਵਨੀ ਕੁਮਾਰ ਨੇ ਸਿਖ਼ਰ ਦੁਪਹਿਰੇ ਲਾਠੀਆਂ, ਬੰਦੂਕਾਂ, ਪਿ-ਸਤੌਲਾਂ ਅਤੇ ਟੀਅਰ ਗੈਸ ਨਾਲ ਲੈਸ ਹੋ ਕੇ ਪੁਲੀਸ ਦੇ ਹਜ਼ਾਰਾਂ ਸਿਪਾਹੀਆਂ ਸਮੇਤ ਦਰਬਾਰ ਸਾਹਿਬ ਉੱਤੇ ਹੱਲਾ ਬੋਲ ਦਿੱਤਾ ਸੀ । ਇਹ ਹਮਲਾ ਪੰਜਾਬੀ ਸੂਬਾ ਮੋਰਚੇ ਨੂੰ ਕੁਚਲਣ ਲਈ 4 ਜੁਲਾਈ 1955 ਨੂੰ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ ਦਰਬਾਰ ਸਾਹਿਬ ਉਪਰ ਕਰਵਾਇਆ। ਪੁਲੀਸ ਦੀਆਂ ਵੱਖ-ਵੱਖ ਟੋਲੀਆਂ ਨੇ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਰਦਾਰ ਗਿਆਨੀ ਗੁਰਦਿਆਲ ਸਿੰਘ, ਸ਼੍ਰੋਮਣੀ ਕਮੇਟੀ ਦੇ ਕਾਇਮ-ਮੁਕਾਮ ਸਕੱਤਰ ਗਿਆਨੀ ਤੇਜਾ ਸਿੰਘ ਅਤੇ ਸਕੱਤਰ ਪ੍ਰੋਫ਼ੈਸਰ ਹਰਭਜਨ ਸਿੰਘ ਜੀ ਆਦਿ ਦੇ ਮਕਾਨਾਂ ਉਪਰ ਛਾਪੇ ਮਾਰ ਕੇ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ । ਜਦ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਦੀ ਗ੍ਰਿਫਤਾਰੀ ਲਈ ਰਾਤ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਮਨੀ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਦੂਜਾ ਮੌਕਾ ਹੁਣ 1955 ਨੂੰ ਕਾਂਗਰਸ ਦੇ ਨਹਿਰੂ ਰਾਜ ਦੌਰਾਨ ਇਤਿਹਾਸ ਵਿੱਚ ਇਹ ਆਇਆ ਜਦ ਤਤਕਾਲੀਨ ਹੈੱਡ ਗ੍ਰੰਥੀ ਅਤੇ ਤਤਕਾਲੀਨ ਅਕਾਲ ਤਖ਼ਤ ਦੇ ਜੱਥੇਦਾਰ ਸਾਹਿਬ ਨੂੰ ਕਾਂਗਰਸ ਸਰਕਾਰ ਨੇ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਸੁੱਟਣਾ ਜ਼ਰੂਰੀ ਸਮਝਿਆ।

ਸਰਦਾਰ ਗੜੀ ਨੇ ਕਿਹਾ ਕਿ ਕੈਪਟਨ ਸਰਕਾਰ ਨੇ ਪੁਰਾਣੀਆਂ ਗਲਤੀਆਂ ਤੋ ਸਬਕ ਨਾ ਸਿਖਕੇ ਸਮੁਚੀ ਅਫ-ਸਰਸ਼ਾਹੀ ਨੂੰ ਲੋਕਾਂ ਦੀ ਸੇਵਾਦਾਰ ਬਣਾਉਣ ਲਈ ਸੰਵਿਧਾਨ ਦੇ ਨਿਯਮਾਂ ਤੇ ਦਾਇਰੇ ਵਿਚ ਲਿਆਕੇ ਲੋਕ ਰਾਜ ਦਾ ਅਸਲੀ ਸਰੂਪ ਉਜਾਗਰ ਕਰਨ ਵਿੱਚ ਅਸਫਲ ਸਿੱਧ ਹੋਈ ਹੈ। ਧਾਰਮਿਕ ਤੌਰ ਉਪਰ ਸਿੱਖਾਂ ਅਤੇ ਸਿੱਖੀ ਸਿਧਾਂਤਾਂ ਉਪਰ ਬੁਰਛਾਗਰਦੀ ਵਧੀ ਹੈ। ਬਸਪਾ ਸੂਬਾ ਪ੍ਰਧਾਨ ਸਰਦਾਰ ਗੜੀ ਨੇ ਕਿਹਾ ਸਿੱਖ ਸਮਾਜ ਦਾ ਹਿੱਤ ਬਹੁਜਨ ਸਮਾਜ ਨਾਲ ਸੁਰੱਖਿਅਤ ਬਸਪਾ ਦਾ ਮੁੱਖ

ਇਸ ਮੌਕੇ ਉਹਨਾਂ ਨੇ ਬਲਾਚੌਰ ਵਿਧਾਨ ਸਭਾ ਦੇ ਪਿੰਡਾਂ ਦਾ ਤੂਫ਼ਾਨੀ ਦੌਰਾ ਕੀਤਾ ਅਤੇ ਵਰਕਰਾਂ ਨਾਲ ਗੱਲ ਬਾਤ ਦੀ ਸਾਂਝ ਪਾਈ ਜਿਸ ਵਿਚ ਪਿੰਡ ਭਰਥਲਾ, ਜਿਓਂਵਾਲ, ਬਛੂਆ, ਮਾਜਰਾ ਜੱਟਾਂ, ਫਤਿਹਪੁਰ ਜੱਟਾਂ ਆਦਿ ਸ਼ਾਮਿਲ ਹਨ। ਇਹਨਾ ਮੀਟਿੰਗਾਂ ਵਿੱਚ ਬਸਪਾ ਵੱਲੋਂ ਸੈਕਟਰ ਕਮੇਟੀਆਂ ਦਾ ਕੰਮ ਚੈਕ ਕੀਤਾ ਅਤੇ ਆਉਂਦੇ ਦਿਨਾਂ ਵਿਚ ਬੂਥ ਕਮੇਟੀਆਂ ਬਣਾਉਣ ਦਾ ਕੰਮ ਸੌਂਪਿਆ।

ਇਸ ਮੌਕੇ ਸ਼੍ਰੀ ਹਰਬੰਸ ਲਾਲ ਚਣਕੋਆ, ਸ਼੍ਰੀ ਅਸ਼ੋਕ ਦੁੱਗਲ ਭਾਰਥਲਾ, ਸਾਬਕਾ ਸਰਪੰਚ, ਸ਼੍ਰੀ ਪ੍ਰੇਮ ਨਾਥ ਭਰਥਲਾ ਸਰਪੰਚ, ਸ਼੍ਰੀ ਚੈਨ ਸਿੰਘ ਠੇਕੇਦਾਰ, ਸ਼੍ਰੀ ਬਖਸ਼ਿਸ਼ ਸਿੰਘ ਮਾਜਰਾ ਸਾਬਕਾ ਸਰਪੰਚ , ਸ਼੍ਰੀ ਸੁਰਿੰਦਰ ਸਿੰਘ ਮਾਜਰਾ ਸਾਬਕਾ ਸਰਪੰਚ, ਸ਼੍ਰੀ ਤੁਲਸੀ ਰਾਮ ਪੰਚ ਫਤਿਹਪੁਰ, ਸ਼੍ਰੀ ਮੱਖਣ ਸਿੰਘ ਗੜੀ ਪੰਚ, ਸ਼੍ਰੀ ਗੁਰਮੀਤ ਸਿੰਘ ਪੰਚ ਆਦਿ ਵੱਡੀ ਗਿਣਤੀ ਵਿਚ ਵਰਕਰ ਸ਼ਾਮਿਲ ਹੋਏ।

# ਪਿੰਡ ਸਿਧਾਣਾ 'ਚ ਮੀਹ ਕਾਰਨ ਭਾਰੀ ਨੁਕਸਾਨ

**ਬਠਿੰਡਾ (ਦਲਜੀਤ ਸਿੰਘ ਸਿਧਾਣਾ)**- ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਦੇ ਪਿੰਡ ਸਿਧਾਣਾ ਵਿਖੇ ਪਏ ਕੱਲ ਭਰਵੇਂ ਮੀਹ ਕਾਰਨ ਬੱਕਰੀਆ ਤੇ ਭੇਡਾਂ ਦਾ ਫਾਰਮ ਡਿੱਗਣ ਕਾਰਨ 15 ਜਾਨਵਰਾਂ ਦੀ ਮੌਤ ਹੋਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਪੰਚਾਇਤ ਮੈਂਬਰ ਮੱਖਣ ਸਿੰਘ ਸਿੱਧੂ, ਟਹਿਲ ਸਿੰਘ ਆਦਿ ਨੇ ਦਸਿਆ ਕਿ



ਪਿੰਡ ਦਾ ਇੱਕ ਗਰੀਬ ਪਰੀਵਾਰ ਸੁਖਮੰਦਰ ਸਿੰਘ ਪੁੱਤਰ ਸੰਤਾ ਸਿੰਘ ਜਿਸ ਕੋਲੇ ਬੱਕਰੀਆ ਤੇ ਭੇਡਾਂ ਰੱਖੀਆ ਹੋਈਆ ਸਨ। ਬੀਤੀ ਰਾਤ ਹੋਈ ਭਾਰੀ ਬਰਸਾਤ ਤੇ ਝੱਖੜ ਕਾਰਨ ਉਸਦਾ ਸੈਂਡ ਡਿੱਗ ਪਿਆ ਜਿਸ ਦੀ ਕੰਧ ਥੱਲੇ ਆਕੇ 15 ਪਸੂਆ ਦੀ ਮੌਤ ਹੋ ਗਈ ਜਿਸ ਕਰਕੇ ਇਸ ਗਰੀਬ ਪਰੀਵਾਰ ਦਾ 200000 ਲੱਖ ਤੋ ਵੱਧ ਦਾ ਨੁਕਸਾਨ ਹੋ ਗਿਆ। ਉਨਾਂ ਕਿਹਾ ਕਿ ਹਾਲ ਵਿੱਚ ਹੀ ਉਸ ਨੇ ਨਵਾਂ ਸੈਡ ਬਣਾਇਆ ਸੀ ਉਹ ਵੀ ਤਹਿਸ ਨਹਿਸ ਹੋ ਗਿਆ। ਇਸ ਮੌਕੇ ਪਿੰਡ ਵਾਸੀਆ ਨੇ ਪ੍ਰਸਾਸਨ ਅੱਗੇ ਗੁਹਾਰ ਲਾਈ ਆ ਕਿ ਇਸ ਦੇ ਆਰਥਿਕ ਨੁਕਸਾਨ ਦੀ ਪੂਰਤੀ ਕੀਤੀ ਜਾਵੇ, ਉਨਾਂ ਨਗਰ ਪੰਚਾਇਤ ਤੇ ਹੋਰਨਾ ਨੂੰ ਵੀ ਇਸ ਦੀ ਆਰਥਿਕ ਮਦਦ ਕਰਨ ਦੀ ਅਪੀਲ ਕੀਤੀ ਹੈ।

# ਪੰਜਾਬ ਕਾਂਗਰਸ ਤੇ ਕੇਂਦਰ ਸਰਕਾਰ ਪੋਸਟ ਮੈਟ੍ਰਿਕ ਵਜ਼ੀਫ਼ਾ ਸਕੀਮ ਲਾਗੂ ਕਰਨ ਵਿੱਚ ਅਸਫ਼ਲ- ਬਸਪਾ ਸੂਬਾ ਪ੍ਰਧਾਨ

ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਪੰਜਾਬ ਵਿੱਚ ਕਾਂਗਰਸ ਸਰਕਾਰ ਦੇ ਰਾਜ ਵਿੱਚ ਦਮ ਘੁੱਟਿਆ ਪਿਆ ਹੈ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕੀਤਾ ਉਨ੍ਹਾਂ ਦੱਸਿਆ ਕਿ ਪੰਜਾਬ ਦੀ ਕਾਂਗਰਸ ਸਰਕਾਰ ਤੇ ਕੇਂਦਰ ਦੀ ਭਾਜਪਾ ਸਰਕਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਨੂੰ ਅਮਲੀ ਤੌਰ ਤੇ ਲਾਗੂ ਨਾ ਕਰਕੇ ਇੱਕ ਦੂਜੇ ਉਪਰ ਇਸ ਦੀ ਅਸਫਲਤਾ ਲਈ ਦੂਸ਼ਣਬਾਜ਼ੀ ਕਰਦੇ ਹਨ, ਪਰ ਇਸ ਦਾ ਖਮਿਆਜ਼ਾ ਗਰੀਬ ਐਸਸੀ, ਬੀ ਸੀ ਅਤੇ ਘੱਟ ਗਿਣਤੀ ਕੌਮਾਂ ਦੇ ਵਿਦਿਆਰਥੀਆਂ ਨੂੰ ਭੁਗਤਣਾ ਪੈ ਰਿਹਾ ਹੈ ਅਤੇ ਨਿੱਜੀ ਕਾਲਜ ਪਿਛਲੇ ਕਈ ਵਰ੍ਹਿਆਂ ਤੋਂ ਇਨ੍ਹਾਂ ਵਿਦਿਆਰਥੀਆਂ ਨੂੰ ਫ਼ੀਸਾਂ ਭਰਨ ਲਈ ਮਜ਼ਬੂਰ ਤੇ ਜ਼ਲੀਲ ਕਰ ਰਹੇ ਹਨ। ਪਰ ਸਰਕਾਰਾਂ ਮੂਕ ਦਰਸ਼ਕ ਬਣ ਸਭ ਕੁਝ ਦੇਖ ਰਹੀਆਂ ਹਨ । ਜਿਸ ਦੇ ਸਿੱਟੇ ਵਜੋਂ ਲਗਪਗ ਛੇ ਲੱਖ ਗਰੀਬ ਵਿਦਿਆਰਥੀਆਂ ਦਾ ਭਵਿੱਖ ਦਾਅ ਤੇ ਲੱਗਿਆ ਹੋਇਆ ਹੈ ਕਿਉਂਕਿ ਇਮਤਿਹਾਨਾਂ ਵੇਲੇ ਨਿੱਜੀ ਕਾਲਜ ਇਨ੍ਹਾਂ ਨੂੰ ਫ਼ੀਸਾਂ ਭਰਨ ਲਈ ਦਬਾਅ ਬਣਾਉਂਦੇ ਹਨ ਤੇ ਮਾੜੀ ਆਰਥਿਕਤਾ ਕਾਰਨ ਵਿਦਿਆਰਥੀ ਮਾਨਸਿਕ ਤੌਰ ਤੇ ਪ੍ਰੇਸ਼ਾਨ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਕੇਂਦਰੀ ਸਪਾਂਸਰਡ ਸਕੀਮ ਅਧੀਨ 2016-17 ਤੱਕ ਕੇਂਦਰ ਤੇ ਸੂਬਾ ਸਰਕਾਰ ਦਾ ਸ਼ੇਅਰ 90:10 ਸੀ ਤੇ ਇਸ ਤੋਂ ਬਾਅਦ ਕੇਂਦਰ ਸਰਕਾਰ ਦੀਆਂ ਐਸਸੀ ਬੀ ਸੀ ਅਤੇ ਘੱਟ ਗਿਣਤੀ ਕੌਮਾਂ ਦੇ ਵਿਦਿਆਰਥੀਆਂ ਪ੍ਰਤੀ ਗਲਤ ਨੀਤੀਆਂ ਕਾਰਨ ਇਸ ਦੇ ਸ਼ੇਅਰ ਨੂੰ 60:40 ਤੇ ਪੈਟਰਨ ਤੇ ਕਰਨ ਲਈ ਲਗਾਤਾਰ ਸੂਬਾ ਸਰਕਾਰਾਂ ਤੇ ਕੇਂਦਰ ਵੱਲੋਂ ਦਬਾਅ ਬਣਾਇਆ ਜਾ ਰਿਹਾ ਹੈ। ਕਾਂਗਰਸ ਅਤੇ ਭਾਜਪਾ ਦੀ ਇਸ ਆਪਸੀ ਕਸ਼ਮਕਸ਼ ਵਿੱਚ ਇਨ੍ਹਾਂ ਗਰੀਬ ਵਿਦਿਆਰਥੀਆਂ ਦੇ ਪੱਲੇ ਕੁਝ ਨਹੀਂ ਪਿਆ ਤੇ ਉੱਪਰੋਂ ਪੰਜਾਬ



ਕਾਂਗਰਸ ਸਰਕਾਰ ਦੀ ਨਾਲਾਇਕੀ ਹੱਦੋਂ ਵੱਧ ਇਨ੍ਹਾਂ ਗਰੀਬ ਵਿਦਿਆਰਥੀਆਂ ਲਈ ਨੁਕਸਾਨਦਾਇਕ ਸਾਬਿਤ ਹੋਈ , ਨਾ ਤਾਂ ਸੂਬਾ ਸਰਕਾਰ ਨੇ ਕੇਂਦਰ ਵੱਲੋਂ ਪੱਲਾ ਝਾੜਨ ਮੌਕੇ ਵਿਦਿਆਰਥੀਆਂ ਦਾ ਸਹੀ ਪੱਖ ਕੇਂਦਰ ਕੋਲ ਰੱਖਿਆ ਅਤੇ ਨਾ ਹੀ ਖ਼ਜ਼ਾਨੇ ਵਿੱਚੋਂ ਕੇਂਦਰ ਦੇ ਮੁਕਰਨ ਮਗਰੋਂ ਕੋਈ ਰਾਹਤ ਇਨ੍ਹਾਂ ਵਿਦਿਆਰਥੀਆਂ ਲਈ ਕਿਸੇ ਵੀ ਬਜਟ ਵਿੱਚ ਰੱਖੀ ਗਈ, ਜਿਸ ਕਾਰਨ ਅੱਜ ਲੱਗਭੱਗ 34% ਐੱਸ ਸੀ ਆਬਾਦੀ, 60 % ਘੱਟ ਗਿਣਤੀ ਕੌਮਾਂ ਦੀ ਆਬਾਦੀ, 24% ਬੀ ਸੀ ਆਬਾਦੀ ਹੋਣ ਦੇ ਬਾਵਜੂਦ ਵੀ ਐਸਸੀ ਸਮਾਜ ਦੇ ਗ਼ਰੀਬ ਵਿਦਿਆਰਥੀ ਕਾਂਗਰਸ ਰਾਜ ਵਿੱਚ ਧੱਕੇ ਖਾਣ ਲਈ ਮਜਬੂਰ ਹੋਏ ਪਏ ਨੇ।

ਇਸ ਵਜ਼ੀਫਾ ਸਕੀਮ ਵਿੱਚ ਹਾਲੀਆ ਹੋਏ 55.97 ਕਰੋੜ ਰੁਪਏ ਦੇ ਗਬਨ ਤੇ ਬੋਲਦਿਆਂ ਹੋਇਆ ਗੜ੍ਹੀ ਜੀ ਨੇ ਦੱਸਿਆ ਕਿ ਪਿਛਲੇ ਦਿਨੀਂ 248.11 ਕਰੋੜ ਰੁਪਏ ਇਨ੍ਹਾਂ ਪ੍ਰਾਈਵੇਟ ਕਾਲਜਾਂ ਨੂੰ ਸਰਕਾਰ ਵੱਲੋਂ ਰਿਲੀਜ਼ ਕੀਤੇ ਗਏ ਪਰ 192.14 ਕਰੋੜ ਰੁਪਏ ਦਾ ਹਿਸਾਬ ਕਿਤਾਬ ਸਰਕਾਰ ਕੋਲ ਮੇਲ ਖਾ ਰਿਹਾ ਹੈ ਪਰ 55.97 ਕਰੋੜ ਰੁਪਏ ਦਾ ਹਿਸਾਬ ਕਿਤਾਬ ਨਾਲ ਮੇਲ ਨਹੀਂ ਖਾ ਰਹੇ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਨ੍ਹਾਂ ਗਰੀਬ ਵਿਦਿਆਰਥੀਆਂ ਦੇ ਹਿੱਤਾਂ ਦੀ ਇਨ੍ਹਾਂ ਸਰਕਾਰਾਂ ਨੂੰ ਕੋਈ ਪਰਵਾਹ ਨਹੀਂ ਹੈ । ਸ਼ਰੋਮਣੀ ਅਕਾਲੀ ਦਲ ਵਿਦਿਆਰਥੀਆਂ ਨਾਲ ਹੋ ਰਹੇ ਧੱਕੇ ਵਿਚ ਪੂਰੀਆਂ ਤਰ੍ਹਾਂ ਨਾਲ ਸ਼ਾਮਿਲ ਹੈ। ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜੀ ਨੇ ਮਹਾਰਾਸ਼ਟਰ ਵਿਚ ਬਾਬਾ ਸਾਹਿਬ ਅੰਬੇਡਕਰ ਦੇ ਘਰ ਨੂੰ ਸਰਾਰਤੀਆਂ ਵਲੋਂ ਤੋੜਨ ਦੀ ਕੋਸਿਸ ਨੂੰ ਕਾਂਗਰਸ ਦੀ ਨਾਲਾਇਕੀ ਦਸਿਆ।

ਫਗਵਾੜਾ ਵਿੱਚ ਹੋਈ ਇਸ ਅਹਿਮ ਮੀਟਿੰਗ ਵਿੱਚ ਸੂਬਾ ਪ੍ਰਧਾਨ ਨੇ ਨਗਰ ਨਿਗਮ ਦੀਆਂ ਚੋਣਾਂ ਲਈ ਨਿਰਦੇਸ਼ ਜਾਰੀ ਕੀਤੇ ਅਤੇ ਸੂਬਾ ਜਨਰਲ ਸਕੱਤਰ ਸ਼੍ਰੀ ਰਮੇਸ਼ ਕੋਲ ਅਤੇ ਸੀਨੀਅਰ ਬਸਪਾ ਆਗੂ ਸ਼੍ਰੀ ਹਰਭਜਨ ਬੱਲਾਲੋਂ ਦੀ ਸਾਂਝੀ ਅਗਵਾਈ ਵਿਚ ਸੱਤ ਮੈਂਬਰੀ ਕਮੇਟੀ ਦਾ ਐਲਾਨ ਕੀਤਾ ਜਿਸ ਵਿਚ ਜੋਨ ਇੰਚਾਰਜ ਸ਼੍ਰੀ ਲੇਖ ਰਾਜ ਜਮਾਲਪੁਰ, ਇੰਚਾਰਜ ਮਨੋਹਰ ਲਾਲ ਜਾਖੂ, ਪ੍ਰਧਾਨ ਚਿਰੰਜੀ ਲਾਲ, ਸਹਿਰੀ ਪ੍ਰਧਾਨ ਬਲਵਿੰਦਰ ਬੋਧ ਅਤੇ ਸ਼੍ਰੀ ਕਾਲਾ ਪ੍ਰਭਾਕਰ ਜੀ ਸ਼ਾਮਿਲ ਹਨ।

# ਯੂਨੀਵਰਸਿਟੀ ਦੇ ਮੈਨੇਜਮੈਂਟ ਵਿਭਾਗ ਦੇ ਨਤੀਜਿਆਂ ਦਾ ਐਲਾਨ



**ਜਲੰਧਰ (ਚੁੰਬਰ)**– ਸੰਤ ਬਾਬਾ ਦਿਲਾਵਰ ਸਿੰਘ ਜੀ 'ਬ੍ਰਹਮ ਜੀ' ਸਤਿਕਾਰਯੋਗ ਚਾਂਸਲਰ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੀ ਸਰਪ੍ਰਸਤੀ ਅਤੇ ਡਾ. ਧਰਮਜੀਤ ਸਿੰਘ ਪਰਮਾਰ, ਵਾਇਸ ਚਾਂਸਲਰ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੀ ਨਿਗਰਾਨੀ ਅਧੀਨ ਕਾਰਜਸ਼ੀਲ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ, ਜਿਲ੍ਹਾ ਜਲੰਧਰ ਦੇ ਮੈਨੇਜਮੈਂਟ ਵਿਭਾਗ ਵੱਲੋਂ ਐਮ. ਬੀ. ਏ. ਅਤੇ ਬੀ. ਬੀ. ਏ. ਦੇ ਤੀਸਰੇ ਸਮੈਸਟਰ ਦੇ ਲਏ ਗਏ ਇਮਤਿਹਾਨਾਂ ਦੇ ਨਤੀਜਿਆਂ ਦਾ ਐਲਾਨ ਕੀਤਾ ਗਿਆ। ਐਮ. ਬੀ. ਏ. ਦੇ ਤੀਸਰੇ ਸਮੈਸਟਰ ਦੇ ਐਲਾਨੇ ਗਏ ਨਤੀਜਿਆਂ ਵਿੱਚ ਦਮਨਦੀਪ ਕੌਰ ਪਹਿਲੇ, ਮਾਰਿਸ਼ਾ ਅਤੇ ਹਰਜੀਤ ਕੌਰ ਦੂਸਰੇ, ਸੁਖਦੀਪ ਕੌਰ ਤੀਸਰੇ ਸਥਾਨ ਉਪਰ ਰਹੇ। ਬੀ. ਬੀ. ਏ. ਦੇ ਤੀਸਰੇ ਸਮੈਸਟਰ ਦੇ ਐਲਾਨੇ ਗਏ ਨਤੀਜਿਆਂ ਵਿੱਚ ਹਰਪ੍ਰੀਤ ਕੌਰ ਪਹਿਲੇ, ਨਵਪ੍ਰੀਤ ਕੌਰ ਦੂਸਰੇ, ਪ੍ਰਭਦੀਪ ਕੌਰ ਤੀਸਰੇ ਸਥਾਨ ਉਪਰ ਰਹੇ।ਸੰਤ ਬਾਬਾ ਦਿਲਾਵਰ ਸਿੰਘ ਜੀ 'ਬ੍ਰਹਮ ਜੀ' ਅਤੇ ਡਾ. ਧਰਮਜੀਤ ਸਿੰਘ ਪਰਮਾਰ ਨੇ ਅਧਿਆਪਕਾਂ, ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਿਦਿਆਰਥੀਆਂ ਦੀ ਇਸ ਕਾਮਯਾਬੀ ਉਪਰ ਉਹਨਾਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੇ ਸੁਨਿਹਰੇ ਭਵਿੱਖ ਲਈ ਕਾਮਨਾ ਵੀ ਕੀਤੀ।ਵਿਭਾਗ ਦੇ ਅਧਿਆਪਕਾਂ ਡਾ. ਸੀਮਾ ਗਰਗ (ਡੀਨ, ਯੂਨੀਵਰਸਿਟੀ ਇੰਸਟੀਚਿਊਟ ਆੱਫ ਕਾਮਰਸ ਅਤੇ ਮੈਨੇਜਮੈਂਟ), ਇੰਦਰਪ੍ਰੀਤ ਕੌਰ (ਮੁੱਖੀ, ਕੰਪਿਊਟਰ ਸਾਇੰਸ ਵਿਭਾਗ), ਡਾ. ਰਮਨਦੀਪ ਚਾਹਲ, ਅਮਰਿੰਦਰ ਕੌਰ, ਗਗਨਦੀਪ ਸਿੰਘ, ਗੁਰਿੰਦਰ ਸਿੰਘ ਅਤੇ ਦੀਪਤੀ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ।




**ਸੱਤ ਸ਼੍ਰੀ ਆਕਾਲ ਜੀ ਪਿਆਰੇ ਦੋਸਤੋ**

ਤੁਹਾਡੇ ਸਾਰਿਆਂ ਦੇ ਨਿੱਘੇ ਪਿਆਰ ਸਤਿਕਾਰ ਤੇ ਹੌਸਲਾ ਅਫ਼ਜਾਈ ਨਾਲ ਜਲਦ ਹੀ ਰਿਲੀਜ ਹੋਣ ਜਾ ਰਿਹਾ ਮੇਰਾ ਸੌਂਗ "ਰੋਲ ਦਿੱਤਾ ਰੰਗ ਰੇਟਾ"। ਕਿਰਪਾ ਕਰਕੇ ਇਸ ਨੂੰ ਵੱਧ ਤੋਂ ਵੱਧ ਸ਼ੇਅਰ ਕਰੋ। ਤੁਹਾਡੇ ਦਿੱਤੇ ਪਿਆਰ ਸਤਿਕਾਰ ਦਾ ਹਮੇਸ਼ਾ ਰਿਣੀ ਰਹਾਂਗਾ। ਸਮੁੱਚੀ ਟੀਮ ਸਰਦਾਰ ਰਜਿੰਦਰ ਸਿੰਘ ਰਿਆੜ, ਸ. ਮੁਖਤਿਆਰ ਸਿੰਘ (ਰਿਟਾਇਰਡ ਐਸ ਪੀ), ਸੁਖਮੰਦਰ ਸਿੰਘ ਗੱਜਣਵਾਲਾ, ਸੰਗੀਤਕਾਰ ਕੇ ਬੀ ਬੀਟ ਅਤੇ ਮਹਿਰਮ, ਵੀਡੀਉ ਡਾਇਰੈਕਟਰ ਸ਼ਿੰਦਾ ਸਿੰਘ ਸ਼ਿੰਦਾ, ਕੈਮਰਾਮੈਨ ਅੰਗੁਰਾਲ, ਹਰਦੇਵ ਦੇਵ, ਮਾਸਟਰ ਲਖਵਿੰਦਰ ਜੀਤ, ਨਿੰਦਰਪਾਲ ਮਚਾਕੀ, ਅਜੇ ਤੇ ਅਭੈ ਅਟਵਾਲ ਤੇ ਸਾਰੇ ਸਹਿਯੋਗੀ ਭਰਾਵਾਂ ਬਹੁਤ ਧੰਨਵਾਦ।

**– ਡਾ ਅਵਤਾਰ ਸਿੰਘ**

# ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਕਾਮਰਸ ਵਿਭਾਗ ਦੇ ਨਤੀਜਿਆਂ ਦਾ ਐਲਾਨ



**ਜਲੰਧਰ (ਚੁੰਬਰ)**– ਸੰਤ ਬਾਬਾ ਦਿਲਾਵਰ ਸਿੰਘ ਜੀ 'ਬ੍ਰਹਮ ਜੀ' ਸਤਿਕਾਰਯੋਗ ਚਾਂਸਲਰ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੀ ਸਰਪ੍ਰਸਤੀ ਅਤੇ ਡਾ. ਧਰਮਜੀਤ ਸਿੰਘ ਪਰਮਾਰ, ਵਾਇਸ ਚਾਂਸਲਰ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੀ ਨਿਗਰਾਨੀ ਅਧੀਨ ਕਾਰਜਸ਼ੀਲ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ, ਜਿਲ੍ਹਾ ਜਲੰਧਰ ਦੇ ਕਾਮਰਸ ਵਿਭਾਗ ਵੱਲੋਂ ਬੀ. ਕਾਮ. ਦੇ ਤੀਸਰੇ ਸਮੈਸਟਰ ਦੇ ਲਏ ਗਏ ਇਮਤਿਹਾਨਾਂ ਦੇ ਨਤੀਜਿਆਂ ਦਾ ਐਲਾਨ ਕੀਤਾ ਗਿਆ। ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਬੀ. ਕਾਮ. ਦੇ ਤੀਸਰੇ ਸਮੈਸਟਰ ਦੇ ਐਲਾਨੇ ਗਏ ਨਤੀਜਿਆਂ ਵਿੱਚ ਸੰਜਨ ਕੁਮਾਰੀ ਪਹਿਲੇ, ਸਿਮਰਨਜੀਤ ਕੌਰ ਦੂਸਰੇ, ਨੀਰਜ ਕੁਮਾਰ ਤੀਸਰੇ ਸਥਾਨ ਉਪਰ ਰਹੇ। ਸੰਤ ਬਾਬਾ ਦਿਲਾਵਰ ਸਿੰਘ ਜੀ 'ਬ੍ਰਹਮ ਜੀ' ਅਤੇ ਡਾ. ਧਰਮਜੀਤ ਸਿੰਘ ਪਰਮਾਰ ਨੇ ਅਧਿਆਪਕਾਂ, ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਿਦਿਆਰਥੀਆਂ ਦੀ ਇਸ ਕਾਮਯਾਬੀ ਉਪਰ ਉਹਨਾਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੇ ਸੁਨਿਹਰੇ ਭਵਿੱਖ ਲਈ ਕਾਮਨਾ ਵੀ ਕੀਤੀ। ਵਿਭਾਗ ਦੇ ਅਧਿਆਪਕਾਂ ਡਾ. ਸੀਮਾ ਗਰਗ (ਡਿਪਟੀ ਡੀਨ, ਯੂਨੀਵਰਸਿਟੀ ਇੰਸਟੀਚਿਊਟ ਆੱਫ ਕਾਮਰਸ ਅਤੇ ਮੈਨੇਜਮੈਂਟ), ਲਵਪ੍ਰੀਤ ਨੇਗੀ (ਮੁੱਖੀ, ਕਾਮਰਸ ਵਿਭਾਗ), ਡਾ. ਮਨੀਸ਼ ਗੁਪਤਾ, ਵਰਸ਼ਾ ਵਰਮਾ, ਸਾਕਸ਼ੀ ਸੰਗਰ, ਰੇਣੂਕਾ ਕਲੇਰ, ਕਿਰਨ, ਪੂਜਾ ਰਾਣੀ, ਹਰਪ੍ਰੀਤ ਕੌਰ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਬਿਮਾਰ ਪਤੀ-ਪਤਨੀ ਨੇ ਇਕੋ ਹਸਪਤਾਲ ਦੇ ਵਿਚ ਆਖਰੀ ਵਾਰ ਇਕ ਦੂਜੇ ਦਾ ਹੱਥ ਫੜਿਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਯੂ. ਕੇ ਦੇ ਵਿਚ ਇਕ ਹਸਪਤਾਲ ਦੇ ਵਿਚ ਇਕ ਬਜ਼ੁਰਗ ਜੋੜੇ ਦੀ ਇਕ ਨਰਸ ਵੱਲੋਂ ਖਿੱਚੀ ਗਈ ਬਹੁਤ ਹੀ ਦਿਲ ਟੁੰਬਵੀ ਫੋਟੋ ਅੱਜਕੱਲ੍ਹ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਕਹਾਣੀ ਇੰਝ ਹੋਈ ਕਿ 92 ਸਾਲਾ ਬਜ਼ੁਰਗ (ਜੌਹਨ ਵਿਲਸਨ) ਜੋ ਕੈਂਸਰ ਤੋਂ ਪੀੜਤ ਸੀ ਅਤੇ ਉਸਦੀ 88 ਸਾਲਾ ਬਜ਼ੁਰਗ ਪਤਨੀ (ਮਾਜੋਰੀ) ਇਕੋ ਹਸਪਤਾਲ ਦੇ ਵਿਚ ਵੱਖ-ਵੱਖ ਵਾਰਡਾਂ ਵਿਚ ਦਾਖਲ ਸਨ।



ਇਨ੍ਹਾਂ ਦਾ ਵਿਆਹੁਤਾ ਜੀਵਨ 62ਵੇਂ ਸਾਲ ਵਿਚੋਂ ਲੰਘ ਰਿਹਾ ਸੀ। ਇਲਾਜ ਤੋਂ ਬਾਅਦ ਇਹ ਬਜ਼ੁਰਗ ਔਰਤ ਤਾਂ ਠੀਕ ਹੋ ਗਈ ਅਤੇ ਇਸਨੂੰ ਨਰਸਿੰਗ ਹੋਮ ਭੇਜਿਆ ਜਾਣ ਲੱਗਾ। ਇਸ ਦੌਰਾਨ ਇਕ ਨਰਸ ਜਿਸ ਨੂੰ ਪਤਾ ਸੀ ਕਿ ਇਸਦਾ ਪਤੀ ਵੀ ਇਥੇ ਹੈ ਅਤੇ ਉਸਨੂੰ ਕੈਂਸਰ ਹੈ, ਨੇ ਸੋਚਿਆ ਕਿ ਜਿਵੇਂ ਦੀ ਬਿਮਾਰੀ ਹੈ ਹੋ ਸਕਦਾ ਹੈ ਇਹ ਜੋੜਾ ਇਕ ਦੂਜੇ ਨੂੰ ਦੁਬਾਰਾ ਨਾ ਮਿਲ ਸਕੇ। ਉਸ ਨਰਸ ਨੇ ਇਸ ਬਜ਼ੁਰਗ ਮਾਤਾ ਦਾ ਬੈਡ ਉਸ ਦੇ ਪਤੀ ਦੇ ਕੋਲ ਲੈ ਆਂਦਾ। ਦੋਵਾਂ ਨੇ ਆਪਣੇ-ਆਪਣੇ ਬੈਡ ਤੋਂ ਆਪਣੀ ਬਾਂਹ ਲੰਬੀ ਕਰਕੇ ਇਕ ਦੂਜੇ ਜਾ ਹੱਥ ਫੜਿਆ। ਇਸ ਮੌਕੇ ਦੀ ਇਹ ਭਾਵਪੂਰਤ ਅਤੇ ਦਿਲਟੁੰਬਵੀਂ ਤਸਵੀਰ ਉਸ ਨਰਸ ਨੇ ਖਿੱਚ ਲਈ ਅਤੇ ਉਸਦੇ ਪਰਿਵਾਰ ਨੂੰ ਸੌਂਪ ਦਿੱਤੀ। ਇਸ ਪਤੀ-ਪਤਨੀ ਦਾ ਇਹ ਆਖਰੀ ਗੁੱਡ ਬਾਏ ਬਣ ਗਿਆ। ਪਰਿਵਾਰ ਨੇ ਹਸਪਤਾਲ ਨੂੰ ਇਸ ਸਬੰਧੀ ਬਹੁਤ ਹੀ ਸ਼ੁੱਕਰਾਨਾ ਭਰਿਆ ਖੱਤ ਲਿਖਿਆ। ਇਸ ਬਜ਼ੁਰਗ ਦੀ ਮੌਤ 15 ਜੂਨ ਨੂੰ ਹੋ ਗਈ। ਸੋ ਜ਼ਿੰਦਗੀ ਦਾ ਸਾਥ....ਕਈ ਵਾਰ ਬੜੇ ਹੀ ਅਜਿਹੇ ਮੌਕੇ ਆ ਕੇ ਟੁੱਟਦਾ ਹੈ ਕਿ ਦਿਲ ਰੋ ਉਠਦਾ ਹੈ।

# ਪੰਜਾਬ ਯੂਥ ਕਾਂਗਰਸ ਦੇ ਇੰਚਾਰਜ ਬੰਟੀ ਸ਼ੈਲਕੇ ਨੇ ਯੂਥ ਆਗੂਆਂ ਨਾਲ ਕੀਤੀ ਮੀਟਿੰਗ



**ਫਗਵਾੜਾ (ਬੀ.ਕੇ.ਰੱਤੂ)** ਜ਼ਿਲਾ ਕਪੂਰਥਲਾ ਯੂਥ ਕਾਂਗਰਸ ਇਕਾਈ ਦੀ ਇਕ ਅਹਿਮ ਮੀਟਿੰਗ ਜ਼ਿਲ•ਾ ਪ੍ਰਧਾਨ ਸੌਰਵ ਖੁੱਲਰ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਪੰਜਾਬ ਯੂਥ ਕਾਂਗਰਸ ਦੇ ਸੂਬਾ ਇੰਚਾਰਜ ਬੰਟੀ ਸ਼ੈਲਕੇ, ਸਹਿ ਇੰਚਾਰਜ ਮੁਕੇਸ਼ ਕੁਮਾਰ, ਜ਼ਿਲਾ ਕਪੂਰਥਲਾ ਯੂਥ ਇੰਚਾਰਜ ਪਰਵਿੰਦਰ ਲਾਪਰਾਂ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।

ਮੀਟਿੰਗ ਦੌਰਾਨ ਬੰਟੀ ਸ਼ਾਲਕੇ ਨੇ ਜ਼ਿਲਾ ਪ੍ਰਧਾਨ ਸੌਰਵ ਖੁੱਲਰ ਤੋਂ ਇਲਾਵਾ ਹਲਕਾ ਵਿਧਾਨ ਸਭਾ ਕਪੂਰਥਲਾ ਦੇ ਪ੍ਰਧਾਨ ਕਰਨ ਮਹਾਜਨ, ਹਲਕਾ ਭੁਲੱਥ ਦੇ ਪ੍ਰਧਾਨ ਹਰਸਿਮਰਨ ਸਿੰਘ ਘੁੰਮਣ ਅਤੇ ਹਲਕਾ ਵਿਧਾਨ ਸਭਾ ਫਗਵਾੜਾ ਦੇ ਪ੍ਰਧਾਨ ਕਰਮਦੀਪ ਸਿੰਘ ਕੰਮਾ ਸਮੇਤ ਉਹਨਾਂ ਦੀ ਟੀਮ ਦੇ ਮੈਂਬਰਾਂ ਨਾਲ ਮੇਰਾ ਬੂਥ-ਸਭ ਤੋਂ ਮਜਬੂਤ ਮੁਹਿਮ ਸਬੰਧੀ ਵਿਚਾਰ ਵਟਾਂਦਰਾ ਕੀਤਾ।

ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸੌਰਵ ਖੁੱਲਰ ਨੇ ਦੱਸਿਆ ਕਿ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਵਰਿੰਦਰ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਯੂਥ ਕਾਂਗਰਸ ਨੇ ਮੇਰਾ ਬੂਥ-ਸਭ ਤੋਂ ਮਜਬੂਤ ਮੁਹਿਮ ਸਾਰੇ ਪੰਜਾਬ ਵਿੱਚ ਸ਼ੁਰੂ ਕੀਤੀ ਹੈ।

ਇਸ ਮੁਹਿਮ ਨੂੰ ਅੱਗੇ ਤੋਰਦਿਆਂ ਪੰਜਾਬ ਯੂਥ ਇੰਚਾਰਜ ਬੰਟੀ ਸ਼ਾਲਕੇ ਵਿਸ਼ੇਸ਼ ਤੌਰ 'ਤੇ ਫਗਵਾੜਾ ਪੁੱਜੇ ਅਤੇ ਯੂਥ ਕਾਰਕੁਨਾਂ ਨਾਲ ਇਸ ਮੁਹਿੰਮ ਦੀ ਰਣਨੀਤੀ ਬਾਰੇ ਗੱਲਬਾਤ ਕੀਤੀ। ਸੌਰਵ ਖੁੱਲਰ ਦੇ ਅਨੁਸਾਰ ਬੰਟੀ ਸ਼ਾਲਕੇ ਨੇ ਆਉਂਦੀਆਂ ਵਿਧਾਨ ਸਭਾ ਚੋਣਾਂ 2022 ਨੂੰ ਧਿਆਨ ਵਿੱਚ ਰੱਖਦਿਆਂ ਬਲਾਕ ਪੱਧਰ 'ਤੇ ਦੋ ਪ੍ਰਧਾਨ, ਉਪ ਪ੍ਰਧਾਨਾਂ ਸਮੇਤ 25 ਮੈਂਬਰੀ ਟੀਮਾਂ ਗਠਿਤ ਕਰਨ ਦਾ ਨਿਰਦੇਸ਼ ਦਿੱਤਾ ਹੈ ਜਿਸਨੂੰ ਜਲਦੀ ਹੀ ਅਮਲੀ ਰੂਪ ਦੇ ਦਿੱਤਾ ਜਾਵੇਗਾ ਤਾਂ ਜੋ ਬੂਥ ਪੱਧਰ 'ਤੇ ਯੂਥ ਨੂੰ ਮਜ਼ਬੂਤ ਬਣਾਇਆ ਜਾ ਸਕੇ। ਖੁੱਲਰ ਨੇ ਕਿਹਾ ਕਿ ਮੇਰਾ ਬੂਥ-ਸਭ ਤੋਂ ਮਜਬੂਤ ਮੁਹਿਮ ਨੂੰ ਹਰ ਪਿੰਡ, ਹਰ ਸ਼ਹਿਰ ਦੇ ਘਰ-ਘਰ ਤੱਕ ਪਹੁੰਚਾਇਆ ਜਾਵੇਗਾ ਅਤੇ ਯੂਥ ਕਾਂਗਰਸ ਇਕ ਵਾਰ ਫਿਰ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਸ਼ਾਨਦਾਰ ਜਿੱਤ ਦਾ ਰਾਹ ਪੱਧਰਾ ਕਰੇਗੀ। ਪੰਜਾਬ ਵਿੱਚ ਅਗਲੀ ਸਰਕਾਰ ਮੁੜ ਤੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੀ ਬਣੇਗੀ। ਮੀਟਿੰਗ ਦੌਰਾਨ ਸਮੂਹ ਯੂਥ ਕਾਂਗਰਸੀ ਵਰਕਰਾਂ ਨੇ ਪਾਰਟੀ ਦੀਆਂ ਨੀਤੀਆਂ ਅਤੇ ਕੈਪਟਨ ਸਰਕਾਰ ਦੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਪ੍ਰਣ ਵੀ ਕੀਤਾ।

ਇਸ ਮੀਟਿੰਗ ਵਿੱਚ ਅਨਿਲ ਡਾਬਰ, ਤਰਨ ਨਾਮਧਾਰੀ, ਹੈਪੀ ਬਸਰਾ, ਨਰੇਨ ਵਸ਼ਿਸ਼ਠ, ਨਵਜੋਤ ਮਾਹਲ, ਜਸਪ੍ਰੀਤ ਸਹਿਗਲ, ਸੁੱਖ ਭੰਡਾਲ, ਸੰਨੀ ਸੱਲਨ, ਮੌਲਾ ਸ਼ੇਰਗਿੱਲ, ਦਮਨ ਅਰੋੜਾ, ਅਮਰਿੰਦਰ ਕਲਸੀ, ਤਜਿੰਦਰ ਸਿੰਘ, ਬੂਟਾ ਸਿੰਘ, ਜਗਤਾਰ ਧਾਲੀਵਾਲ, ਪੁਸ਼ਕਰ ਭਾਟੀਆ, ਨਵੀਨ ਸੱਭਰਵਾਲ, ਹਰਪ੍ਰੀਤ ਸੋਨੂੰ ਅਸ਼ਵਨੀ ਬਘਾਣੀਆ ਆਦਿ ਹਾਜਰ ਸਨ।

# ਭਾਸ਼ਾ ਵਿਭਾਗ ਦੀ ਬਾਂਹ ਫੜੇ ਪੰਜਾਬ ਸਰਕਾਰ: ਪਰਕਸ

ਅੰਮ੍ਰਿਤਸਰ– ਭਾਸ਼ਾ ਵਿਭਾਗ ਦਾ ਉਦੇਸ਼ ਪੰਜਾਬੀ ਭਾਸ਼ਾ ਤੇ ਸਭਿਆਚਾਰ ਨੂੰ ਪ੍ਰਫੁਲਤ ਕਰਨਾ ਤੇ ਅਦਾਲਤੀ ਕਾਰਵਾਈ ਪੰਜਾਬੀ ਵਿਚ ਸ਼ੁਰੂ ਕਰਵਾਉਣਾ ਹੈ, ਪਰ ਜੋ ਇਸ ਸਮੇਂ ਇਸ ਦੀ ਹਾਲਤ ਹੈ, ਉਸ 'ਤੇ ਝਾਤ ਮਾਰਿਆਂ ਪਤਾ ਲਗਦਾ ਹੈ ਕਿ ਇਸ ਮਹਿਕਮੇਂ ਦਾ ਕੋਈ ਵਾਲੀ ਵਾਰਿਸ ਨਹੀਂ ਹਾਲਾਂ ਕਿ ਇਸ ਦਾ ਮੁੱਖ- ਦਫ਼ਤਰ ਮੁੱਖ- ਮੰਤਰੀ ਦੇ ਪਿਤਰੀ ਸ਼ਹਿਰ ਪਟਿਆਲਾ ਵਿਚ ਹੈ।ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਟਿਡ, ਲੁਧਿਆਣਾ/ ਅੰਮ੍ਰਿਤਸਰ ਦੇ ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਭਾਸ਼ਾ ਮੰਤਰੀ ਸ. ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੂੰ ਇਸ ਵਿਭਾਗ ਦੀਆਂ ਤਰੁਟੀਆਂ ਸਬੰਧੀ ਇਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਇਸ ਨੂੰ ਸਮੇਂ ਦਾ ਹਾਣੀ ਬਣਾਉਣ ਦੀ ਖੇਚਲ ਕੀਤੀ ਜਾਵੇ।

ਇਸ ਵਿਭਾਗ ਦਾ ਸ਼ਾਨਾਮੱਤਾ ਇਤਿਹਾਸ ਰਿਹਾ ਹੈ।ਇਹ ਵਿਭਾਗ 1 ਜਨਵਰੀ1948 ਨੂੰ ਹੋਂਦ ਵਿਚ ਆਇਆ।ਇਸ ਵਿਭਾਗ ਵਲੋਂ 1300 ਦੇ ਕਰੀਬ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।ਪਹਿਲਾਂ ਇਸ ਮਹਿਕਮੇਂ ਦੇ ਸਟੋਰ ਕਿਤਾਬਾਂ ਨਾਲ ਭਰੇ ਹੁੰਦੇ ਸਨ, ਪਰ ਹੁਣ ਸਭ ਖਾਲੀ ਹਨ ਕਿਉਂਕਿ ਪਿਛਲੇ ਕਈ ਦਹਾਕਿਆਂ ਤੋਂ ਕੋਈ ਪੁਸਤਕ ਨਹੀਂ ਛੱਪੀ

ਇਸ ਦੀ ਤਰਾਸਦੀ ਦੇਖੋ 1996 ਤੋਂ ਪਿੱਛੋਂ ਕਿਸੇ ਵੀ ਸਰਕਾਰ ਨੇ ਕੋਈ ਭਰਤੀ ਨਹੀਂ ਕੀਤੀ। ਕਰਮਚਾਰੀ ਸੇਵਾ ਮੁਕਤ ਹੋ ਕੇ ਘਰਾਂ ਨੂੰ ਜਾ ਰਹੇ ਹਨ।ਇਕ ਇਕ ਕਰਕੇ ਆਸਾਮੀਆਂ ਖਾਲੀ ਹੋ ਰਹੀਆਂ ਹਨ। ਕਈ ਸਰਕਾਰਾਂ ਆਈਆਂ ਤੇ ਗਈਆਂ ਪਰ ਕਿਸੇ ਨੇ ਵੀ ਖਾਲੀ ਆਸਾਮੀਆਂ ਭਰਨ ਦੀ ਖੇਚਲ ਨਹੀਂ ਕੀਤੀ। ਸਭ ਤੋਂ ਅਹਿਮ ਆਸਾਮੀ ਡਾਇਰੈਕਟਰ ਦੀ ਹੈ, ਉਹ ਖਾਲੀ ਹੈ।ਹੁਣ ਜੇ ਵਿਭਾਗ ਦਾ ਮੁੱਖੀ ਹੀ ਨਹੀਂ ਹੈ ਤਾਂ ਇਸ ਤੋਂ ਇਸ ਦੀ ਹਾਲਤ ਦਾ ਪਤਾ ਲਾਇਆ ਜਾ ਸਕਦਾ ਹੈ। ਉਸ ਤੋਂ ਥੱਲੇ ਦੂਜੇ ਸਥਾਨ ਦੀ ਅਹਿਮ ਆਸਾਮੀ ਹੈ ਐਡੀਸ਼ਨਲ ਡਾਇਰੈਕਟਰ ਦੀ ਤੇ ਉਹ ਵੀ ਖਾਲੀ ਹੈ। ਜਾਇੰਟ ਡਾਇਰੈਕਟਰ ਦੀਆਂ ਦੋ ਆਸਾਮੀਆਂ ਹਨ ਤੇ ਉਹ ਦੋਵੇਂ ਖਾਲੀ ਹਨ। ਡਿਪਟੀ ਡਾਇਰੈਕਟਰ ਦੀਆਂ 6 ਵਿੱਚੋਂ 3 ਖਾਲੀ ਹਨ। ਰੀਸਰਚ ਅਸਿਸਟੈਂਟ ਦੀਆਂ 60 ਆਸਾਮੀਆਂ ਹਨ, ਜੋ ਕਿ ਸਾਰੀਆਂ ਖਾਲੀ ਹਨ। ਰੀਸਰਚ ਅਫ਼ਸਰਾਂ ਦੀਆਂ 40 ਆਸਾਮੀਆਂ ਹਨ, ਸਭ ਖਾਲੀ ਹਨ। ਅਸਿਸਟੈਂਟ ਡਾਇਰੈਕਟਰ ਕਮ ਜਿਲਾ ਭਾਸ਼ਾ ਅਫ਼ਸਰ ਜਿਨ੍ਹਾਂ ਵਿਚ 25 ਜ਼ਿੱਲਾ ਭਾਸ਼ਾਂ ਅਫ਼ਸਰਾਂ ਦੀਆਂ ਆਸਾਮੀਆਂ ਵੀ ਸ਼ਾਮਿਲ ਹਨ ਵਿੱਚੋਂ 14 ਖਾਲੀ ਹਨ। ਇਹੋ ਕਾਰਨ ਹੈ ਕਿ ਦੂਜੇ ਜ਼ਿਲ੍ਹਿਆਂ ਦੇ ਭਾਸ਼ਾ ਅਫ਼ਸਰਾਂ ਨੂੰ ਵਾਧੂ ਚਾਰਜ ਦੇ ਕੇ ਕੰਮ ਚਲਾਇਆ ਜਾ ਰਿਹਾ ਹੈ। ਫਰੀਦਕੋਟ, ਫਿਰੋਜਪੁਰ, ਹੁਸ਼ਿਆਰਪੁਰ ਆਦਿ ਵਿਚ ਕੋਈ ਜ਼ਿਲਾ ਅਫ਼ਸਰ ਨਹੀਂ ਹੈ।ਵਿਭਾਗ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਖਾਲੀ ਆਸਾਮੀਆਂ ਫ਼ੌਰਨ ਭਰਨ ਦੀ ਲੋੜ ਹੈ।

ਸਰਕਾਰ ਨੇ ਨਵੇਂ ਜ਼ਿਲ੍ਹੇ ਤਾਂ ਬਣਾ ਦਿੱਤੇ ਪਰ ਭਾਸ਼ਾ ਦਫ਼ਤਰ ਨਹੀ ਬਣਾਏ, ਜਿਵੇਂ ਤਰਨ ਤਾਰਨ, ਪਠਾਨਕੋਟ ,ਮੁਕਤਸਰ, ਮੋਗਾ ਆਦਿ। ਇਧਰੋਂ ਉਧਰੋਂ ਇਮਾਰਤਾਂ ਲੈ ਕੇ ਕੰਮ ਸਾਰਿਆ ਜਾ ਰਿਹਾ ਹੈ।ਇਸ ਲਈ ਇਨ੍ਹਾਂ ਲਈ ਜ਼ਮੀਨ ਪ੍ਰਾਪਤ ਕਰਕੇ ਇਮਾਰਤਾਂ ਬਣਾਉਣ ਦੀ ਲੋੜ ਹੈ।

ਲੇਖਕਾਂ ਦੇ ਰਹਿਣ ਲਈ ਪਟਿਆਲੇ ਭਾਸ਼ਾ ਸਦਨ ਵਿੱਚ ਗੈਸਟ ਹਾਊਸ ਹੁੰਦਾ ਸੀ, ਜੋ ਕਿ ਪਟਿਆਲੇ ਦੇ ਡਿਪਟੀ ਕਮਿਸ਼ਨਰ ਨੇ ਐਨ ਸੀ ਸੀ ਨੂੰ ਦੇ ਦਿੱਤਾ ਹੈ।ਜਿਸ ਤੋਂ ਪਤਾ ਲਗਦਾ ਹੈ ਕਿ ਪੰਜਾਬ ਸਰਕਾਰ ਲੇਖਕਾਂ ਦਾ ਕਿੰਨਾਂ ਕੁ ਸਤਿਕਾਰ ਕਰਦੀ ਹੈ?ਇਹ ਘਰ ਕਰਵਾਉਣ ਦੀ ਲੋੜ ਹੈ ਤਾਂ ਜੋ ਲੇਖਕ ਇੱਥੇ ਠਹਿਰ ਸਕਣ। ਇਸ ਮਹਿਕਮੇ ਦਾ ਕੰਮ ਹੈ ਪੰਜਾਬੀ, ਹਿੰਦੀ, ਉਰਦੂ ਤੇ ਸੰਸਕ੍ਰਿਤ ਦੀ ਤਰੱਕੀ ਲਈ ਕੰਮ ਕਰਨਾ ਪਰ ਇਸ ਸਮੇਂ ਹਿੰਦੀ, ਉਰਦੂ ਤੇ ਸੰਸਕ੍ਰਿਤ ਦੇ ਸੈਕਸ਼ਨਾਂ ਵਿਚ ਕੋਈ ਕਰਮਚਾਰੀ ਨਹੀਂ।ਇਸ ਲਈ ਇਨ੍ਹਾਂ ਸੈਕਸ਼ਨਾਂ ਲਈ ਕਰਮਚਾਰੀ ਭਰਤੀ ਕੀਤੇ ਜਾਣ ਦੀ ਲੋੜ ਹੈ।

ਪੰਜਾਬੀ, ਹਿੰਦੀ, ਅੰਗਰੇਜੀ ਤੇ ਉਰਦੂ ਵਿਚ ਰਸਾਲੇ ਛਪਦੇ ਸਨ ਜੋ ਕਿ ਹੁਣ ਕਈ ਕਈ ਮਹੀਨੇ ਛਪਦੇ ਨਹੀਂ।ਜੇ ਛਪਦੇ ਹਨ ਤਾਂ ਕਈ ਕਈ ਮਹੀਨੇ ਪਾਠਕਾਂ ਤੀਕ ਪਹੁੰਚਦੇ ਨਹੀਂ। ਇੱਥੋਂ ਤੀਕ ਕਿ ਵੱਖ ਵੱਖ ਜ਼ਿਲਾ ਭਾਸ਼ਾ ਦਫ਼ਤਰਾਂ ਤੀਕ ਵੀ ਨਹੀਂ ਪਹੁੰਚਦੇ। ਪਹਿਲਾਂ ਹਰ ਜ਼ਿਲ੍ਹੇ ਵਿੱਚ ਪੰਜਾਬੀ ਟਾਇਮ ਤੇ ਸਟੈਨੋਗ੍ਰਾਫ਼ੀ ਦੀਆਂ ਜਮਾਤਾਂ ਲੱਗਦੀਆਂ ਸਨ। ਅਨਸੂਚਿਤ ਜਾਤੀ ਤੇ ਪੱਛੜੀ ਸ਼੍ਰੇਣੀ ਨੂੰ ਵਜ਼ੀਫਾ ਦਿੱਤਾ ਜਾਂਦਾ ਸੀ। ਵਿਦਿਆਰਥੀ ਟਾਈਪ ਤੇ ਸਟੈਨੋਗ੍ਰਾਫ਼ੀ ਦਾ ਕੋਰਸ ਕਰਕੇ ਸਰਕਾਰੀ ਤੇ ਪ੍ਰਾਈਵੇਟ ਅਦਾਰਿਆਂ ਵਿੱਚ ਨੌਕਰੀ 'ਤੇ ਲੱਗ ਜਾਂਦੇ ਸਨ, ਪਰ ਹੁਣ ਜਮਾਤਾਂ ਬੰਦ ਹਨ ਕਿਉਂਕਿ ਮਹਿਕਮੇ ਨੇ ਇਨਸਟਰਟਰਾਂ ਦੀਆਂ ਆਸਾਮੀਆਂ ਨਹੀਂ ਭਰੀਆਂ ਹਨ।ਮੁੜ ਜਮਾਤਾਂ ਸ਼ੁਰੂ ਕਰਵਾਉਣ ਲਈ ਲੋੜੀਂਦਾ ਸਟਾਫ਼ ਭਰਤੀ ਕਰਨ ਦੀ ਲੋੜ ਹੈ। ਹੋਰ ਵੀ ਬਹੁਤ ਸਾਰੀਆਂ ਖਾਮੀਆਂ ਹਨ, ਜਿਨ੍ਹਾਂ ਦਾ ਪੱਤਰ ਵਿਚ ਜਿਕਰ ਕੀਤਾ ਹੈ।



**– ਡਾ ਚਰਨਜੀਤ ਸਿੰਘ ਗੁਮਟਾਲਾ,**
**91-9417533060**

# ਬੇਗਮਪੁਰਾ ਸੰਗੀਤ ਸੰਸਥਾ ਵੱਲੋ ਮਿਸ਼ਨਰੀ ਗਾਇਕਾ ਦੀ ਆਰਥਿਕ ਮਦਦ ਸਬੰਧੀ ਸਮਾਗਮ

ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਵੱਲੋ ਇੱਕ ਸਮਾਗਮ ਮਿਸ਼ਨਰੀ ਗਾਇਕਾ ਦੀ ਆਰਥਿਕ ਮਦਦ ਕਰਨ ਲਈ ਅਨਮੋਲ ਰੈਸਟੋਰੈਟ ਬੰਗਾ ਵਿਖੇ ਕੀਤਾ ਗਿਆ।ਜਿਸ ਵਿੱਚ ਵਿਸ਼ੇਸ਼ ਤੌਰ ਤੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਸ:ਜਸਵੀਰ ਸਿੰਘ ਗੜੀ ਪਹੁੰਚੇ।ਐਨ.ਆਰ.ਆਈ ਮਿਸ਼ਨਰੀ ਗੀਤਕਾਰ ਅਮਰਜੀਤ ਬੇਗਮਪੁਰੀ ਕਨੇਡਾ,ਧਰਮਪਾਲ ਕਲੇਰ ਜਰਮਨੀ, ਕਿਸ਼ਨ ਪਾਸ਼ਟਾ ਜਰਮਨੀ, ਮੇਗਾ ਦਕੌਹਾ, ਅਮਰਜੀਤ ਬੱਧਣ ਭੀਮ ਇੰਟਰਨੈਸ਼ਨਲ ਯੂ.ਐਸ.ਏ, ਵੀਜਾ ਬੰਸੀਆ ਵਾਲਾ ਯੂ.ਕੇ ਆਦਿ ਦੇ ਆਰਥਿਕ ਸੰਯੋਗ ਨਾਲ ਕਰਾਏ ਗਏ ਸਮਾਗਮ ਦੌਰਾਨ 20 ਮਿਸ਼ਨਰੀ ਸਾਥੀਆਂ ਦੀ 40 ਹਜ਼ਾਰ ਰੁਪਏ ਨਾਲ ਮਦਦ ਕੀਤੀ ਗਈ। ਗੁਰੂ ਰਵਿਦਾਸ, ਬਾਬਾ ਸਾਹਿਬ ਡਾ:ਅੰਬੇਡਕਰ , ਸਾਹਿਬ ਕਾਸ਼ੀ ਰਾਮ ਜੀ ਦੇ ਮਿਸ਼ਨ ਤੇ ਕੰਮ ਕਰਨ ਵਾਲੇ ਕਲਾਕਾਰਾਂ ਅਤੇ ਪ੍ਰਬੰਧਕਾਂ ਨਾਲ ਵਿਚਾਰ ਸਾਝੇ ਕਰਦਿਆ ਬਸਪਾ ਸੂਬਾ ਪ੍ਰਧਾਨ ਸ:ਗੜੀ ਨੇ ਕਿਹਾ ਕਿ ਰਹਿਬਰਾ ਦੇ ਮਿਸ਼ਨ ਘਰ ਘਰ ਪਹਚਾਉਣ ਵਾਲੇ ਗਾਇਕਾ ਅਤੇ ਗੀਤਕਾਰਾ ਦੀ ਦੇਣ ਨੂੰ ਬਹੁਜਨ ਸਮਾਜ ਕਦੇ ਨੀ ਭੁਲਾ ਸਕਦਾ।ਉਹਨਾਂ ਬਹੁਜਨ ਸਮਰਥਕਾਂ ਨੂੰ 2022 ਨੂੰ ਹੋਣ ਵਾਲੀਆ ਵਿਧਾਨ ਸਭਾ ਚੌਣਾਂ ਲਈ ਹਰ ਦਿਨ ਆਪਣੇ ਕੰਮਾ ਕਾਰਾ ਤੋ ਇਲਾਵਾ 2 ਘੰਟੇ ਸਮਾਜ



ਨੂੰ ਮੁੜ ਦੇਣ ਦੇਣ ਦਾ ਹੋਕਾ ਦਿੱਤਾ ਤਾਂ ਜੋ ਪੰਜਾਬ ਵਿੱਚ ਬਹੁਜਨਾਂ ਦਾ ਰਾਜ ਭਾਗ ਲਿਆਦਾ ਜਾ ਸਕੇ ਅਤੇ ਆਪਣੇ ਦੁੱਖਾਂ ਦਾ ਅੰਤ ਕੀਤਾ ਜਾਂ ਸਕੇ।

ਉਹਨਾਂ ਅੱਗੇ ਕਿਹਾ ਕਿ ਹਰ ਮਹੀਨੇ ਮਿਸ਼ਨਰੀ ਗਾਇਕਾ ਅਤੇ ਗੀਤਕਾਰਾਂ ਨਾਲ ਇੱਕ ਮਿਲਣੀ ਸ਼ੁਰੂ ਕੀਤੀ ਜਾ ਰਹੀ ਹੈ।ਉਹਨਾਂ ਕਿਹਾ ਕਿ ਬਸਪਾ ਦੇ ਮਰਹੂਮ ਆਗੂ ਅਤੇ ਗੀਤਕਾਰ ਪਰਮਜੀਤ ਗੋਸਲ ਦੀਆਂ ਰਚਨਾਵਾਂ ਦੀ ਇੱਕ ਪੁਸਤਕ ਪ੍ਰਕਾਸ਼ਤ ਕਰਵਾਈ ਜਾਵੇਗੀ। ਇਸ ਮੌਕੇ ਸੰਸਥਾ ਦੇ ਪ੍ਰਧਾਨ ਸ੍ਰੀ ਰੂਪ ਲਾਲ ਧੀਰ ਨੇ ਕਿਹਾ ਕਿ ਜਲਦੀ ਹੀ ਪੰਜਾਬ ਭਰ ਦੇ ਮਿਸ਼ਨਰੀ ਗੀਤਕਾਰਾਂ ਦੀ ਆਰਥਿਕ ਮਦਦ ਕੀਤੀ ਜਾ ਰਹੀ ਹੈ ।ਇਸ ਮੌਕੇ ਬਸਪਾ ਨੇਤਾ ਸ੍ਰੀ ਪਰਵੀਨ ਬੰਗਾ, ਜ਼ਿਲ੍ਹਾ ਪ੍ਰਧਾਨ ਮਨੋਹਰ ਕਮਾਮ , ਸੁਰਿੰਦਰ ਸੁੰਮਨ, ਸੋਮਨਾਥ ਰਟੈਡਾਂ, ਦਵਿੰਦਰ ਟਾਂਕ, ਸੁੱਚਾ ਪੁੰਨੂਮਜਾਰਾ, ਉੱਘੇ ਮਿਸ਼ਨਰੀ ਗਾਇਕ ਹਰਨਾਮ ਸਿੰਘ ਬਹਿਲਪੁਰੀ, ਕਮਲ ਤੱਲਣ, ਮਲਕੀਤ ਬਬੇਲੀ, ਜੀਵਲ ਸੋਹਨ, ਅਮਰੀਕ ਬੀਸਲਾ, ਭਿੰਦਾ ਬੀਸਲਾ, ਲੱਖਾ ਬੀ ਭਰੋਮਜਾਰਾ, ਗਾਇਕ ਬਲਵੀਰ ਰਾਗਣੀ ਹਾਜ਼ਰ ਹੋਏ। ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾਂ ਪੰਜਾਬ ਦੇ ਪ੍ਰਧਾਨ ਰੂਪ ਲਾਲ ਧੀਰ, ਖ਼ਜ਼ਾਨਚੀ ਮੱਖਣ ਬਖਲੌਰ ਅਤੇ ਰਾਜ ਦਦਰਾਲ ਵੱਲੋ ਬਸਪਾ ਪ੍ਰਧਾਨ ਐਨ.ਆਰ.ਆਈ. ਸਾਥੀਆਂ ਦਾ ਧੰਨਵਾਦ ਕੀਤਾ ਗਿਆ।

ਤਸਵੀਰ ਕੈਪਸ਼ਨ: ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਵੱਲੋ ਮਿਸ਼ਨਰੀ ਗਾਇਕਾ ਦੀ ਆਰਥਿਕ ਮਦਦ ਸੰਬੰਧੀ ਕਰਵਾਏ ਸਮਾਗਮ ਦੌਰਾਨ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਸ:ਜਸਵੀਰ ਸਿੰਘ ਗੜੀ ਵਿਚਾਰ ਪੇਸ਼ ਕਰਦੇ ਹੋਏ ਨਾਲ ਸੰਸਥਾ ਦੇ ਪ੍ਰਧਾਨ ਰੂਪ ਲਾਲ ਧੀਰ ,ਪ੍ਰਵੀਨ ਬੰਗਾ, ਰਾਜ ਦਦਰਾਲ, ਹਰਨਾਮ ਸਿੰਘ ਬਹਿਲਪੁਰੀ ਆਦਿ।

# ਲਾਕਡਾਊਨ ਤੋਂ ਬਾਅਦ ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਦੇਸ਼ ਦੇ 21 ਸੂਬਿਆਂ 'ਚ 'ਕਰੀਅਰ ਕਾਊਂਸਲਿੰਗ' ਸਬੰਧੀ ਸੇਵਾਵਾਂ ਦਾ ਮੁੜ ਤੋਂ ਆਗਾਜ਼

ਸਕੂਲੀ ਸਿੱਖਿਆ ਤੋਂ ਬਾਅਦ ਉੱਚ ਸਿੱਖਿਆ ਲਈ ਵਿਦਿਆਰਥੀ ਜੀਵਨ 'ਚ ਸਹੀ ਮਾਰਗ ਦਰਸ਼ਨ ਦੀ ਡੂੰਘੀ ਮਹੱਤਤਾ ਹੈ। ਵਿਦਿਆਰਥੀਆਂ ਲਈ ਸੈਕੰਡਰੀ ਸਿੱਖਿਆ ਤੋਂ ਬਾਅਦ ਅਜਿਹਾ ਪੜਾਅ ਹੁੰਦਾ ਹੈ, ਜਿਸ ਦੌਰਾਨ ਕਰੀਅਰ ਗਾਈਡੈਂਸ ਅਤੇ ਕਾਊਂਸਲਿੰਗ ਅਹਿਮ ਭੂਮਿਕਾ ਅਦਾ ਕਰਦੀ ਹੈ। ਅਜਿਹੇ 'ਚ ਵਿਦਿਆਰਥੀਆਂ ਦੇ ਵਿਆਪਕ ਮਾਰਗ ਦਰਸ਼ਨ ਲਈ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵੱਲੋਂ ਮੁਹੱਈਆ ਕਰਵਾਈ ਜਾਂਦੀਆਂ 'ਕਰੀਅਰ ਕਾਊਂਸਲਿੰਗ' ਸੇਵਾਵਾਂ ਲਾਕਡਾਊਨ ਤੋਂ ਬਾਅਦ ਮੁੜ ਤੋਂ ਜਾਰੀ ਕੀਤੀਆਂ ਗਈਆਂ ਹਨ। ਜਿਸ ਲਈ 'ਵਰਸਿਟੀ ਪ੍ਰਸ਼ਾਸਨ ਵੱਲੋਂ ਰਾਸ਼ਟਰੀ ਪੱਧਰ 'ਤੇ 21 ਸੂਬਿਆਂ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ 'ਚ 'ਕਾਊਂਸਲਿੰਗ ਸੈਂਟਰ' ਸਥਾਪਿਤ ਕੀਤੇ ਗਏ ਹਨ। ਜਿਥੇ ਵਿਦਿਆਰਥੀਆਂ ਨੂੰ ਸਿੱਖਿਆ ਦਾ ਸਹੀ ਖੇਤਰ ਅਤੇ ਕੋਰਸ ਚੁਣਨ ਸਬੰਧੀ ਵਿਆਪਕ ਰੋਡਮੈਪ ਤਿਆਰ ਕਰਨ 'ਚ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਚੰਡੀਗੜ੍ਹ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਆਰ. ਐਸ ਬਾਵਾ ਨੇ ਪੱਤਰਕਾਰਾਂ ਨਾਲ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਵਿਦਿਆਰਥੀ ਲਾਕਡਾਊਨ ਸਬੰਧੀ ਸਰਕਾਰ ਵੱਲੋਂ ਜਾਰੀ ਨਿ-ਰਦੇਸ਼ਾਂ ਦੀ ਪਾਲਣਾ ਅਤੇ ਸਮਾਜਿਕ ਦੂਰੀ ਬਰਕਰਾਰ ਰੱਖਦੇ ਹੋਏ 'ਵਰਸਿਟੀ ਦੇ ਕਾਊਂਸਲਿੰਗ ਸੈਂਟਰਾਂ ਵਿਖੇ ਆਨਲਾਈਨ ਅਪੁਆਇੰਟਮੈਂਟ ਲੈ ਕੇ 'ਕਰੀਅਰ ਕਾਊਂਸਲਿੰਗ' ਸੇਵਾਵਾਂ ਦਾ ਲਾਭ ਲੈ ਸਕਦੇ ਹਨ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਾ. ਬਾਵਾ ਨੇ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਨੇ ਵਿਦਿਆਰਥੀਆਂ ਨੂੰ ਬਤੌਰ ਮਾਰਗ ਦਰਸ਼ਕ ਸੇਵਾਵਾਂ ਨਿਭਾਉਣ ਲਈ ਦੇਸ਼ ਵਿਆਪੀ ਪੱਧਰ 'ਤੇ ਵੱਖ-ਵੱਖ 21 ਸੂਬਿਆਂ 'ਚ 'ਕਾਊਂਸਲਿੰਗ ਸੈਂਟਰ' ਸਥਾਪਿਤ ਕੀਤੇ ਹਨ। ਜਿਨ੍ਹਾਂ ਦੇ ਸਹਿਯੋਗ ਨਾਲ ਵਿਦਿਆਰਥੀਆਂ ਨੂੰ ਰੁਚੀ, ਸਮਰੱਥਾ, ਕੁਸ਼ਲਤਾ ਅਤੇ ਯੋਗਤਾ ਅਨੁਸਾਰ ਸਹੀ ਅਕਾਦਮਿਕ ਮਾਰਗ ਦੀ ਚੋਣ ਕਰਨ ਸਬੰਧੀ ਸ-ਹਯੋਗ ਮੁਹੱਈਆ ਕਰਵਾਇਆ ਜਾਵੇਗਾ। ਡਾ. ਬਾਵਾ ਨੇ ਕਿਹਾ ਕਿ ਸੀ.ਬੀ.ਐਸ.ਈ ਵੱਲੋਂ 12ਵੀਂ ਦੇ ਨਤੀਜਿਆਂ ਦਾ ਐਲਾਨ ਕਰ ਦਿੱਤਾ ਗਿਆ ਹੈ, ਅਜਿਹੇ ਵਿੱਚ ਵਿਦਿਆਰਥੀਆਂ ਨੂੰ ਅਗਲੇਰੀ ਪੜ੍ਹਾਈ ਲਈ ਜਾਣਕਾਰੀ ਹੋਣਾ ਬਹੁਤ ਅਹਿਮ ਹੈ।ਉਨ੍ਹਾਂ ਦੱਸਿਆ ਕਿ 'ਵਰਸਿਟੀ ਵੱਲੋਂ ਪੰਜਾਬ, ਚੰਡੀਗੜ੍ਹ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ, ਜੰਮੂ ਕਸ਼ਮੀਰ, ਰਾਜਸਥਾਨ, ਆਂਧਰਾ ਪ੍ਰਦੇਸ਼, ਯੂਪੀ, ਮੱਧ ਪ੍ਰਦੇਸ਼, ਪੱਛਮੀ ਬੰਗਾਲ, ਉੱਤਰਾਖੰਡ, ਮਨੀਪੁਰ, ਤੇਲੰਗਾਨਾ, ਬਿਹਾਰ, ਝਾਰਖੰਡ, ਆਸਾਮ, ਛੱਤੀਸ਼ਗੜ੍ਹ, ਗੁਜਰਾਤ, ਉੜੀਸ਼ਾ ਅਤੇ ਕੇਰਲਾ ਆਦਿ ਸੂਬਿਆਂ 'ਚ 'ਕਾਊਂਸਲਿੰਗ ਸੈਂਟਰ' ਖੋਲ੍ਹੇ ਗਏ ਹਨ। ਉਨ੍ਹਾਂ ਦੱਸਿਆ ਸੂਬੇ 'ਚ ਲੁ-ਧਿਆਣਾ, ਚੰਡੀਗੜ੍ਹ, ਬਠਿੰਡਾ ਅਤੇ ਅੰਮ੍ਰਿਤਸਰ ਵਿਖੇ 'ਕਾਊਂਸਲਿੰਗ ਸੈਂਟਰ' ਮੌਜੂਦ ਹਨ।



ਡਾ. ਬਾਵਾ ਨੇ ਦੱਸਿਆ ਕਿ 'ਵਰਸਿਟੀ ਵੱਲੋਂ ਸਥਾਪਿਤ ਕੀਤੇ 'ਕਾਊਂਸਲਿੰਗ ਸੈਂ-ਟਰਾਂ' 'ਚ ਵਿਦਿਆਰਥੀਆਂ ਦੀ ਰੁਚੀ ਅਤੇ ਕੁਸ਼ਲਤਾ ਦੀ ਪਛਾਣ ਕਰਨ ਲਈ 'ਸਾਈਕੋਮ੍ਰੈਟਿਕ ਟੈਸਟ' ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰੁਚੀ ਅਤੇ ਸਮੱਰਥਾ ਅਨੁਸਾਰ ਢੁੱਕਵੇਂ ਅਕਾਦਮਿਕ ਪੱਧਰ 'ਤੇ ਜਾਣ ਲਈ ਪ੍ਰੇਰਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੀ ਕਾਊਂਸਲਿੰਗ ਲਈ ਯੋਗਤਾ ਭਰਪੂਰ, ਤਜ਼ਰਬੇਕਾਰ ਅਤੇ ਸਿਖਲਾਈ ਪ੍ਰਾਪਤ 40 ਤੋਂ ਵੱਧ ਕਾਊਂਸਲਰਾਂ ਨੂੰ ਨਿਯੁਕਤ ਕੀਤਾ ਗਿਆ ਹੈ। ਡਾ. ਬਾਵਾ ਨੇ ਦੱਸਿਆ ਕਿ ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਨੂੰ ਵੱਖ-ਵੱਖ ਖੇਤਰਾਂ 'ਚ 109 ਅੰਡਰਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਅਤੇ ਹੁਣ ਤੱਕ ਇਕੱਲੇ ਪੰਜਾਬ ਤੋਂ 28000 ਦੇ ਕਰੀਬ ਵਿਦਿਆਰਥੀ 'ਵਰਸਿਟੀ ਦੇ 'ਕਾਊਂਸਲਿੰਗ ਸੈਂਟਰਾਂ' ਵੱਲੋਂ ਮੁਹੱਈਆ ਕਰਵਾਈਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਲੈ ਚੁੱਕੇ ਹਨ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਵਿਦਿਆਰਥੀ ਟੋਲ ਫਰੀ ਨੰਬਰ 1800 1212 88800 'ਤੇ ਸੰਪਰਕ ਕਰ ਸਕਦੇ ਹਨ।

ਇਸ ਸਬੰਧੀ ਗੱਲਬਾਤ ਕਰਦਿਆਂ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਉਦਯੋਗ ਦੇ ਹੋ ਰਹੇ ਨਿਰੰਤਰ ਵਿਕਾਸ ਅਤੇ ਤਕਨੀਕੀਆਂ ਤਬਦੀਲੀਆਂ ਕਾਰਨ ਹਮੇਸ਼ਾ ਨਵੇਂ ਖੇਤਰਾਂ ਦਾ ਨਿਰੰਤਰ ਉਭਾਰ ਹੋਇਆ ਹੈ, ਜਿਥੇ ਪੇਸ਼ਵਰਾਂ ਦੀ ਮੰਗ ਵੀ ਬਦਲਦੇ ਸਮੇਂ ਨਾਲ ਵਧੇਰੇ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਪ੍ਰਸਥਿਤੀਆਂ 'ਚ ਸਕੂਲੀ ਸਿੱਖਿਆ ਤੋਂ ਬਾਅਦ ਵਿਦਿਆਰਥੀਆਂ ਦਾ ਸਹੀ ਸਹੀ ਮਾਰਗ ਦਰਸ਼ਨ ਹੋਣਾ ਲਾਜ਼ਮੀ ਹੈ, ਜਿਸ ਨੂੰ ਮੁੱਖ ਰੱਖਦਿਆਂ ਚੰਡੀਗੜ੍ਹ ਯੂਨੀਵਰਸਿਟੀ ਨੇ ਕਰੀਅਰ ਕਾਊਂਸਲਿੰਗ ਸੈਂਟਰਾਂ ਦੇ ਮਾਧਿਅਮ ਰਾਹੀਂ ਪਹਿਲਕਦਮੀ ਕੀਤੀ ਹੈ। ਜਿਸ ਦੇ ਸਹਿਯੋਗ ਨਾਲ ਵਿਦਿਆਰਥੀ ਆਪਣੇ ਭਵਿੱਖ ਸਬੰਧੀ ਸਹੀ ਮਾਰਗ ਦੀ ਚੋਣ ਕਰ ਸਕਣਗੇ ਅਤੇ ਆਪਣੇ ਪਸੰਦੀਦਾ ਖੇਤਰ 'ਚ ਕਰੀਅਰ ਦੀਆਂ ਸੰਭਾਵਨਾਵਾਂ ਨੂੰ ਭਲੀਭਾਂਤ ਸਮਝ ਸਕਣਗੇ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376






ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ ਵਿਚ ਟ੍ਰੇਨ ਹਾਦਸੇ ਵਿਚ ਸ਼ਹੀਦ ਹੋਣ ਵਾਲੇ ਯਾਤਰੀਆਂ ਨੂੰ ਵਕਫ ਇਸਲਾਮ ਬੋਰਡ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਮਦਾਦੀ ਚੈਂਕ ਤਕਸੀਮ ਕੀਤੇ ਗਏ। ਇਸ ਮੌਕੇ ਤੇ ਪ੍ਰਧਾਨ ਸ. ਸਤਵੰਤ ਸਿੰਘ, ਜਨਰਲ ਸਕੱਤਰ ਸ. ਅਮੀਰ ਸਿੰਘ, ਇੰਦਰਜੀਤ ਸਿੰਘ ਅਤੇ ਕਮੇਟੀ ਮੈਂਬਰਾਂ ਨੇ ਸ਼ਿਰਕਤ ਕੀਤੀ। **ਰਿਪੋਰਟ ਅਤੇ ਤਸਵੀਰਾਂ ਬਾਬਰ ਜਲੰਧਰੀ**

# ਕਰੋਨਾ ਨੇ ਵਿਸ਼ਵ ਦਾ ਆਰਥਿਕ ਸੰਕਟ ਹੋਰ ਵਧਾਇਆ

## ਬਚਣ ਲਈ ਜਨਤਕ ਖੇਤਰ ਨੂੰ ਤਰਜੀਹ ਦੇਣ ਦੀ ਲੋੜ- ਡਾ.ਗਿਆਨ ਸਿੰਘ

ਫਗਵਾੜਾ- ਕਰੋਨਾ ਮਹਾਂਮਾਰੀ ਨੇ ਵਿਸ਼ਵ ਦੇ ਅਰਥਚਾਰੇ ਨੂੰ ਵੱਡੀ ਢਾਹ ਲਾਈ. ਹੈ, ਜਿਸ ਕਾਰਨ ਇਕ ਹੋਰ ਸੰਸਾਰ ਵਿਆਪੀ ਮੰਦਵਾੜਾ ਵਿਸ਼ਵੀ ਅਰਥਚਾਰੇ ਦੇ ਬੂਹੇ 'ਤੇ ਦਸਤਕ ਦੇ ਰਿਹਾ ਹੈ। ਰੁਜ਼ਗਾਰ, ਬੇਕਾਰੀ, ਗੁਰਬਤ, ਭੁੱਖਮਰੀ, ਵਾਤਾਵਰਣ ਸਮੇਤ ਸਮੱਸਿਆਵਾਂ ਦੇ ਹੋਰ ਵਿਕਰਾਲ ਹੋਣ ਦਾ ਖਤਰਾ ਵੀ ਵੱਧ ਗਿਆ ਹੈ। ਇਹ ਚਿੰਤਾ ਨਾਮੀ ਅਰਥ ਸ਼ਾਸਤਰੀ ਡਾ. ਗਿਆਨ ਸਿੰਘ ਨੇ ਕੌਮਾਂਤਰੀ ਵੈਬਨਾਰ ਨੂੰ ਸੰਬੋਧਨ ਕਰਦਿਆਂ ਪ੍ਰਗਟਾਈ। ਗੁਰ-ਮੀਤ ਸਿੰਘ ਪਲਾਹੀ ਦੀ ਅਗਵਾਈ ਵਿਚ ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਵੱਲੋਂ ਕਰਵਾਏ ਗਏ ਇਸ ਵੈਬਨਾਰ ਨੂੰ ਸੰਬੋਧਨ ਕਰਦਿਆਂ ਉਹਨਾਂ ਅੱਗੇ ਕਿਹਾ ਕਿ ਇਸ ਸੰਭਾਵਿਤ ਭਵਿੱਖੀ ਸੰਕਟ ਤੋਂ ਬਚਣ ਲਈ ਵਿਸ਼ਵ ਦੀਆਂ ਸਰਕਾਰਾਂ ਨੂੰ ਸੰਸਾਰਕ ਪੂੰਜੀਵਾਦੀ ਤੇ ਬੇਲਗਾਮ ਆਰਥਿਕ ਨਤੀਆਂ ਤੋਂ ਮਨੁੱਖ ਤੇ ਕੁਦਰਤ ਪੱਖੀ ਵਿਕਾਸ ਆਰਥਿਕ ਮਾਡਲ ਵੱਲ ਮੋੜਾ ਕੱਟਣ ਦੀ ਲੋੜ ਹੈ। ਭਾਰਤੀ ਅਰਥਚਾਰੇ ਦੇ ਬੂਹੇ ਜਿਸ ਤਰ੍ਹਾਂ ਵਿਦੇਸ਼ੀ ਪੂੰਜੀ ਲਈ ਦਰਵਾਜ਼ੇ ਖੋਲ੍ਹੇ ਜਾ ਰਹੇ ਹਨ, ਤਾਕਤਾਂ ਦੇ ਕੇਂਦਰੀਕਰਨ ਕਰਕੇ ਰਾਜਾਂ ਦੀਆਂ ਸ਼ਕਤੀਆਂ ਘਟਾਈਆਂ ਜਾ ਰਹੀਆਂ ਹਨ ਤੇ ਹਰ ਖੇਤਰ ਵਿਚ ਬੇਲਗਾਮ ਮੰਡੀ ਦੀਆਂ ਆਰਥਿਕ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ, ਉਸ ਨਾਲ ਇਸ ਆਰਥਿਕ ਮੰਦਵਾੜੇ ਦਾ ਟਾਕਰਾ ਕਰਨਾ ਬੇਹੱਦ ਚੁਣੌਤੀ ਭਰਿਆ ਹੋਵੇਗਾ। ਇਕ ਸਵਾਲ ਦੇ ਜਵਾਬ ਵਿਚ ਡਾ. ਗਿਆਨ ਸਿੰਘ ਨੇ ਕਿਹਾ ਕਿ ਇਸ ਤੋਂ ਬਚਣ ਲਈ ਜਨਤਕ ਖੇਤਰ ਨੂੰ ਮੁੜ ਪ੍ਰਮੁੱਖ ਤਰਜੀਹ ਦੇਣ ਤੇ ਨਿੱਜੀ ਖੇਤਰ 'ਤੇ ਕੰਟਰੋਲ ਕੈਪ ਲਾਉਣ ਦੀ ਨੀਤੀ ਅਪਣਾਉਣ ਦੀ ਲੋੜ ਹੈ। ਖੇਤੀ ਸੰਕਟ ਤੇ ਚਰਚਾ ਕਰਦਿਆਂ ਉਹਨਾਂ ਕਿਹਾ ਕਿ ਇਸ ਵਿਚੋਂ ਨਿਕਲਣ ਲਈ ਕਾਰਪੋਰੇਟ ਖੇਤੀ ਨਹੀਂ, ਸਹਿਕਾਰੀ ਸਾਂਝੀ ਖੇਤੀ ਦਾ ਮਾਡਲ ਅਪਣਾਉਣ ਦੀ ਲੋੜ ਹੈ। ਵੈਬਨਾਰ 'ਚ ਵਰਿੰਦਰ ਸ਼ਰਮਾ, ਐਮ. ਪੀ. ਯੂ. ਕੇ., ਐਸ. ਬਲਵੰਤ ਯੂ. ਕੇ., ਸੁਰਿੰਦਰ ਮਚਾਕੀ, ਗੁਰਮੀਤ ਪਲਾਹੀ, ਡਾ. ਗੁਰਚਰਨ ਨੂਰਪੁਰ, ਡਾ. ਸ਼ਿਆਮ ਸੁੰਦਰ ਦੀਪਤੀ, ਡਾ. ਮਨਜੀਤ ਸਿੰਘ ਬੱਲ, ਗਿਆਨ ਸਿੰਘ ਰਿਟਾਇਰਡ ਡੀਪੀਆਰਓ, ਗੁਰਵਿੰਦਰ ਮਾਣਕ, ਰਵਿੰਦਰ ਸਿੰਘ ਚੋਟ, ਕੁਲਦੀਪ ਕੁਮਾਰ, ਐਡਵੋਕੇਟ ਦਰਸ਼ਨ ਸਿੰਘ ਰਿਆੜ ਤੇ ਦੀਦਾਰ ਸ਼ੇਤਰਾ, ਰਵਿੰਦਰ ਸਿੰਘ ਰਾਏ, ਬਿਕਰਮ ਸਿੰਘ, ਚੰਦਰ ਮੋਹਨ, ਚਰਨਪ੍ਰੀਤ ਸਿੰਘ, ਸੁਖਵੀਰ, ਡਾ. ਅਮਰਜੀਤ ਵਾਰਚ ਆਦਿ ਨੇ ਕਈ ਮੁੱਦਿਆਂ 'ਤੇ ਚਰਚਾ ਕੀਤੀ। ਤਕਨੀਕੀ ਸੰਚਾਲਨ ਪਰਵਿੰਦਰਜੀਤ ਸਿੰਘ ਨੇ ਕੀਤਾ।



# ਗਾਇਕ ਅਵਤਾਰ ਗਰੇਵਾਲ ਦਾ ਗੀਤ 'ਬੁਰਿਆਂ ਕੰਮਾਂ ਦੇ ਬੁਰੇ ਨਤੀਜੇ' ਰਿਲੀਜ਼

**ਫਰਿਜ਼ਨੋ, ਕੈਲੀਫੋਰਨੀਆਂ ((ਨੀਟਾ ਮਾਛੀਕੇ))-** ਪੰਜਾਬੀ ਸੱਭਿਆਚਾਰ ਅਤੇ ਗਾਇਕੀ ਦੇ ਖੇਤਰ ਵਿੱਚ ਕੋਵਿਡ-19 ਦੇ ਚਲਦਿਆਂ ਸੁਰੱਖਿਆ ਦੇ ਨਿਯਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸੀਮਿੰਤ ਸੰਗੀਤ ਪ੍ਰੇਮੀਆਂ ਦੁਆਰਾ ਗਾਇਕ ਕਲਾਕਾਰ ਅਵਤਾਰ ਗਰੇਵਾਲ ਦਾ ਨਵਾਂ-ਨਕੋਰ ਗੀਤ "ਬੁਰਿਆਂ ਕੰਮਾਂ ਦੇ ਬੁਰੇ ਨਤੀਜੇ" ਰਿਲੀਜ਼ ਕੀਤਾ ਗਿਆ। ਜੋ ਸਮਾਜਿਕ ਕੁਰੀਤੀਆਂ ਦੀ ਗੱਲ ਕਰਦਾ ਹੈ। ਇਸ ਦੇ ਗੀਤਕਾਰ ਸੁੱਖੀ ਧਾਲੀਵਲ ਹਨ ਅਤੇ ਮਿਊਜ਼ਕ ਬੀ. ਬੁਆਏ ਨੇ ਦਿੱਤਾ ਹੈ। ਇਸ ਗੀਤ ਦਾ ਸਾਰਾ ਪ੍ਰੋਜੈਕਟ ਸਥਾਨਕ ਦੋਸਤਾਂ ਨੇ ਰਲ ਕੇ ਬਣਾਇਆ ਹੈ। ਗਾਇਕ ਅਵਤਾਰ ਤੋਂ ਬਿਨਾਂ ਟੀਮ ਵਿੱਚ ਕੋਈ ਵੀ ਪ੍ਰੋਫੈਸਨਲ ਨਹੀਂ ਸੀ। ਅਵਤਾਰ ਪਹਿਲੇ ਦਹਾਕਿਆਂ ਵਿੱਚ 'ਦਿਲਦਾਰ ਮਿਊਜ਼ੀਕਲ ਗਰੁੱਪ' ਕੈਲੀਫੋਰਨੀਆਂ ਦਾ ਮੋਢੀ ਗਾਇਕ ਰਿਹਾ ਹੈ ਅਤੇ ਇਸ ਨੇ ਬਹੁਤ ਸਾਰੇ ਸੱਭਿਆਚਾਰਕ ਅਤੇ ਧਾਰਮਿਕ ਗੀਤ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਏ ਹਨ। ਇਹ ਇਕ ਨਵਾਂ ਤਜਰਬਾ ਸੀ, ਜੋ ਬੜੀ ਸਫਲਤਾ ਨਾਲ ਨੇਪਰੇ ਚਾੜਿਆ। ਸਮੁੱਚੇ ਇਸ ਗੀਤ ਨੂੰ ਰਿਕਾਰਡਿੰਗ ਤੋਂ ਵੀਡੀਉ ਤੱਕ ਮੀਡੀਆ ਸਹਿਯੋਗੀ ਕੁਲਵੰਤ ਧਾਲੀਆਂ ਦੀ ਨਿਰਦੇਸਨਾ ਅਧੀਨ 'ਧਾਲੀਆਂ ਐਂਡ ਮਾਛੀਕੇ' ਦੇ ਬੈਨਰ ਹੇਠ ਨੇਪਰੇ ਚਾੜਿਆ ਗਿਆ ਹੈ। ਇਸ ਸਾਦੀ ਰਿਲੀਜ਼ ਰਸ਼ਮ ਸਮੇਂ ਗਾਇਕ ਅਵਤਾਰ ਗਰੇਵਾਲ, ਗੀਤਕਾਰ ਗੈਰੀ ਢੇਸੀ, ਗੀਤਕਾਰ ਸਤਵੀਰ ਹੀਰ ਅਤੇ ਕੁਲਦੀਪ ਜੱਸ਼ੜ ਅਤੇ ਗੁਰਿੰਦਰਜੀਤ ਮਾਛੀਕੇ ਨੇ ਗੱਲਬਾਤ ਕਰਦੇ ਹੋਏ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਇਸ ਸਮੇਂ ਕੁਲਵੰਤ ਉੱਭੀ ਧਾਲੀਆ ਨੇ ਸਾਰੇ ਵਲੰਟੀਅਰ ਕਲਾਕਾਰਾਂ, ਸਹਿਯੋਗੀਆਂ ਅਤੇ ਸਮੁੱਚੀ ਟੀਮ ਦਾ ਧੰਨਵਾਦ ਕਰਦੇ ਹੋਏ ਅੱਗੇ ਤੋਂ ਇਸ ਤੋਂ ਵੀ ਪ੍ਰੋਜੈਕਟ ਲੈ ਕੇ ਆਉਣ ਦੀ ਵਚਨਬੱਧਤਾ ਪ੍ਰਗਟਾਈ। ਅੱਜ ਦੇ ਸਮੇਂ ਦੀ ਲੋੜ ਹੈ ਕਿ ਅਜਿਹੇ ਚੰਗੇ ਸੱਭਿਆਚਾਰਕ ਅਤੇ ਪਰਿਵਾਰਕ ਗੀਤ ਗਾਏ ਜਾਣ, ਜੋ ਸਾਡਾ ਮੰਨੋਰੰਜਨ ਕਰਨ ਦੇ ਨਾਲ-ਨਾਲ ਚੰਗੀ ਸਮਾਜਿਕ ਸੇਧ ਵੀ ਦੇ ਸਕਣ। ਜਿਸ ਨਾਲ ਅੱਜ ਦੀ ਨਵੀਂ ਪੀੜੀ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਿਆ ਜਾ ਸਕੇ।




# ਡਿਪਸ ਸਕੂਲ ਰਈਆ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ

ਡਿਪਸ ਸਕੂਲ ਰਈਆ (ਫੱਤੂਵਾਲ) ਅੰਮ੍ਰਿਤਸਰ ਸੀ.ਬੀ.ਐੱਸ.ਈ ਬਾਰਵੀਂ ਕਲਾਸ ਦੇ ਐਲਾਨੇ ਗਏ ਨਤੀਜਿਆ ਵਿੱਚ ਰਿਸ ਵਾਰ ਲੜਕੀਆਂ ਨੇ ਵਧੀਆ ਅੰਕ ਪ੍ਾਪਤ ਕਰਕੇ ਆਪਣੇ ਸਕੂਲ ਅਤੇ ਮਾਪਿਆ ਦਾ ਨਾਂ ਰੋਸ਼ਨ ਕੀਤਾ।ਸਕੂਲ ਦੇ ਪ੍ਰਿੰਸੀਪਲ ਸ. ਜਗਬੀਰ ਸਿੰਘ ਰੰਧਾਵਾ ਨੇ ਦੱਸਿਆ ਕਿ ਸਾਡੇ ਸਕੂਲ ਦੀ ਹੋਣਹਾਰ ਵਿਦਿਆਰਥੀ ਤਾਨੀਆ ਨੇ ਮੈਡੀਕਲ ਸਾਇੰਸ ਚ'ਸਕੂਲ ਦੇ ਸਾਰੇਵਿਦਿਆਰਥੀਆ ਨੂੰ ਪਛਾੜਦੇ ਹੋਏ 83 ਫੀਸਦੀ ਅੰਕ ਹਾਸਿਲ ਕੀਤੇ ਅਤੇ ਸਰੀਰਕ ਸਿੱਖਿਆ ਵਿੱਚੋ 94 ਫੀਸਦੀ ਅੰਕ ਪ੍ਾਪਤ ਕਰਕੇ ਪਹਿਲਾ ਸਥਾਨ ਪ੍ਾਪਤ ਕੀਤਾ ਨੌਨ ਮੈਡੀਕਲ ਚੋ' ਪਵਨਦੀਪ ਕੌਰ 86 ਫੀਸਦੀ ਅੰਕ ਹਾਸਿਲ ਕਰਕੇ ਪਹਿਲੇ ਸਥਾਨ ਤੇ ਰਹੀ ਅਤੇ ਨੌਨ ਮੈਡੀਕਲ ਦਾ ਵਿਦਿਆਰਥੀ ਰਾਜਨਦੀਪ ਸਿੰਘ 80 ਫੀਸਦੀ ਅੰਕ ਹਾਸਿਲ ਕਰਕੇ ਦੂਸਰੇ ਸਥਾਨ ਤੇ ਰਿਹਾ ਅਤੇ ਕਮਰਸ ਦੇ ਵਿਦਿਆਰਥੀ ਸੁਮੇਰ ਸਿੰਘ ਨੇ 80 ਫੀਸਦੀ ਅੰਕ ਪ੍ਾਪਤ ਕੀਤੇ। ਸਕੂਲ ਦੇ ਚੈਅਰਮੇਨ ਸ. ਗੁਰਬਚਨ ਸਿੰਘ, ਸੀ.ਈ.ਓ ਮੋਨਿਕਾ ਮੰਡੋ-ਤਰਾ, ਪ੍ਰਿੰਸੀਪਲ ਸ. ਜਗਬੀਰ ਸਿੰਘ ਰੰਧਾਵਾ ਅਤੇ ਸਮੂਹ ਸਟਾਫ ਨੇ ਸਕੂਲ ਦੇ ਵਿਦਿਆਰਥੀਆ ਅਤੇ ਮਾਪਿਆ ਨੂੰ ਵਧਾਈਆਂ ਦਿ-ੱਤੀਆ ਅਤੇ ਬੱਚਿਆ ਦੇ ਉਜਵੱਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿ-



# ਅੰਬੇਡਕਰਾਇਟ ਲੀਗਲ ਫੋਰਮ ਵੱਲੋਂ ਡਾ.ਅੰਬੇਡਕਰ ਦੇ ਰਾਜਗ੍ਰਹਿ ਦੀ ਭੰਨ ਤੋੜ ਦੀ ਨਿਖੇਧੀ

ਅੰਬੇਡਕਰਾਇਟ ਲੀਗਲ ਫੋਰਮ ਜਲੰਧਰ ਦੇ ਮੈਂਬਰਾਂ ਵੱਲੋਂ 9 ਜੁਲਾਈ ਨੂੰ ਇਥ ਵਿਸ਼ੇਸ਼ ਮੀਟਿੰਗ ਪ੍ਰਧਾਨ ਐਡਵੋਕੇਟ ਪ੍ਰਿਤਪਾਲ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਫੋਰਮ ਦੇ ਮੈਂਬਰਾਂ ਨੇ ਦਾਦਰ (ਮੁੰਬਈ) ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਘਰ 'ਰਾਜਗ੍ਰਹਿ' ਦੀ ਭੰਨ ਤੋੜ ਕਰਨ ਦੀ ਹੋਈ ਮੰਦਭਾਗੀ ਘਟਨਾ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਇਸ ਘਟਨਾ ਦੇ ਪਿੱਛੇ ਜੋ ਵੀ ਜ਼ਿੰਮੇਵਾਰ ਹਨ, ਅਜਿਹੇ ਫਿਰਕਾਪ੍ਰਸਤ ਲੋਕ ਇਹ ਸਮਝ ਲੈਣ ਕਿ



ਅਜਿਹਾ ਕਰਕੇ ਉਹ ਸਿਰਫ ਬਾਬਾ ਸਾਹਿਬ ਦੀਆਂ ਨਿਸ਼ਾਨੀਆਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਪਰ ਉਹ ਕਦੇ ਵੀ ਬਾਬਾ ਸਾਹਿਬ ਦੀ ਸੋਚ ਅਤੇ ਵਿਚਾਰਾਂ ਨੂੰ ਨਹੀਂ ਮਿਟਾ ਸਕਦੇ ਜੋ ਕਿ ਸਾਡੇ ਦਿਲਾਂ ਵਿਚ ਮੌਜੂਦ ਹਨ। ਉਹ ਭਾਰਤ ਸਰਕਾਰ ਅਤੇ ਮਹਾਰਾਸ਼ਟਰ ਸਰਕਾਰ ਤੋਂ ਇਹ ਮੰਗ ਕਰਦੇ ਹਨ ਕਿ ਇਸ ਘਟਨਾ ਪਿੱਛੇ ਜੋ ਵੀ ਅਸਮਾਜਿਕ ਅਨਸਰ ਹਨ, ਉਹਨਾਂ ਨੂੰ ਜਲਦੀ ਤੋਂ ਜਲਦੀ ਫੜ ਕੇ ਉਹਨਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਯ ਮੌਕੇ ਐਡਵੋਕੇਟ ਪ੍ਰਿਤਪਾਲ ਸਿੰਘ, ਐਡਵੋਕੇਟ ਰਾਜੂ ਅੰਬੇਡਕਰ, ਐਡਵੋਕੇਟ ਰਜਿੰਦਰ ਕੁਮਾਰ, ਐਡਵੋਕੇਟ ਹਰਭਜਨ ਸਾਂਪਲਾ, ਐਡਵੋਕੇਟ ਪਵਨ ਵਿਰਦੀ, ਐਡਵੋਕੇਟ ਦਰਸ਼ਨ ਸਿੰਘ, ਐਡਵੋਕੇਟ ਮੋਹਨ ਲਾਲ ਫਿਲੌਰੀਆ, ਐਡਵੋਕੇਟ ਕੁਲਦੀਪ ਭੱਟੀ, ਐਡਵੋਕੇਟ ਸਾਗਰ ਸਹੋਤਾ, ਐਡਵੋਕੇਟ ਜਗਜੀਵਨ, ਐਡਵੋਕੇਟ ਹਰਪ੍ਰੀਤ ਸਿੰਘ, ਐਡਵੋਕੇਟ ਸੰਨੀ ਕੌਲ ਅਤੇ ਦੀਪਕ ਨਾਹਰ ਹਾਜਰ ਸਨ।

# "ਰੌਲ ਦਿੱਤਾ ਰੰਗ ਰੇਟਾ" ਗੀਤ ਜੱਸ ਰਿਕਾਰਡਜ਼ ਵੱਲੋਂ ਸ਼ੁਕਰਵਾਰ ਮਿਤੀ 17-7-2020 ਨੂੰ ਰਿਲੀਜ਼ ਹੋਵੇਗੀ

ਸ਼੍ਰੋਮਣੀ ਸ਼ਹੀਦ, ਮਹਾਨ ਜਰਨੈਲ ਤੇ ਬਾਣੀਕਾਰ ਬਾਬਾ ਜੀਵਨ ਸਿੰਘ ( ਭਾਈ ਜੈਤਾ ਜੀ) ਜੀ ਦੀ ਲਾਸਾਨੀ ਕੁਰਬਾਨੀ ਨੇ ਰੰਗ ਰੇਟੇ ਸਿੰਘਾਂ ਨੂੰ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਸਦਕਾ ਸਿੱਖ ਇਤਿਹਾਸ ਵਿਚ ਹੀ ਨਹੀਂ ਬਲਕਿ ਪੂਰੀ ਦੁਨੀਆ ਵਿੱਚ ਅਮਰ ਬਣਾ ਦਿੱਤਾ। ਬਾਬਾ ਬੀਰ ਸਿੰਘ, ਬਾਬਾ ਧੀਰ ਸਿੰਘ, ਬਾਬਾ ਦੀਪ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਤੇ ਸਰਦਾਰ ਹਰੀ ਸਿੰਘ ਨਲੂਆ ਰੰਗ ਰੇਟੇ ਸਿੰਘਾਂ ਦੇ ਉਹ ਮਹਾਨ ਯੋਧੇ ਹਨ ਜਿੰਨਾ ਨੂੰ ਗੁਰੂ ਸਾਹਿਬ ਦੀ ਅਪਾਰ ਕਿਰਪਾ ਪ੍ਰਾਪਤ ਹੋਈ। ਇਮਾਨਦਾਰ, ਵਫ਼ਾਦਾਰ ਤੇ ਸਿਰ ਲੱਥ ਕੌਮ ਨੇ ਕੂਟਨੀਤੀ ਤੋਂ ਕਦੇ ਸਹਾਰਾ ਨਹੀ ਲਿਆ । ਜਿਸ ਕਰਕੇ ਗੁਰੂ ਸਾਹਿਬ ਦੇ ਜਾਣ ਮਗਰੋਂ ਬਿਪਰਵਾਦ ਦੀ ਸੋਚ ਤੋਂ ਗ੍ਰਸਤ ਸਿੱਖੀ ਬਾਣੇ ਵਾਲਿਆਂ ਨੇ ਰੰਗ ਰੇਟੇ ਸਿੰਘਾਂ ਨੂੰ ਜਾਤ ਪਾਤ ਦੇ ਤਰਾਜੂ ਵਿੱਚ ਤੋਲਦਿਆਂ ਉਹਨਾਂ ਦੇ ਮਾਣ ਸਨਮਾਨ ਨੂੰ ਬੇਹੱਦ ਢਾਹ ਲਾਈ ਤੇ ਉਹਨਾਂ ਨੂੰ ਬਖਸ਼ਿਸ਼ਾਂ ਦੇ ਰੂਪ ਵਿਚ ਮਿਲੇ ਖਿਤਾਬਾਂ ਤੇ ਜੇਤੂ ਨਿਸ਼ਾਨੀਆਂ ਨੂੰ ਢਹਿ ਢੇਰੀ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਜਿਸ ਨਾਲ ਸਿੱਖੀ ਦੇ ਉੱਚੇ ਤੇ ਸੁੱਚੇ ਫ਼ਲਸਫ਼ੇ ਨੂੰ ਬੇਹੱਦ ਢਾਹ ਲੱਗੀ। ਨਫ਼ਰਤ ਤੇ ਊਚ ਨੀਚ ਦੇ ਅਣਮਨੁੱਖੀ ਵਰਤਾਰੇ ਕਾਰਨ ਦਿਨੋਂ ਦਿਨ ਸਿੱਖਾਂ ਦੀ ਘਟਦੀ ਗਿਣਤੀ ਪ੍ਰਤੀ ਸੁਚਾਰੂ ਤੇ ਸੁਹਿਰਦਤਾ ਭਰਪੂਰ ਸੁਨੇਹਾ ਦਿੰਦੇ ਗੀਤ " ਰੋਲ ਦਿੱਤਾ ਰੰਗ ਰੇਟਾ" ਨੂੰ ਗਾਇਕ ਤੇ ਗੀਤਕਾਰ, ਚਿੰਤਕ, ਲੇਖਕ ਤੇ ਸਮਾਜ ਸੁਧਾਰਕ ਡਾਕਟਰ ਅਵਤਾਰ ਸਿੰਘ ਨੇ ਬਹੁਤ ਹੀ ਪ੍ਰਸ਼ੰਸ਼ਾਤਮਿਕ ਤਰੀਕੇ ਨਾਲ ਪੇਸ਼ ਕੀਤਾ ਹੈ। ਇਸ ਗੀਤ ਨੂੰ ਜੱਸ ਰਿਕਾਰਡਜ਼ ਮਿਊਜ਼ਿਕ ਕੰਪਨੀ ਵੱਲੋਂ ਡਿਵੋਸ਼ਨਲ ਸੀਰੀਜ਼ ਹੇਠ ਵਰਲਡ ਲੈਵਲ ਤੇ ਸ਼ੁਕਰਵਾਰ ਮਿਤੀ 17-7-2020 ਨੂੰ ਯੂ ਟਿਊਬ ਤੇ ਸੋਸ਼ਲ ਸਾਈਟਸ ਤੇ ਸਵੇਰੇ ਨੌਂ ਵਜੇ ਅਪਲੋਡ ਕਰ ਦਿੱਤਾ ਜਾਵੇਗਾ। ਇਸ ਗੀਤ ਦੀ ਸਮੁੱਚੀ ਟੀਮ ਸ. ਰਜਿੰਦਰ ਸਿੰਘ ਰਿਆੜ, ਸ. ਮੁਖਤਿਆਰ ਸਿੰਘ ( ਰਿਟਾਇਰਡ ਐੱਸ ਪੀ), ਸ. ਸੁਖਮੰਦਰ ਸਿੰਘ ਗੱਜਣਵਾਲਾ, ਮਾਸਟਰ ਪਰਮਪਾਲ ਸਿੰਘ ਰੂਬੀ, ਸ. ਬੱਲ, ਲਾਡੀ ਰੰਗ ਰੇਟਾ, ਨਿੰਦਰਪਾਲ਼ ਮਚਾਕੀ, ਅਜੇ ਤੇ ਅਭੈ ਅਟਵਾਲ, ਵੀਡੀਉ ਡਾਇਰੈਕਟਰ ਸ਼ਿੰਦਾ ਸਿੰਘ ਸ਼ਿੰਦਾ, ਕੈਮਰਾ ਮੈਂਨ ਰੋਹਿਤ ਅੰਗੁਰਾਲਾ, ਐਡੀਟਰ ਕੁਲਦੀਪ ਸ਼ਾਹਕੋਟ, ਮਾਸਟਰ ਲਖਵਿੰਦਰ ਜੀਤ, ਹਰਦੇਵ ਦੇਵ, ਸੰਗੀਤਕਾਰ ਕੇ ਬੀ ਬੀਟ, ਉੱਘੇ ਗਾਇਕ ਮੇਜਰ ਮਹਿਰਮ ਨੇ ਬਹੁਤ ਹੀ ਮਿਹਨਤ ਨਾਲ ਕੰਮ ਕੀਤਾ ਹੈ। ਜਾਤ ਪਾਤ ਤੇ ਊਚ ਨੀਚ ਦੀਆਂ ਨਫ਼ਰਤ ਭਰਪੂਰ ਕੁਰੀਤੀਆਂ ਤੇ ਕਰਾਰੀ ਚੋਟ ਕਰਦੇ " ਰੋਲ ਦਿੱਤਾ ਰੰਗ ਰੇਟਾ" ਗੀਤ ਦੀ ਦਰਸ਼ਕਾਂ ਵੱਲੋਂ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਹੈ।



11-12 ਜੂਨ 1926 ਨੂੰ ਯਾਦ ਕਰਦਿਆਂ

# ਆਦਿ ਧਰਮ ਲਹਿਰ ਦੇ ਸਿਰਜਕ ਬਾਬੂ ਮੰਗੂ ਰਾਮ ਮੁੱਗੋਵਾਲੀਆ

**ਕਿਸ਼ਤ ਛੇਵੀ**

### ਲਾਰਡ ਲੋਥੀਅਨ ਕਮੇਟੀ, ਆਦਿ ਧਰਮ ਅਤੇ ਡਾ. ਅੰਬੇਡਕਰ

ਬਰਤਾਨੀਆ ਸਰਕਾਰ ਵੱਲੋਂ ਮਤ-ਅਧਿਕਾਰ ਅਤੇ ਅਛੂਤਾਂ ਲਈ ਵੱਖਰੀ ਚੋਣ ਪ੍ਰਣਾਲੀ ਬਾਰੇ ਸਰਵੇ ਕਰਕੇ ਆਪਣੀਆਂ ਸਿਫਾਰਸ਼ਾਂ ਪ੍ਰਸਤੁਤ ਕਰਨ ਲਈ ਬਣਾਈ ਗਈ ਲਾਰਡ ਲੋਥੀਅਨ ਕਮੇਟੀ ਵਿਚ 18 ਮੈਂਬਰ ਨਾਮਜ਼ਦ ਕੀਤੇ ਗਏ। ਇਹਨਾਂ ਵਿਚੋਂ ਕਮੇਟੀ ਦੇ ਚੇਅਰਮੈਨ ਲਾਰਡ ਲੋਥੀਅਨ, ਡਿਪਟੀ ਚੇਅਰਮੈਨ ਜੌਹਨ ਕੇਰ ਸਮੇਤ ਅੱਠ ਮੈਂਬਰ ਅੰਗਰੇਜ਼ਾਂ, ਇਸਾਈਆਂ, ਐਂਗਲੋ ਇੰਡੀਅਨ ਯੂਰਪੀਅਨਾਂ ਦੇ ਪ੍ਰਤੀਨਿਧ, ਪੰਜ ਹਿੰਦੂ, ਤਿੰਨ ਮੁਸਲਮਾਨ, ਇਕ ਅਛੂਤ (ਡਾ. ਅੰਬੇਡਕਰ) ਅਤੇ ਇਕ ਸਿੱਖ (ਸਰ ਸੁੰਦਰ ਸਿੰਘ ਮਜੀਠੀਆ) ਸ਼ਾਮਲ ਸਨ। ਇਹਨਾਂ ਵਿਚੋਂ ਬਹੁਤੇ ਐਮ. ਐਲ. ਏ., ਐਮ. ਐਲ. ਸੀ. ਜਾਂ ਐਮ. ਪੀ. ਸਨ। ਪ੍ਰਧਾਨ ਮੰਤਰੀ ਰੈਮਜ਼ੇ ਮੈਕਡੋਨਲ ਵੱਲੋਂ ਬਣਾਈ ਗਈ ਇਸ ਕਮੇਟੀ ਦੀ ਤਰਜ਼ 'ਤੇ ਭਾਰਤ ਸਰਕਾਰ ਵੱਲੋਂ ਪ੍ਰਾਂਤਾਂ ਵਿਚ ਸਟੇਟ ਫਰੈਂਚਾਈਜ਼ ਅਰਥਾਤ ਮਤ-ਅਧਿਕਾਰ ਕਮੇਟੀਆਂ ਗਠਿਤ ਕੀਤੀਆਂ ਗਈਆਂ। ਇਹਨਾਂ ਸਟੇਟ ਕਮੇਟੀਆਂ ਨੇ ਆਪਣੇ-ਆਪਣੇ ਪ੍ਰਾਂਤਾਂ ਵਿਚ ਸਮਾਜ ਦੇ ਵਿਭਿੰਨ ਪ੍ਰਤੀਨਿਧ ਮੰਡਲਾਂ ਦੀਆਂ ਵੋਟ ਅਧਿਕਾਰ ਸਬੰਧੀ ਮੰਗਾਂ, ਸਲਾਹਾਂ ਅਤੇ ਅਛੂਤਾਂ ਨੂੰ ਵੱਖਰੇ ਸਿਆਸੀ ਅਧਿਕਾਰ ਅਥਵਾ ਚੋਣ ਪ੍ਰਣਾਲੀ ਦੇ ਢੰਗਾਂ ਆਦਿ ਦੇ ਸਬੰਧ ਵਿਚ ਲੋਥੀਅਨ ਕਮੇਟੀ ਅੱਗੇ ਆਪਣੇ ਵਿਚਾਰ ਪ੍ਰਸਤੁਤ ਕਰਨੇ ਸਨ।

ਪੰਜਾਬ ਫਰੈਂਚਾਈਜ਼ ਕਮੇਟੀ ਦੇ 11 ਮੈਂਬਰ ਸਨ, ਜਿਹਨਾਂ ਵਿਚ ਕੋਈ ਵੀ ਅਛੂਤ ਨਹੀਂ ਸੀ। ਇਨ੍ਹਾਂ 11 ਮੈਂਬਰਾਂ ਵਿਚੋਂ ਦੋ ਅੰਗਰੇਜ਼ (ਮਿ. ਮਾਇਲਿਜ਼ ਇਰਵਿੰਗ ਚੇਅਰਮੈਨ ਤੇ ਮਿ. ਉਇਨ ਰੌਬਰਟ), ਚਾਰ ਹਿੰਦੂ (ਐਡਵੋਕੇਟ ਪੰ. ਨਾਨਕ ਚੰਦ ਐਮ. ਐਲ. ਸੀ., ਐਡਵੋਕੇਟ ਚੌ: ਛੋਟੂ ਰਾਮ ਐਮ. ਐਲ. ਸੀ., ਸ੍ਰੀਮਤੀ ਜੀ. ਸੀ. ਚੈਟਰੀਜ ਤੇ ਸ੍ਰੀ ਹੰਸ ਰਾਜ), ਚਾਰ ਮੁਸਲਮਾਨ (ਐਡਵੋਕੇਟ ਖਾਨ ਬਹਾਦੁਰ ਸ਼ੇਖ ਦੀਨ ਮੁਹੰਮਦ ਐਮ. ਐਲ. ਸੀ., ਐਡਵੋਕੇਟ ਚੌ: ਨਜ਼ੀਰ ਹੁਸੈਨ ਐਮ. ਐਲ. ਸੀ., ਖਾਨ ਬਹਾਦੁਰ ਕੁਰੈਸ਼ੀ ਮੁਹੰਮਦ ਹਿਯਾਤ ਐਮ. ਐਲ. ਸੀ. ਤੇ ਸ੍ਰੀ ਐਮ. ਏ. ਮਨੀ ਐਮ. ਐਲ. ਸੀ.) ਅਤੇ ਇਕ ਸਿੱਖ (ਐਡਵੋਕੇਟ ਬੂਟਾ ਸਿੰਘ ਐਮ. ਐਲ. ਸੀ.) ਸਨ। ਇਹ ਸਾਰੇ ਉਚ ਵਿੱਦਿਆ ਪ੍ਰਾਪਤ ਵਿਅਕਤੀ ਸਨ, ਇਹਨਾਂ ਵਿਚੋਂ ਬਹੁਤੇ ਵਕੀਲ ਸਨ ਤੇ ਅੱਠ ਮੈਂਬਰ ਪੰਜਾਬ ਵਿਧਾਨ ਕੌਂਸਲ ਦੇ ਮੈਂਬਰ ਸਨ। ਪ੍ਰਸਿੱਧ ਆਰੀਆ ਸਮਾਜੀ ਪੰਡਿਤ ਨਾਨਕ ਚੰਦ, ਵਿਧਾਨ ਕੌਂਸਲ ਦੇ ਮੈਂਬਰ ਹੋਣ ਤੋਂ ਇਲਾਵਾ ਬਾਰ ਐਟ ਲਾਅ ਵੀ ਸਨ ਅਤੇ ਗੋਲਮੇਜ਼ ਕਾਨਫਰੰਸ ਦੇ ਮੈਂਬਰ ਵੀ ਸਨ।

ਇਹਨਾਂ ਸਥਿਤੀਆਂ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਲਾਰਡ ਲੋਥੀਅਨ ਕਮੇਟੀ ਅਤੇ ਪੰਜਾਬ ਸਟੇਟ ਫਰੈਂਚਾਈਜ਼ ਕਮੇਟੀ ਅੱਗੇ ਆਦਿ ਧਰਮ ਮੰਡਲ ਵੱਲੋਂ ਮਜ਼ਬੂਤੀ ਨਾਲ ਪੰਜਾਬ ਦੇ ਅਛੂਤਾਂ ਦਾ ਪੱਖ ਪੇਸ਼ ਕਰਨਾ ਕਿੰਨਾ ਕਠਿਨ ਕਾਰਜ ਰਿਹਾ ਹੋਵੇਗਾ। ਇਹੀ ਕਾਰਨ ਹੈ ਕਿ ਆਦਿ ਧਰਮ ਮੰਡਲ ਦੇ ਸਾਬਕਾ ਜਨਰਲ ਸਕੱਤਰ ਚੌ: ਹਜ਼ਾਰਾ ਰਾਮ ਪਿੱਪਲਾਂਵਾਲਾ, 1970 ਉਪਰੰਤ ਬਾਬੂ ਮੰਗੂ ਰਾਮ ਦੀ ਰਹਿਨੁਮਾਈ ਹੇਠ ਨਵੀਂ ਬਣੀ 'ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ' ਦੀ ਲਗਭਗ ਹਰ ਕਾਨਫਰੰਸ ਵਿਚ ਕਿਹਾ ਕਰਦੇ ਸਨ ਕਿ ਜੇਕਰ ਬਾਬਾ ਸਾਹਿਬ ਡਾ. ਅੰਬੇਡਕਰ ਸਾਡੀ ਪੁਰਜ਼ੋਰ ਵਕਾਲਤ ਨਾ ਕਰਦੇ ਤਾਂ ਪੰਜਾਬ ਦੇ ਅਛੂਤਾਂ ਦੀ ਗੱਡੀ ਪਟੜੀਓਂ ਲਹਿ ਜਾਣੀ ਸੀ।

ਲਾਹੌਰ ਵਿਖੇ ਲਾਰਡ ਲੋਥੀਅਨ ਕਮੇਟੀ ਅੱਗੇ ਪੇਸ਼ ਹੋ ਕੇ ਆਪਣੀਆਂ ਮੰਗਾਂ ਸਬੰਧੀ ਵਿਚਾਰ-ਚਰਚਾ ਕਰਨ ਅਤੇ ਮੈਮੋਰੰਡਮ ਪ੍ਰਸਤੁਤ ਕਰਨ ਤੋਂ ਇਕ ਦਿਨ ਪਹਿਲਾਂ ਬਾਬੂ ਮੰਗੂ ਰਾਮ ਦੀ ਅਗਵਾਈ ਹੇਠ ਆਦਿ ਧਰਮ ਮੰਡਲ ਵੱਲੋਂ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਇਕ ਸਵਾਗਤੀ ਸਨਮਾਨ ਪੱਤਰ ਵੀ ਭੇਟ ਕੀਤਾ ਗਿਆ। ਆਦਿ ਧਰਮ ਮੰਡਲ ਦੇ ਆਗੂਆਂ ਦੀ ਡਾ. ਅੰਬੇਡਕਰ ਨਾਲ ਇਹ ਪਹਿਲੀ ਮਿਲਣੀ ਸੀ। ਇਸ ਮਿਲਣ-ਸਮਾਰੋਹ ਵਿਚ ਪੰਜਾਬ ਦੇ ਅਛੂਤਾਂ ਦੀ ਸਥਿਤੀ ਬਾਰੇ ਡਾ. ਅੰਬੇਡਕਰ ਨਾਲ ਵਿਸਤਾਰ ਸਹਿਤ ਚਰਚਾ ਕੀਤੀ ਗਈ ਅਤੇ ਗੋਲਮੇਜ਼ ਕਾਨਫਰੰਸਾਂ ਵਿਚ ਭਾਰਤੀ ਅਛੂਤਾਂ ਦੇ ਮਸਲੇ ਨੂੰ ਪੁਰਜ਼ੋਰ ਢੰਗ ਨਾਲ ਪ੍ਰਸਤੁਤ ਕਰਨ ਲਈ ਉਹਨਾਂ ਦੀ ਪ੍ਰਸੰਸਾ ਕਰਦਿਆਂ ਹਾਰਦਿਕ ਧੰਨਵਾਦ ਵੀ ਕੀਤਾ। ਚੌ: ਹਜ਼ਾਰਾ ਰਾਮ ਅਨੁਸਾਰ ਡਾ. ਅੰਬੇਡਕਰ ਜੀ ਨੇ ਵੀ ਆਦਿ ਧਰਮ ਮੰਡਲ, ਪੰਜਾਬ ਵੱਲੋਂ ਗੋਲਮੇਜ਼ ਕਾਨਫਰੰਸ ਦੌਰਾਨ, ਉਹਨਾਂ ਦੀ ਲੀਡਰਸ਼ਿਪ ਵਿਚ ਭਰੋਸਾ ਪ੍ਰਗਟ ਕਰਨ ਲਈ ਲੰਡਨ ਵਿਖੇ ਟੈਲੀਗ੍ਰਾਮਾਂ ਭੇਜਣ ਸਬੰਧੀ ਵਿਸ਼ੇਸ਼ ਜ਼ਿਕਰ ਅਤੇ ਧੰਨਵਾਦ ਕੀਤਾ।

### ਬਾਬਾ ਸਾਹਿਬ ਦੀ ਪਹਿਲੀ ਪੰਜਾਬ ਫੇਰੀ 'ਤੇ ਸੁਆਗਤੀ ਭਾਸ਼ਣ

(ਇਹ ਸਵਾਗਤੀ ਭਾਸ਼ਣ ਬਾਬਾ ਸਾਹਿਬ ਦੇ ਸਨਮਾਨ ਵਿਚ ਚੌਧਰੀ ਹਜ਼ਾਰਾ ਰਾਮ ਪਿੱਪਲਾਂਵਾਲਾ ਵੱਲੋਂ ਪੜ੍ਹਿਆ ਗਿਆ। ਆਦਿ ਧਰਮ ਦੇ ਪਰਬੀਨ ਖੋਜਾਰਥੀ ਸ੍ਰੀ ਸੀ. ਐਲ. ਚੁੰਬਰ ਦੀਆਂ ਲਿਖਤਾਂ ਵਿਚੋਂ ਇਸ ਭਾਸ਼ਣ ਦਾ ਮੂਲ ਪਾਠ ਲਿਆ ਗਿਆ ਹੈ, ਜੋ ਚੁੰਬਰ ਸਾਹਿਬ ਦੇ 6 ਜਨਵਰੀ 2016 ਨੂੰ ਨਿਰਵਾਣ ਉਪਰੰਤ, 10 ਫਰਵਰੀ 2016 ਦੇ ਦੇਸ਼ ਦੁਆਬਾ ਅੰਕ ਵਿਚ ਵੀ ਪ੍ਰਕਾਸ਼ਿਤ ਹੋ ਚੁੱਕਾ ਹੈ।)

ਆਦਿ ਧਰਮ ਮੰਡਲ ਨੇ ਡਾ. ਅੰਬੇਡਕਰ ਐਮ. ਏ., ਪੀ. ਐਚ. ਡੀ., ਬਾਰ ਐਟ ਲਾਅ, ਐਮ. ਐਲ. ਸੀ., ਮੈਂਬਰ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਨੂੰ ਸੁਆਗਤੀ ਭਾਸ਼ਣ ਇਸ ਤਰ੍ਹਾਂ ਪੇਸ਼ ਕੀਤਾ:

"ਅਸੀਂ ਪੰਜਾਬ ਆਦਿ ਧਰਮ ਮੰਡਲ ਅਤੇ ਮੈਨੇਜਿੰਗ ਕਮੇਟੀ ਦੇ ਮੈਂਬਰ, ਸਾਡੇ ਸੂਬੇ ਦੀ ਪਹਿਲੀ ਫੇਰੀ ਸਮੇਂ, ਆਪ ਦਾ ਤਹਿ ਦਿਲੋਂ ਸਵਾਗਤ ਕਰਦੇ ਹਾਂ। ਅਸੀਂ ਆਪਣੇ ਵੱਲੋਂ ਬੰਬਈ ਵਿਧਾਨ ਸਭਾ ਪ੍ਰੀਸ਼ਦ ਦੇ ਮੈਂਬਰ ਵਜੋਂ, ਲੰਡਨ ਵਿਚ ਭਾਰਤੀ ਗੋਲਮੇਜ਼ ਕਾਨ-ਫਰੰਸ ਵਿਚ ਇਕ ਡੈਲੀਗੇਟ ਵਜੋਂ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੇ ਇਕ ਮੈਂਬਰ ਵਜੋਂ ਡਿਪ੍ਰੈਸਡ ਕਲਾਸਿਜ਼ ਦੇ ਲੋਕਾਂ ਲਈ ਕੀਤੀਆਂ ਸੇਵਾਵਾਂ ਲਈ ਬਹੁਤ ਧੰਨਵਾਦੀ ਹਾਂ।




ਆਪ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਉੱਚ ਜਾਤੀਆਂ ਵੱਲੋਂ ਸਾਡੇ ਸੂਬੇ ਵਿਚ ਸਾਡੀ ਹੋਂਦ ਤੋਂ ਮੁੱਕਰਿਆ ਜਾ ਰਿਹਾ ਹੈ। ਸਾਡੇ ਸੂਬੇ ਵਿਚ ਦੂਸਰੇ ਸੂਬਿਆਂ ਵਾਂਗ ਛੂਆਛਾਤ ਬਰਕਰਾਰ ਹੈ। ਸਾਡੀ ਛੋਹ ਨਾਲ ਹੀ ਇਕ ਉੱਚੀ ਜਾਤੀ ਦਾ ਆਦਮੀ ਭਿੱਟਿਆ ਜਾਂਦਾ ਹੈ। ਸਾਨੂੰ ਜਨਤਕ ਖੂਹਾਂ ਤੇ ਪਾਣੀ ਭਰਨ ਦੀ ਇਜਾਜ਼ਤ ਨਹੀਂ ਹੈ। ਬ੍ਰਾਹਮਣ ਪੁਜਾਰੀ ਸਾਡੀ ਪੂਜਾ ਪਾਠ ਨਹੀਂ ਕਰਵਾ ਸਕਦਾ। ਧੋਬੀ ਸਾਡੇ ਕੱਪੜੇ ਨਹੀਂ ਧੋਂਦਾ। ਨਾਈ ਸਾਡੀ ਹਜਾਮਤ ਨਹੀਂ ਕਰ ਸਕਦਾ। ਝਿਊਰ ਸਾਡਾ ਪਾਣੀ ਨਹੀਂ ਭਰਦਾ।

ਸਾਡੇ ਵਿਆਹਾਂ ਸਮੇਂ ਅਤੇ ਹੋਰ ਤਿਓਹਾਰਾਂ ਮੌਕਿਆਂ ਸਮੇਂ, ਅਸੀਂ ਪਿੰਡਾਂ ਵਿਚ ਡੋਲੀ ਲੈ ਕੇ ਨਹੀਂ ਲੰਘ ਸਕਦੇ ਅਤੇ ਬੈਂਡ ਨਹੀਂ ਵਜਾ ਸਕਦੇ। ਅਸੀਂ ਨਾ ਤਾਂ ਸਾਂਝਾ ਕਾਰੋਬਾਰ ਕਰ ਸਕਦੇ ਹਾਂ ਅਤੇ ਨਾ ਹੀ ਇਕੱਠੇ ਵਿਚਰ ਸਕਦੇ ਹਾਂ।

The Land Alienation Act (ਭੂਮੀ ਇੰਤਕਾਲ ਆਰਜੀ ਐਕਟ) ਨੇ ਡਿਪ੍ਰੈਸਡ ਕਲਾਸਿਜ਼ ਦੀ ਹਾਲਤ ਨਾਜ਼ੁਕ ਕਰ ਦਿੱਤੀ ਹੈ। ਇਕ ਕਾਨਫਰੰਸ ਵਿਚ ਵਿਦਿਆ ਨੂੰ ਪ੍ਰਫੁੱਲਿਤ ਕਰਨ ਲਈ ਸਿੱਖਿਆ ਮੰਤਰਾਲੇ ਨੇ ਆਪਣਾ ਮਤਾ ਨੰਬਰ 20181-ਜੀ, ਮਿਤੀ 19-11-1929 ਰਾਹੀਂ ਕੁਝ ਰਿਆਇਤਾਂ ਦਾ ਐਲਾਨ ਕੀਤਾ ਹੈ। ਇਹ ਭਾਰਤ ਦੇ ਇਤਿਹਾਸ ਵਿਚ ਪਹਿਲਾ ਮੌਕਾ ਹੈ ਕਿ ਇਕ ਡਿਪ੍ਰੈਸਡ ਕਲਾਸਿਜ਼ ਦੇ ਮੈਂਬਰ ਨੂੰ ਸਥਾਈ ਫਰੈਂਚਾਈਜ਼ ਕਮੇਟੀ ਵਿਚ ਨਿਯੁਕਤ ਕੀਤਾ ਗਿਆ ਹੈ। ਅਸੀਂ ਖੁਸ਼ੀ ਖੁਸ਼ੀ ਯਕੀਨ ਕਰਦੇ ਹਾਂ ਕਿ ਆਪਦੇ ਹੱਥਾਂ ਵਿਚ ਸਾਡੇ ਹੱਕ ਸੁਰੱਖਿਅਤ ਹਨ। ਸਾਨੂੰ ਉਮੀਦ ਹੈ ਕਿ ਆਪ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਬੜੇ ਧਿਆਨ ਨਾਲ ਗੌਰ ਕਰੋਗੇ, ਕਿਉਂਕਿ ਸਾਡੀ ਹੋਂਦ ਨੂੰ ਹੀ ਨਕਾਰਿਆ ਜਾ ਰਿਹਾ ਹੈ। ਆਉਣ ਵਾਲੀ ਪੀੜ੍ਹੀ ਆਪਦੇ ਨਾਮ ਨੂੰ ਡਿਪ੍ਰੈਸਡ ਕਲਾਸਿਜ਼ ਦੇ ਚੈਂਪੀਅਨ ਵਜੋਂ ਸੁਨਹਿਰੀ ਅੱਖਰਾਂ ਵਿਚ ਲਿਖੇਗੀ। ਆਪ ਜੀ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ।"

### ਲੋਥੀਅਨ ਕਮੇਟੀ ਅੱਗੇ ਆਦਿ ਧਰਮ ਦੀ ਗਵਾਹੀ

ਪਹਿਲੀ ਅਪ੍ਰੈਲ, 1932 ਨੂੰ ਬਾਬੂ ਮੰਗੂ ਰਾਮ ਦੀ ਅਗਵਾਈ ਹੇਠ ਚੌ: ਹਜ਼ਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ, ਹੰਸ ਰਾਜ ਪ੍ਰੇਮਗੜ੍ਹ, ਪੰਡਿਤ ਹਰੀ ਰਾਮ ਪੰਡੋਰੀ ਬੀਬੀ, ਮਿਸ਼ਨਰੀ ਸੰਤ ਰਾਮ ਆਜ਼ਾਦ ਸਮੇਤ 18 ਮੈਂਬਰੀ ਪ੍ਰਤੀਨਿਧ ਮੰਡਲ ਨੇ ਲਾਰਡ ਲੋਥੀਅਨ ਕਮੇਟੀ ਅੱਗੇ ਪੇਸ਼ ਹੋ ਕੇ ਪੰਜਾਬ ਵਿਚ ਅਛੂਤਾਂ ਲਈ ਵੱਖਰੇ ਚੋਣ ਅਧਿਕਾਰਾਂ ਅਤੇ ਅਛੂਤ ਬਾਲਗਾਂ ਨੂੰ ਵੋਟ ਦਾ ਅਧਿਕਾਰ ਦੇਣ ਦੀ ਪੁਰਜ਼ੋਰ ਮੰਗ ਕੀਤੀ। ਆਦਿ ਧਰਮ ਮੰਡਲ ਵੱਲੋਂ ਬਾਬੂ ਮੰਗੂ ਰਾਮ ਅਤੇ ਚੌਧਰੀ ਹਜ਼ਾਰਾ ਰਾਮ ਨੇ ਤੱਥਾਂ ਸਮੇਤ ਇਹ ਸਾਬਤ ਕਰਨ ਦਾ ਭਰਪੂਰ ਯਤਨ ਕੀਤਾ ਕਿ ਅਸੀਂ ਹਿੰਦੂ ਨਹੀਂ ਹਾਂ, ਨਾ ਹੀ ਅਸੀਂ ਬਾਹਰੋਂ ਆਏ ਆਰੀਆ ਹਾਂ, ਅਸੀਂ ਇੱਥੋਂ ਦੇ ਆਦਿਵਾਸੀ, ਆਦਿਧਰਮੀ ਹਾਂ ਅਤੇ ਇੱਥੋਂ ਦੇ ਅਸਲੀ ਵਸਿੰਦੇ ਹਾਂ। ਬਾਹਰੋਂ ਆਈਆਂ ਕੌਮਾਂ ਨੇ ਸਾਡਾ ਰਾਜ-ਭਾਗ ਖੋਹ ਕੇ ਸਾਨੂੰ ਗੁਲਾਮ ਅਤੇ ਅਛੂਤ ਬਣਾ ਦਿੱਤਾ ਹੈ। ਸਾਡੇ ਨਾਲ ਇਹ ਛੂਆ-ਛੂਤ ਕਰਦੇ ਹਨ ਅਤੇ ਸਾਡੇ ਪਰਛਾਵੇਂ ਤੋਂ ਵੀ ਇਹਨਾਂ ਨੂੰ ਭਿੱਟ ਚੜਦੀ ਹੈ।

ਪਰ ਕਮੇਟੀ ਦੇ ਹਿੰਦੂ, ਸਿੱਖ ਅਤੇ ਮੁਸਲਮਾਨਾਂ ਨੇ ਪੰਜਾਬ ਵਿਚ ਕਿਸੇ ਪ੍ਰਕਾਰ ਦੀ ਛੂਆ-ਛਾਤ ਤੋਂ ਡਟ ਕੇ ਇਨਕਾਰ ਕੀਤਾ। 1931 ਦੀ ਮਰਦਮਸ਼ੁਮਾਰੀ ਦੇ ਅੰਕੜੇ ਪੇਸ਼ ਕਰਦਿਆਂ ਆਰੀਆ ਸਮਾਜ ਦੇ ਪ੍ਰਤੀਨਿਧ ਮੰਡਲ ਨੇ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਪੰਜਾਬ ਵਿਚ ਅਛੂਤਾਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਜੋ ਥੋੜ੍ਹੇ ਕੁ ਹੈਨ ਵੀ ਤਾਂ ਆਰੀਆ ਸਮਾਜ ਉਹਨਾਂ ਦਾ ਜੀਵਨ ਪੱਧਰ ਉੱਚਾ ਕਰਨ ਲਈ ਕੌਮੀ ਪੱਧਰ ਤੇ ਯਤਨ ਕਰ ਰਿਹਾ ਹੈ। ਵੱਖਰੇ ਆਦਿ ਧਰਮ ਦੀ ਗੱਲ ਵੀ ਚੱਲੀ, ਜਿਸਨੂੰ ਆਰੀਆ ਸਮਾਜ ਨੇ ਅਛੂਤ ਮੰਨਣ ਤੋਂ ਹੀ ਇਨਕਾਰ ਕੀਤਾ। ਉਹਨਾਂ ਨੇ ਇਹ ਗੱਲ ਜ਼ੋਰ ਦੇ ਕੇ ਕਹੀ ਕਿ 'ਆਦਿ ਧਰਮੀ' ਅਛੂਤਾਂ ਦੀਆਂ (ਸ਼ਡਿਊਲਡ ਕਾਸਟਸ) ਜਾਤੀਆਂ ਵਿਚ ਸ਼ਾਮਲ ਹੀ ਨਹੀਂ ਹੈ। ਇਸ ਪ੍ਰਕਾਰ 'ਆਰੀਆ' ਲਿਖਾਉਣ ਵਾਲਿਆਂ ਨੂੰ ਵੀ ਅਛੂਤ ਜਾਤੀਆਂ ਵਿਚੋਂ ਕੱਢ ਕੇ ਅਛੂਤਾਂ ਦੀ ਗਿਣਤੀ ਘਟਾ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਪੰਜਾਬ ਵਿਚ ਤਾਂ ਅਛੂਤਾਂ ਦੀ ਗਿਣਤੀ ਹੀ ਬਹੁਤ ਘੱਟ ਹੈ, ਇਸ ਲਈ ਇੱਥੇ ਵੱਖਰੇ ਅਛੂਤ ਚੋਣ ਹਲਕਿਆਂ ਦੀ ਕੋਈ ਲੋੜ ਹੀ ਨਹੀਂ ਹੈ।

ਲਾਰਡ ਲੋਥੀਅਨ ਅਤੇ ਕਮਿਸ਼ਨ ਦੇ ਕੁਝ ਦੂਸਰੇ ਮੈਂਬਰਾਂ 'ਤੇ ਆਰੀਆ ਸਮਾਜੀਆਂ ਅਤੇ ਸਿੱਖਾਂ ਨੇ ਤੱਥਾਂ 'ਤੇ ਆਧਾਰਿਤ ਦਲੀਲਾਂ ਦਾ ਪ੍ਰਭਾਵ ਪੈਂਦਾ ਦੇਖ ਕੇ ਡਾ. ਅੰਬੇਡਕਰ ਨੇ ਕਮਿਸ਼ਨ ਨੂੰ ਇਸ ਪੇਚੀਦਾ ਮਸਲੇ ਨੂੰ ਬਾਦਲੀਲ ਢੰਗ ਨਾਲ ਸਮਝਾਉਣ ਦਾ ਭਰਪੂਰ ਯਤਨ ਕੀਤਾ। ਉਹਨਾਂ ਕਮਿਸ਼ਨ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਪੰਜਾਬ ਵਿਚ ਨਾ ਤਾਂ ਛੂਆ-ਛਾਤ ਘਟੀ ਹੈ ਅਤੇ ਨਾ ਹੀ ਅਛੂਤ ਜਾਤੀਆਂ ਦੀ ਗਿਣਤੀ ਵਿਚ ਕੋਈ ਫਰਕ ਪਿਆ ਹੈ। 1931 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਪੰਜਾਬ ਦੇ ਅਛੂਤਾਂ ਦੀ ਗਿਣਤੀ ਸਿਰਫ਼ 13 ਲੱਖ ਸੀ, ਜਦਕਿ 1911 ਦੀ ਜਨਗਣਨਾ ਵਿਚ ਇਹ 28 ਲੱਖ ਸੀ ਅਤੇ ਵੀਹ ਸਾਲ ਬਾਅਦ ਤਾਂ ਇਹ ਕਾਫੀ ਵੱਧ ਹੋਣੀ ਚਾਹੀਦੀ ਸੀ। ਵਾਸਤਵ ਵਿਚ 418789 ਅਛੂਤਾਂ ਵੱਲੋਂ ਆਪਣੇ ਆਪ ਨੂੰ 'ਆਦਿ ਧਰਮੀ' ਲਿਖਵਾਉਣ, ਆਰੀਆ ਸਮਾਜ ਦੇ ਪ੍ਰਭਾਵ ਅਧੀਨ 'ਆਰੀਆ' ਲਿਖਵਾਉਣ, ਸਿੱਖਾਂ ਦੇ ਪ੍ਰਭਾਵ ਅਧੀਨ ਮਜ਼ਹਬੀ ਤੇ ਰਮਦਾਸੀਆ ਸਿੱਖ, ਮੁਸਲਮਾਨਾਂ ਤੇ ਈਸਾਈਆਂ ਦੇ ਅਸਰ ਅਧੀਨ ਮੁਸਲਿਮ ਤੇ ਇਸਾਈ ਲਿਖਵਾਉਣ ਨਾਲ, ਵੀਹ ਸਾਲ ਬਾਅਦ ਪੰਜਾਬ ਦੇ ਅਛੂਤਾਂ ਦੀ ਗਿਣਤੀ ਅੱਧੀ ਤੋਂ ਘੱਟ, ਅਰਥਾਤ 28 ਲੱਖ ਤੋਂ 13 ਲੱਖ ਰਹਿ ਗਈ।

ਪੰਜਾਬ ਦੇ ਇਸ ਪੇਚੀਦਾ ਮਸਲੇ ਨੂੰ ਸੁਲਝਾਉਣ ਅਤੇ ਪੰਜਾਬ ਦੇ ਅਛੂਤ ਵਰਗਾਂ ਦੇ ਵਿਸ਼ੇਸ਼ ਅਧਿਕਾਰਾਂ ਨੂੰ ਕਾਇਮ ਰੱਖਣ ਲਈ ਡਾ. ਅੰਬੇਡਕਰ ਨੂੰ ਵਾਰ-ਵਾਰ ਕਈ ਵਾਰ ਯਤਨ ਕਰਨੇ ਪਏ। ਆਰੀਆ ਸਮਾਜ ਅਤੇ ਹਿੰਦੂ ਮਹਾਂ ਸਭਾ ਨੇ ਹਰ ਮੰਚ 'ਤੇ ਪੰਜਾਬ ਦੇ ਅਛੂਤਾਂ ਨੂੰ ਵਿਸ਼ੇਸ਼ ਚੋਣ ਅਧਿਕਾਰ ਦਿੱਤੇ ਜਾਣ ਦਾ ਪੁਰਜ਼ੋਰ ਵਿਰੋਧ ਕੀਤਾ। ਦਰਅਸਲ ਪੰਜਾਬ ਦੇ ਗੈਰ-ਅਛੂਤ ਵਰਗ ਲੰਮੇ ਸਮੇਂ ਤੋਂ ਅਛੂਤ ਵਿਰੋਧੀ ਰਵੱਈਏ ਨੂੰ ਲੈ ਕੇ ਸਰਗਰਮ ਸਨ ਅਤੇ ਪੰਜਾਬ ਦੇ ਅਛੂਤ ਅਗਿਆਨਤਾ ਵੱਸ ਉਹਨਾਂ ਦੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹੁੰਦੇ ਰਹੇ ਸਨ ਅਤੇ ਅੱਜ ਵੀ ਹੋ ਰਹੇ ਹਨ। ਅਜੋਕੀਆਂ ਸਥਿਤੀਆਂ ਦੀ ਚਰਚਾ ਵੀ ਫਿਰ ਕਦੀ ਇਹਨਾਂ ਕਾਲਮਾਂ ਵਿਚ ਕਰਾਂਗੇ।



ਡਾ. ਜੀ. ਸੀ. ਕੌਲ
91-94632-23223

ਪੰਜਾਬ ਦੇ ਅਛੂਤਾਂ ਦੀ ਗਿਣਤੀ ਘਟਣ ਦੇ ਮਸਲੇ ਦੇ ਸਮਾਧਾਨ ਲਈ ਡਾ. ਅੰਬੇਡਕਰ ਨੇ ਲਾਰਡ ਲੋਥੀਅਨ ਕਮੇਟੀ ਨੂੰ ਇਕ ਪੱਤਰ, ਅਰਥਾਤ ਸਮੀਖਿਆ ਰੂਪੀ ਟਿੱਪਣੀ ਲਿਖ ਕੇ ਪੂਰੀ ਸਾਵਧਾਨੀ ਨਾਲ ਅਛੂਤਾਂ ਦੇ ਵਿਸ਼ੇਸ਼ ਚੋਣ ਅਧਿਕਾਰਾਂ ਦੇ ਮਾਮਲੇ ਤੇ ਗੌਰ ਕਰਨ ਦੀ ਤਾਕੀਦ ਕੀਤੀ।

ਪੰਜਾਬ ਦੇ ਅਛੂਤ-ਅਧਿਕਾਰਾਂ ਸਬੰਧੀ ਡਾ. ਅੰਬੇਡਕਰ ਵੱਲੋਂ ਲਾਰਡ ਲੋਥੀਅਨ ਕਮੇਟੀ ਨੂੰ ਪ੍ਰਸਤੁਤ ਕੀਤੀ ਗਈ, ਇਹ ਸਮੀਖਿਆ ਟਿੱਪਣੀ ਵਾਚਣਯੋਗ ਹੈ। ਇਸਨੂੰ ਪੜ੍ਹ ਕੇ ਪਾਠਕ ਇਹ ਅੰਦਾਜ਼ਾ ਲਗਾ ਸਕਦੇ ਹਨ ਕਿ ਬਾਬਾ ਸਾਹਿਬ, ਪੰਜਾਬ ਦੇ ਅਛੂਤਾਂ ਪ੍ਰਤੀ ਕਿੰਨੇ ਸੰਜੀਦਾ ਸਨ।

### ਪੰਜਾਬ ਦੇ ਡਿਪ੍ਰੈਸਡ ਵਰਗ ਸਬੰਧੀ ਡਾ. ਅੰਬੇਡਕਰ ਦੀ ਸਮੀਖਿਆ ਟਿੱਪਣੀ

1931 ਦੀ ਮਰਦਮਸ਼ੁਮਾਰੀ ਵਿਚ ਡ੍ਰਿਪੈਸਡ ਕਲਾਸਿਜ਼ ਦੀ ਸੰਖਿਆ ਦੇ ਜੋ ਅੰਕੜੇ ਦਿੱਤੇ ਗਏ ਹਨ, ਉਹਨਾਂ ਬਾਰੇ ਮੈਂ ਦੋ ਤੱਥਾਂ ਵੱਲ ਕਮੇਟੀ ਦਾ ਬਿਆਨ ਦਿਵਾਉਣਾ ਚਾਹੁੰਦੇ ਹਾਂ:

(ੳ) 1911 ਦੀ ਮਰਦਮਸ਼ੁਮਾਰੀ ਅਨੁਸਾਰ ਛੂਆ-ਛਾਤ ਦੁਆਰਾ ਅਪਵਿੱਤਰ ਕਰਨ ਵਾਲੇ ਲੋਕਾਂ ਦੀ ਗਿਣਤੀ 28 ਲੱਖ ਸੀ, ਜਦਕਿ 1931 ਦੀ ਜਨਗਣਨਾ ਵਿਚ ਅਛੂਤਾਂ ਦੀ ਗਿਣਤੀ 13 ਲੱਖ ਦਿੱਤੀ ਗਈ ਹੈ।

(ਅ) 1911 ਦੀ ਜਨਗਣਨਾ ਵਿਚ ਉਹਨਾਂ 23 ਜਾਤੀਆਂ ਦੀ ਗਿਣਤੀ ਦੀ ਸੂਚੀ ਦਿੱਤੀ ਗਈ ਹੈ, ਜਿਹਨਾਂ ਦੇ ਛੂਹ ਜਾਣ ਨਾਲ ਅਪਵਿੱਤਰ ਹੋ ਜਾਣਾ ਮੰਨਿਆ ਜਾਂਦਾ ਹੈ। 1931 ਦੀ ਜਨਗਣਨਾ ਵਿਚ ਕੇਵਲ ਪੰਜਾਬ ਵਿਚ ਅਛੂਤ ਲੋਕਾਂ ਵਾਲੀਆਂ ਜਾਤੀਆਂ ਦਾ ਜ਼ਿਕਰ ਹੀ ਕੀਤਾ ਗਿਆ ਹੈ।

ਮੈਂ ਇਹ ਨਹੀਂ ਸਮਝ ਸਕਿਆ ਕਿ ਕਿਹੜੇ ਅਜਿਹੇ ਕਾਰਨ ਹਨ ਕਿ ਅਛੂਤਾਂ ਦੀ ਕੁੱਲ ਸੰਖਿਆ ਅਤੇ ਉਸ ਵਰਗ ਵਿਚ ਸ਼ਾਮਲ ਜਾਤੀਆਂ ਦੀ ਸੂਚੀ 1911 ਅਤੇ 1931 ਦੇ ਦੌਰਾਨ ਇੰਨੀ ਜ਼ਿਆਦਾ ਕਿਉਂ ਸਿਮਟ ਜਾਂ ਸੁੰਗੜ ਗਈ ਹੈ। ਪਰ ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਅਛੂਤਾਂ ਵਿਚ ਆਦਿ ਧਰਮ ਨਾਂ ਦਾ ਇਕ ਸ਼ਕਤੀਸ਼ਾਲੀ ਅੰਦੋਲਨ ਚੱਲ ਰਿਹਾ ਹੈ। ਉਸਦਾ ਮੰਤਵ ਇਹ ਹੈ ਕਿ ਉਹ ਹਿੰਦੂ ਦਾਇਰੇ ਤੋਂ ਅਲੱਗ ਹੋ ਕੇ ਆਦਿ ਧਰਮੀਆਂ ਦੇ ਨਵੇਂ ਨਾਂ ਨਾਲ ਇਕ ਅਲੱਗ ਜਾਤੀ ਦੇ ਰੂਪ ਵਿਚ ਆਪਣਾ ਸੰਗਠਨ ਬਣਾ ਲੈਣ। ਇਸ ਅੰਦੋਲਨ ਨੇ ਇੰਨਾ ਜ਼ੋਰ ਫੜ ਲਿਆ ਹੈ ਕਿ ਅਛੂਤਾਂ ਨੇ ਫੈਸਲਾ ਕੀਤਾ ਕਿ ਉਹਨਾਂ ਨੂੰ 1931 ਦੀ ਮਰਦਮਸ਼ੁਮਾਰੀ ਵਿਚ ਹਿੰਦੂਆਂ ਦੀ ਥਾਂ ਆਦਿ ਧਰਮੀ ਦੇ ਰੂਪ ਵਿਚ ਦਰਜ ਕੀਤਾ ਜਾਵੇ। ਸਰਕਾਰ ਨੇ ਉਹਨਾਂ ਦੀ ਇਸ ਭਾਵਨਾ ਨੂੰ ਮਾਨਤਾ ਪ੍ਰਦਾਨ ਕੀਤੀ ਅਤੇ ਪੰਜਾਬ ਦੇ ਜਨਗਣਨਾ ਕਮਿਸ਼ਨਰ ਨੂੰ ਆਗਿਆ ਦਿੱਤੀ ਕਿ ਉਹ ਆਦਿ ਧਰਮੀਆਂ ਦੀ ਨਵੀਂ ਸ਼੍ਰੇਣੀ ਦਾ ਅਲੱਗ ਕਾਲਮ ਬਣਾ ਦੇਵੇ। ਇਸਦੇ ਕਾਰਨ ਪੰਜਾਬ ਦੇ ਕੁਝ ਭਾਗਾਂ ਵਿਚ ਹਿੰਦੂਆਂ ਅਤੇ ਅਛੂਤਾਂ ਵਿਚਕਾਰ ਦੰਗੇ ਵੀ ਹੋਏ।

ਸਿੱਟੇ ਵਜੋਂ ਕੁਝ ਭਾਗਾਂ ਵਿਚ ਅਛੂਤਾਂ ਨੇ ਖੁਦ ਨੂੰ ਆਦਿ ਧਰਮੀ ਦੇ ਰੂਪ ਵਿਚ ਦਰਜ ਕਰਾਇਆ ਅਤੇ ਆਪਣੀ-ਆਪਣੀ ਜਾਤੀ ਦਾ ਕੋਈ ਜ਼ਿਕਰ ਨਹੀਂ ਕੀਤਾ। ਕੁਝ ਦੂਸਰੇ ਖੇਤਰਾਂ ਵਿਚ, ਜਿੱਥੇ ਉਹਨਾਂ ਨੂੰ ਇਸ ਤਰ੍ਹਾਂ ਨਹੀਂ ਕਰਨ ਦਿੱਤਾ ਗਿਆ, ਉਹਨਾਂ ਨੇ ਆਪਣੇ ਆਪ ਨੂੰ ਆਪਣੀਆਂ ਜਾਤੀਆਂ ਦੇ ਨਾਵਾਂ ਅਧੀਨ 'ਹਿੰਦੂ' ਦੇ ਰੂਪ ਵਿਚ ਦਰਜ ਕਰਾਇਆ। ਇਹਨਾਂ ਤੱਥਾਂ ਦਾ ਉਲੇਖ ਮੈਂ ਇਹ ਦਰਸਾਉਣ ਲਈ ਕਰ ਰਿਹਾ ਹਾਂ ਕਿ ਅਛੂਤਾਂ ਦੀ ਗਿਣਤੀ ਦੇ ਕੰਮ ਵਿਚ ਔਕੜਾਂ ਪੈਦਾ ਕੀਤੀਆਂ ਗਈਆਂ ਅਤੇ ਇਸ ਗੱਲ ਨੂੰ ਪੰਜਾਬ ਦੀ ਸਰਕਾਰ ਨੇ ਵੀ ਸਵੀਕਾਰਿਆ ਹੈ। ਹੋ ਸਕਦਾ ਹੈ ਕਿ ਇਸਦੇ ਕਾਰਨ ਪੰਜਾਬ ਵਿਚ ਅਛੂਤਾਂ ਦੀ ਗਿਣਤੀ ਅਤੇ ਸੂਚੀ ਵਿਚ ਇਹ ਕਮੀ ਆਈ ਹੋਵੇ। ਇਸ ਲਈ ਇਸ ਮਾਮਲੇ 'ਤੇ ਸਾਵਧਾਨੀ ਨਾਲ ਵਿਚਾਰ ਕਰਨ ਦੀ ਜ਼ਰੂਰਤ ਹੈ।

(ਡਾ. ਅੰਬੇਡਕਰ, ਲਿਖਤਾਂ ਤੇ ਭਾਸ਼ਣ, ਖੰਡ, 4 ਪੰਨਾ 227)

**(ਚਲਦਾ)**








"Rise untouchables! You who are the real social workers rise! You are the foundation of the country, the real strength. Sleeping tigers! Rise and re-volt!" - BHAGAT SINGH



Rise untouchables! You who are the real social workers rise! You are the foundation of the country, the real strength. Sleeping tigers! Rise and revolt!

BHAGAT SINGH

# ਦੇਸ਼ ਵਿੱਚ ਫੈਲ ਰਿਹਾ ਅਪਰਾਧਤੰਤਰ

**ਅਸਲ ਵਿੱਚ ਤਾਂ ਅਪਰਾਧਿਕ ਪਿੱਠ ਭੂਮੀ ਦੇ ਲੋਕਾਂ ਵਿਚੋਂ ਲੋਕਾਂ ਦੇ ਪ੍ਰਤੀਨਿਧੀ ਬਨਣ ਨਾਲ ਸਿਆਸਤਦਾਨ ਅਤੇ ਅਪਰਾਧੀਆਂ ਦਾ ਗੱਠਜੋੜ ਮਜ਼ਬੂਤ ਹੁੰਦਾ ਜਾ ਰਿਹਾ ਹੈ। ਇਸ ਸਭ ਕੁਝ ਦੇ ਦ੍ਰਿਸ਼ਟੀਗੋਚਰ ਦੇਸ਼ ਦੀ ਸੁਪਰੀਮ ਕੋਰਟ ਨੇ 10 ਜੁਲਾਈ 2013 ਨੂੰ ਇੱਕ ਜਜਮੈਂਟ ਦਿੱਤੀ, ਜਿਸ ਅਧੀਨ ਲੋਕ ਸਭਾ, ਰਾਜ ਸਭਾ, ਵਿਧਾਨ ਸਭਾ, ਵਿਧਾਨ ਪ੍ਰੀਸ਼ਦ ਦੇ ਉਹ ਮੈਂਬਰ ਜਿਹਨਾ ਨੂੰ ਅਪਰਾਧਿਕ ਮਾਮਲਿਆਂ ਵਿੱਚ 2 ਸਾਲ ਜਾਂ ਵੱਧ ਦੀ ਸਜ਼ਾ ਸੁਣਾਈ ਗਈ ਹੈ, ਉਹ ਮੈਂਬਰ ਨਹੀਂ ਰਹਿਣਗੇ। ਸਿੱਟੇ ਵਜੋਂ 10 ਲੋਕ ਸਭਾ, ਰਾਜ ਸਭਾ, ਵਿਧਾਨ ਸਭਾ, ਵਿਧਾਨ ਪ੍ਰੀਸ਼ਦ ਦੇ ਮੈਂਬਰ ਆਪਣੀ ਮੈਂਬਰੀ ਗੁਆ ਬੈਠੇ। ਸੁਪਰੀਮ ਕੋਰਟ ਵਿੱਚ ਇੱਕ ਐਫੀਡੇਵਿਟ ਵਿੱਚ ਕੇਂਦਰ ਸਰਕਾਰ ਨੇ ਇਹ ਦੱਸਿਆ ਕਿ ਦੇਸ਼ ਦੀਆਂ ਵਿਧਾਨ ਸਭਾਵਾਂ ਅਤੇ ਲੋਕ ਸਭਾ ਰਾਜ ਸਭਾ ਵਿੱਚ ਕੁਲ ਮਿਲਾਕੇ 1765 ਮੈਂਬਰ ਅਪਰਾਧਿਕ ਪਿਛੋਕੜ ਵਾਲੇ ਬੈਠੇ ਹਨ।**



**ਗੁਰਮੀਤ ਪਲਾਹੀ**
**91-98158-02070**

ਸਾਲ 1993 ਵਿੱਚ ਪੀ ਵੀ ਨਰਸਿਮਾਹ ਰਾਓ ਸਰਕਾਰ ਦੌਰਾਨ ਕੇਂਦਰ ਸਰਕਾਰ ਨੇ ਨਰਿੰਦਰ ਨਾਥ ਵੋਹਰਾ ਦੀ ਅਗਵਾਈ ਵਿੱਚ ਇੱਕ ਕਮੇਟੀ ਗਠਿਤ ਸੀ, ਜਿਸਨੂੰ ਵੋਹਰਾ ਕਮੇਟੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਉਸ ਕਮੇਟੀ ਨੂੰ ਇਹ ਜ਼ੁੰਮੇਵਾਰੀ ਸੌਂਪੀ ਗਈ ਕਿ ਉਹ ਇਸ ਗੱਲ ਦਾ ਪਤਾ ਲਗਾਵੇ ਕਿ ਭਾਰਤ ਵਿੱਚ ਸੰਗਠਿਤ ਅਪਰਾਧਿਕ ਗ੍ਰੋਹ ਕਿਸ ਤਰ੍ਹਾਂ ਵੱਧ-ਫੁੱਲ ਰਹੇ ਹਨ ਅਤੇ ਉਹਨਾ ਨੂੰ ਪਿਛੇ ਤੋਂ ਕੌਣ ਸਰਪ੍ਰਸਤੀ ਦੇ ਰਿਹਾ ਹੈ। ਕਮੇਟੀ ਦੇ ਜ਼ੁੰਮੇ ਇਹ ਕੰਮ ਵੀ ਸੀ ਕਿ ਉਹ ਸੁਝਾਅ ਦੇਵੇ ਕਿ ਇਸ ਅਪਰਾਧੀਕਰਨ ਦੇ ਵਾਧੇ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ। ਵੋਹਰਾ ਕਮੇਟੀ ਦੀ ਰਿਪੋਰਟ ਪੜ੍ਹਨ ਵਾਲੀ ਹੈ। ਵੋਹਰਾ ਕਮੇਟੀ ਨੇ ਸੀ.ਬੀ.ਆਈ., ਇੰਟੈਲੀਜੇਂਟ ਬਿਊਰੋ, ਰੇਵਿਨੀਊ ਇੰਟੈਲੀਜੈਂਸ, ਆਦਿ ਤੋਂ ਰਿਪੋਰਟ ਮੰਗਵਾਈ। ਇਹਨਾ ਰਿਪੋਰਟਾਂ ਦੇ ਆਧਾਰ ਉਤੇ ਸਿੱਟੇ ਕੱਢੇ ਗਏ।

ਪਹਿਲਾ ਕਿ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਮਾਫੀਆ ਦੇ ਸੰਗਠਿਤ ਗ੍ਰੋਹ ਆਪਣੀ ਸਮਾਨਤੰਤਰ ਸਰਕਾਰ ਚਲਾ ਰਹੇ ਹਨ ਅਤੇ ਮੌਜੂਦਾ ਸਮੇਂ 'ਚ ਜੋ ਰਾਜ ਵਿਵਸਥਾ ਹੈ, ਉਹ ਉਣੀ ਹੁੰਦੀ ਜਾ ਰਹੀ ਹੈ। ਦੂਜਾ ਕਿ ਦੇਸ਼ ਦੇ ਕੁਝ ਸੂਬਿਆਂ ਵਿੱਚ ਇਹਨਾ ਗ੍ਰੋਹਾਂ ਨੂੰ ਸਥਾਨਿਕ ਪੱਧਰ ਤੇ ਸਿਆਸੀ ਆਗੂਆਂ ਅਤੇ ਸਰਕਾਰੀ ਅਫ਼ਸਰਾਂ ਦੀ ਸਰਪ੍ਰਸਤੀ ਹਾਸਲ ਹੈ।

ਇਹ ਰਿਪੋਰਟ ਜਦ ਸੰਸਦ ਵਿੱਚ ਪੇਸ਼ ਕੀਤੀ ਗਈ ਤਾਂ ਕਾਫੀ ਹੋ-ਹੱਲਾ ਮਚਿਆ ਸੀ। ਫਿਰ ਇਸ ਰਿਪੋਰਟ ਨੂੰ ਪਬਲਿਕ ਵਿੱਚ ਨਹੀਂ ਲਿਆਂਦਾ ਗਿਆ। ਇਸਨੂੰ ਠੰਡੇ ਵਸਤੇ ਵਿੱਚ ਪਾ ਦਿੱਤਾ ਗਿਆ। ਇਸ ਅਪਰਾਧੀ, ਸਿਆਸੀ ਅਤੇ ਸਰਕਾਰੀ ਤੰਤਰ ਦੇ ਗੱਠਜੋੜ ਨੂੰ ਤੋੜਨ ਲਈ ਕਦੇ ਕੋਈ ਕੋਸ਼ਿਸ਼ ਜਾਂ ਕਾਰਵਾਈ ਨਹੀਂ ਹੋਈ। ਹੁੰਦੀ ਵੀ ਕਿਵੇਂ, ਕਿਉਂਕਿ ਦੇਖਿਆ ਗਿਆ ਹੈ ਕਿ ਦੇਸ਼ ਦੀ ਸੰਸਦ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿੱਚ ਸਿਆਸੀ ਅਪਰਾਧੀ ਸਾਂਸਦਾਂ ਅਤੇ ਵਿਧਾਇਕਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ।

ਸਾਲ 2019 ਵਿੱਚ ਦੇਸ਼ ਦੇ ਜੋ ਲੋਕ ਸਭਾ ਦੇ ਮੈਂਬਰ ਲੋਕਾਂ ਨੇ ਚੁਣ ਕੇ ਭੇਜੇ ਹਨ ਉਹਨਾ ਵਿਚੋਂ ਅੱਧਿਆਂ ਉਤੇ ਅਪਰਾਧਿਕ ਕੇਸ ਦਰਜ ਹਨ। ਕੁਲ 539 ਲੋਕ ਸਭਾ ਸਾਂਸਦ ਚੁਣੇ ਗਏ, ਇਹਨਾ ਵਿੱਚ 233 ਸਾਂਸਦਾਂ ਨੇ ਆਪ ਘੋਸ਼ਣਾ ਪੱਤਰ ਦੇਕੇ ਪ੍ਰਵਾਨਿਆਂ ਹੈ ਕਿ ਉਹਨਾ ਵਿਰੁੱਧ ਫੌਜਦਾਰੀ (ਅਪਰਾਧਿਕ) ਕੇਸ ਦਰਜ ਹਨ। ਸਾਲ 2009 ਵਿੱਚ ਜਿਨੇ ਅਪਰਾਧਿਕ ਸਾਂਸਦ ਲੋਕ ਸਭਾ ਵਿੱਚ ਬੈਠੇ ਹਨ ਇਸ ਗਿਣਤੀ ਵਿੱਚ 2019 ਵਿੱਚ 44 ਫ਼ੀਸਦੀ ਦਾ ਵਾਧਾ ਦਰਜ ਹੋਇਆ ਹੈ। ਹੈਰਾਨੀ ਵਾਲੀ ਗੱਲ ਹੈ ਕਿ ਉਹ ਵਿਅਕਤੀ, ਜਿਸ ਉਤੇ 204 ਅਪਰਾਧਿਕ ਕੇਸ ਦਰਜ ਹਨ, ਉਹ ਕਾਂਗਰਸ ਦਾ ਕੇਰਲਾ ਤੋਂ ਚੁਣਿਆ ਮੈਂਬਰ ਪਾਰਲੀਮੈਂਟ ਹੈ ਅਤੇ ਉਸਦਾ ਨਾਮ ਦੀਨ ਕੁਰੀਆਕੋਸ ਹੈ। ਸਾਲ 2014 ਵਿੱਚ 185 ਲੋਕ ਸਭਾ ਮੈਂਬਰ (ਕੁਲ ਗਿਣਤੀ ਦਾ 34 ਫ਼ੀਸਦੀ) ਜਦਕਿ 2009 ਵਿੱਚ 162 ਸਾਂਸਦ (ਕੁਲ ਸਾਂਸਦਾਂ ਦਾ 30 ਫ਼ੀਸਦੀ) ਅਪਰਾਧਿਕ ਪਿਛੋਕੜ ਵਾਲੇ ਸਨ ਜਦਕਿ 2019 ਵਿੱਚ 233 (ਕੁਲ ਸਾਂਸਦਾਂ ਦਾ 43 ਫ਼ੀਸਦੀ) ਅਪਰਾਧਕ ਪਿਛੋਕੜ ਵਾਲੇ ਹਨ। ਇਥੇ ਹੀ ਬੱਸ ਨਹੀਂ ਇਹਨਾ 233 ਸਾਂਸਦਾਂ ਵਿੱਚ 159 ਇਹੋ ਜਿਹੇ ਹਨ ਜਿਹਨਾ ਉਤੇ ਗੰਭੀਰ ਅਪਰਾਧਾਂ ਜਿਹਨਾ ਵਿੱਚ ਬਲਾਤਕਾਰ, ਕਤਲ, ਕਤਲ ਲਈ ਯਤਨ, ਔਰਤਾਂ ਨਾਲ ਵਧੀਕੀਆਂ ਵਾਲੇ ਅਪਰਾਧਾਂ ਦੇ ਕੇਸ ਦਰਜ ਹਨ। ਇਹਨਾ ਵਿੱਚ 10 ਲੋਕ ਸਭਾ ਮੈਂਬਰ ਇਹੋ ਜਿਹੇ ਹਨ, ਜਿਹੜੇ 302 ਧਾਰਾ ਅਧੀਨ ਘੋਸ਼ਿਤ ਅਪਰਾਧੀ ਹਨ ਅਤੇ 11 ਇਹੋ ਜਿਹੇ ਹਨ ਜਿਹੜੇ 307 ਅਧੀਨ ਅਪਰਾਧੀ ਘੋਸ਼ਿਤ ਹਨ। ਇਹਨਾ ਅਪਰਾਧਿਕ ਸਾਂਸਦਾਂ ਵਿੱਚ ਭਾਜਪਾ ਵਾਲੇ ਵੀ ਹਨ, ਕਾਂਗਰਸ ਵਾਲੇ ਵੀ, ਡੀ.ਐਮ.ਕੇ., ਜਨਤਾ ਦਲ ਵਾਲੇ ਸਾਂਸਦ ਵੀ ਹਨ। ਫ਼ੀਸਦੀ ਦੇ ਮਾਮਲੇ 'ਚ 51 ਕਾਂਗਰਸੀ ਸਾਂਸਦਾਂ ਵਿੱਚ 37 ਫ਼ੀਸਦੀ, 301 ਭਾਜਪਾ ਵਾਲਿਆਂ ਵਿਚੋਂ 29 ਫ਼ੀਸਦੀ, ਜਨਤਾ ਦਲ ਵਾਲੇ 8 ਵਿੱਚ 50 ਫ਼ੀਸਦੀ ਸਾਂਸਦ ਅਪਰਾਧਿਕ ਪਿਛੋਕੜ ਵਾਲੇ ਹਨ। ਇਹ ਅੰਕੜੇ ਨੈਸ਼ਨਲ ਇਲੈਕਸ਼ਨ ਵਾਚ ਅਤੇ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰੀਫਾਮਜ਼ (ਏ.ਡੀ.ਆਰ.) ਨੇ ਰਲੀਜ਼ ਕੀਤੇ ਹਨ। ਹੁਣ ਜਦਕਿ ਦੇਸ਼ ਦੀ ਸਾਂਸਦ ਉਤੇ ਅਪਰਾਧਿਕ ਸੋਚ ਵਾਲੇ ਉਹਨਾ ਲੋਕਾਂ ਦਾ ਕਬਜ਼ਾ ਹੈ ਜਿਹੜੇ ਸਾਮ, ਦਾਮ, ਦੰਡ ਨਾਲ ਮਾਫੀਏ ਦੀ ਬਦੌਲਤ ਚੋਣਾਂ ਜਿੱਤਦੇ ਹਨ, ਜਿਹਨਾ ਨੂੰ ਅਪਰਾਧੀਆਂ ਦੀ ਦਿਖਵੀਂ, ਅਦਿਖਵੀਂ ਸਹਾਇਤਾ, ਸਹਿਯੋਗ ਪ੍ਰਾਪਤ ਹੈ ਅਤੇ ਜਿਹੜੇ ਅਪਰਾਧੀਆਂ ਦੀ ਸਰਪ੍ਰਸਤੀ ਕਰਦੇ ਹਨ, ਉਹ ਕਿਵੇਂ ਦੇਸ਼ ਅਪਰਾਧੀਆਂ ਨੂੰ ਨੱਥ ਪਾਉਣ ਲਈ ਜਾਂ ਅਪਰਾਧਿਕ ਪ੍ਰਵਿਰਤੀਆਂ ਨੂੰ ਦੇਸ਼ ਵਿੱਚ ਰੋਕ ਲਾਉਣ ਲਈ ਕੋਈ ਯਤਨ ਕਰਨਗੇ?

ਦੇਸ਼ ਦੇ ਇਹ ਸਿਆਸਤਦਾਨ ਸਰਕਾਰੀ ਖਜ਼ਾਨੇ 'ਚ ਆਉਣ ਵਾਲਾ ਪੈਸਾ ਮਾਫੀਏ ਨਾਲ ਰਲਕੇ ਖਾਂਦੇ ਹਨ। ਚੋਣਾਂ ਵੇਲੇ ਹੀ ਨਹੀਂ, ਸਗੋਂ ਬਾਅਦ ਵਿੱਚ ਜਾਂ ਪਹਿਲਾ ਵੀ ਇਹਨਾ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਨੂੰ ਆਪਣੇ ਦਲਾਲਾਂ ਵਜੋਂ ਵੀ ਵਰਤਦੇ ਹਨ। ਰੇਤਾ/ਬਜਰੀ ਮਾਫੀਆ, ਸ਼ਰਾਬ ਮਾਫੀਆ, ਟਰਾਂਸਪੋਰਟ ਮਾਫੀਆ, ਇਲੈਕਟ੍ਰੋਨਿਕ ਮੀਡੀਆ (ਗੋਦੀ ਮਾਫੀਆ), ਜ਼ਮੀਨ ਮਾਫੀਆ, ਪ੍ਰਾਈਵੇਟ ਮਾਫੀਆ, ਮੈਡੀਕਲ ਮਾਫੀਆ ਤੇ ਪਤਾ ਨਹੀਂ ਹੋਰ ਕਿਹੜੇ ਮਾਫੀਏ ਹਨ ਜਿਹੜੇ ਸਿਆਸਤਦਾਨਾਂ ਦੀ ਸਰਪ੍ਰਸਤੀ ਹੇਠ ਪਲਦੇ, ਵਧਦੇ, ਫੁੱਲਦੇ ਹਨ। ਇਹੋ ਮਾਫੀਏ ਦੇਸ਼ ਦੇ ਸੋਮਿਆਂ ਦੀ ਚੋਰੀ ਕਰਦੇ ਹਨ। ਜੰਗਲ ਕੱਟਦੇ ਹਨ, ਚੰਦਨ ਦੇ ਦਰਖਤ ਕੌਡੀਆਂ ਦੇ ਭਾਅ ਵੇਚਦੇ ਹਨ। ਕੌਣ ਰੋਕ ਸਕਦਾ ਹੈ ਚੰਦਨ ਸਮਗਲਰਾਂ ਨੂੰ ਜਿਹਨਾ ਦੀ ਸਰਪ੍ਰਸਤੀ ਸਿਆਸਤਦਾਨ ਕਰਦੇ ਹਨ। ਪਿਛਲੇ ਸਮੇਂ ਵਿੱਚ ਤਾਂ ਦੇਖਣ ਵਿੱਚ ਇਹ ਵੀ ਆਇਆ ਹੈ ਕਿ ਕੁਝ ਵੱਡੇ ਅਪਰਾਧੀ, ਡਾਕੂ, ਆਪ ਸਿਆਸਤ ਵਿੱਚ ਕੁੱਦ ਪਏ, ਲੋਕਾਂ ਨੂੰ ਡਰਾ, ਧਮਕਾ ਕੇ ਪੈਸੇ ਦੇ ਜ਼ੋਰ ਨਾਲ ਵੋਟਾਂ ਲਈਆਂ ਅਤੇ ਸੰਸਦਾਂ ਅਤੇ ਵਿਧਾਨ ਸਭਾਵਾਂ 'ਚ ਆ ਬੈਠੇ।

ਇੱਕਲੇ ਸੰਸਦ ਵਿੱਚ ਹੀ ਨਹੀਂ ਵਿਧਾਨ ਸਭਾਵਾਂ ਵਿੱਚ ਵੀ ਅਪਰਾਧਿਕ ਪਿਛੋਕੜ ਵਾਲੇ ਵਿਧਾਇਕ ਦੀ ਗਿਣਤੀ ਘੱਟ ਨਹੀਂ ਹੈ। ਉੱਤਰ ਪ੍ਰਦੇਸ਼ ਦੀ ਉਦਾਹਰਨ ਹੀ ਲੈਂਦੇ ਹਾਂ। 2017 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ 'ਚ ਚੁਣੇ 143 ਵਿਧਾਇਕਾਂ (36 ਫ਼ੀਸਦੀ) ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ। ਇਹਨਾ ਵਿੱਚੋਂ 42 ਵਿਧਾਇਕਾਂ ਵਿਰੁੱਧ ਕਤਲ ਜਿਹੇ ਗੰਭੀਰ ਅਪਰਾਧਾਂ ਦੇ ਮੁਕੱਦਮੇ ਹਨ। ਕੀ ਇਹੋ ਹੀ ਕਾਰਨ ਨਹੀਂ ਹੈ ਕਿ ਅਪਰਾਧੀਆਂ ਦੇ ਹੌਂਸਲੇ ਵਧੇ ਹੋਏ ਹਨ। ਅਪਰਾਧੀ ਵਿਕਾਸ ਦੁਬੇ ਤੇ ਉਸਦੀ ਗੈਂਗ ਨੇ 8 ਪੁਲਿਸ ਮੁਲਾਜ਼ਮਾਂ ਦੀ ਉੱਤਰ ਪ੍ਰਦੇਸ਼ 'ਚ ਹੱਤਿਆ ਕਰ ਦਿੱਤੀ। ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਇੰਨੀ ਭਾਰੀ ਗਿਣਤੀ 'ਚ ਅਪਰਾਧਿਕ ਪਿੱਠ ਭੂਮੀ ਵਾਲੇ ਲੋਕ ਸਿਆਸਤ ਵਿੱਚ ਬੈਠੇ ਹੋਣ ਤਾਂ ਗੈਂਗਾਂ, ਗੁਰਗਿਆਂ, ਮਾਫੀਏ ਵਿਰੁੱਧ ਕਾਰਵਾਈ ਕੌਣ ਕਰੇ?

***ਸੰਗਠਿਤ ਅਪਰਾਧਿਕ ਕਾਰਵਾਈਆਂ ਨੂੰ ਕੌਣ ਰੋਕੇ?*** ਅਸਲ ਵਿੱਚ ਤਾਂ ਅਪਰਾਧਿਕ ਪਿੱਠ ਭੂਮੀ ਦੇ ਲੋਕਾਂ ਵਿਚੋਂ ਲੋਕਾਂ ਦੇ ਪ੍ਰਤੀਨਿਧੀ ਬਨਣ ਨਾਲ ਸਿਆਸਤਦਾਨ ਅਤੇ ਅਪਰਾਧੀਆਂ ਦਾ ਗੱਠਜੋੜ ਮਜ਼ਬੂਤ ਹੁੰਦਾ ਜਾ ਰਿਹਾ ਹੈ। ਇਸ ਸਭ ਕੁਝ ਦੇ ਦ੍ਰਿਸ਼ਟੀਗੋਚਰ ਦੇਸ਼ ਦੀ ਸੁਪਰੀਮ ਕੋਰਟ ਨੇ 10 ਜੁਲਾਈ 2013 ਨੂੰ ਇੱਕ ਜਜਮੈਂਟ ਦਿੱਤੀ, ਜਿਸ ਅਧੀਨ ਲੋਕ ਸਭਾ, ਰਾਜ ਸਭਾ, ਵਿਧਾਨ ਸਭਾ, ਵਿਧਾਨ ਪ੍ਰੀਸ਼ਦ ਦੇ ਉਹ ਮੈਂਬਰ ਜਿਹਨਾ ਨੂੰ ਅਪਰਾਧਿਕ ਮਾਮਲਿਆਂ ਵਿੱਚ 2 ਸਾਲ ਜਾਂ ਵੱਧ ਦੀ ਸਜ਼ਾ ਸੁਣਾਈ ਗਈ ਹੈ, ਉਹ ਮੈਂਬਰ ਨਹੀਂ ਰਹਿਣਗੇ। ਸਿੱਟੇ ਵਜੋਂ 10 ਲੋਕ ਸਭਾ, ਰਾਜ ਸਭਾ, ਵਿਧਾਨ ਸਭਾ, ਵਿਧਾਨ ਪ੍ਰੀਸ਼ਦ ਦੇ ਮੈਂਬਰ ਆਪਣੀ ਮੈਂਬਰੀ ਗੁਆ ਬੈਠੇ। ਸੁਪਰੀਮ ਕੋਰਟ ਵਿੱਚ ਇੱਕ ਐਫੀਡੇਵਿਟ ਵਿੱਚ ਕੇਂਦਰ ਸਰਕਾਰ ਨੇ ਇਹ ਦੱਸਿਆ ਕਿ ਦੇਸ਼ ਦੀਆਂ ਵਿਧਾਨ ਸਭਾਵਾਂ ਅਤੇ ਲੋਕ ਸਭਾ ਰਾਜ ਸਭਾ ਵਿੱਚ ਕੁਲ ਮਿਲਾਕੇ 1765 ਮੈਂਬਰ ਅਪਰਾਧਿਕ ਪਿਛੋਕੜ ਵਾਲੇ ਬੈਠੇ ਹਨ। ਇਸ ਸਬੰਧੀ ਸੁਪਰੀਮ ਕੋਰਟ ਨੇ ਇਹ ਨਿਰਦੇਸ਼ ਦਿੱਤੇ ਹਨ ਕਿ ਇਹਨਾ ਮੈਂਬਰਾਂ ਦੇ ਕੇਸਾਂ ਦੇ ਨਿਪਟਾਰੇ ਲਈ 12 ਸਪੈਸ਼ਲ ਕੋਰਟਾਂ ਸਥਾਪਿਤ ਕੀਤੀਆਂ ਜਾਣ ਜੋ ਦਿੱਲੀ ਜਾਂ 11 ਸੂਬਿਆਂ ਵਿੱਚ ਹੋਣ ਜੋ ਇਹਨਾ ਕੇਸਾਂ ਦਾ ਤੁਰੰਤ ਫ਼ੈਸਲਾ ਕਰਨ। ਇਹ ਫ਼ੈਸਲਾ 2018 ਸਤੰਬਰ ਦਾ ਹੈ, ਪਰ ਕੇਂਦਰ ਸਰਕਾਰ ਵਲੋਂ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ। ਕੀ ਇਹ ਅਪਰਾਧਿਕ ਪਿਛੋਕੜ ਵਾਲੇ ਸਾਂਸਦਾਂ ਦਾ ਦਬਾਅ ਨਹੀਂ ਹੈ? ਸਾਲ 2020 ਮਾਰਚ ਵਿੱਚ ਇੱਕ ਜੱਜਮੈਂਟ 'ਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਸਿਆਸਤ ਵਿੱਚ ਅਪਰਾਧੀਕਰਨ ਨੂੰ ਰੋਕਿਆ ਜਾਣਾ ਚਾਹੀਦਾ ਹੈ ਅਤੇ ਅਪਰਾਧੀ ਪਿਛੋਕੜ ਵਾਲੇ ਲੋਕਾਂ ਨੂੰ ਦੇਸ਼ ਦਾ ਕਨੂੰਨ ਬਨਾਉਣ ਵਾਲੀ ਸੰਸਥਾ ਵਿੱਚ ਨਹੀਂ ਲਿਆਂਦਾ ਜਾਣਾ ਚਾਹੀਦਾ ਅਤੇ ਦੇਸ਼ ਦੇ ਲੋਕਾਂ ਨੂੰ ਸਾਫ਼-ਸੁਥਰਾ ਪ੍ਰਬੰਧ ਮਿਲਣਾ ਜ਼ਰੂਰੀ ਹੈ।

ਸੁਪਰੀਮ ਕੋਰਟ ਨੇ ਸਰਕਾਰ ਨੂੰ ਨਿਰਦੇਸ਼ ਦਿੱਤੇ ਕਿ ਸਿਆਸਤ ਵਿੱਚ ਅਪਰਾਧੀਕਰਨ ਰੋਕਣ ਅਤੇ ਚੋਣ ਸੁਧਾਰਾਂ ਲਈ ਕਦਮ ਚੁੱਕੇ ਜਾਣੇ ਜ਼ਰੂਰੀ ਹਨ। ਸੁਪਰੀਮ ਕੋਰਟ ਦਾ ਤਾਂ ਕਹਿਣਾ ਇਹ ਵੀ ਹੈ ਕਿ ਖਾਸ ਤੌਰ 'ਤੇ ਚੋਣਾਂ ਵੇਲੇ ਉਮੀਦਵਾਰ ਘੋਸ਼ਿਤ ਕਰਨ ਵਾਲੀਆਂ ਸਿਆਸੀ ਪਾਰਟੀਆਂ ਉਮੀਦਾਵਾਰਾਂ ਦੇ ਅਪਰਾਧੀ ਪਿਛੋਕੜ ਨੂੰ ਅਖ਼ਬਾਰਾਂ ਵਿੱਚ ਛਾਪਣ ਤਾਂ ਕਿ ਲੋਕਾਂ ਨੂੰ ਉਹਨਾ ਬਾਰੇ ਜਾਣਕਾਰੀ ਹੋ ਸਕੇ।

ਪਰ ਇਸ ਸਭ ਦੇ ਬਾਵਜੂਦ ਵੀ ਕਿ ਅਪਰਾਧ ਦਾ ਸਿਆਸਤ ਵਿੱਚ ਦਖ਼ਲ ਦੇਸ਼ ਦੇ ਲੋਕਤੰਤਰ ਨੂੰ ਸੱਟ ਮਾਰੇਗਾ। ਦੇਸ਼ ਵਿੱਚ ਭ੍ਰਿਸ਼ਟਾਚਾਰ 'ਚ ਵਾਧਾ ਕਰੇਗਾ। ਦੇਸ਼ ਦੀਆਂ ਇਖਲਾਕੀ ਕਦਰਾਂ ਕੀਮਤਾਂ ਨੂੰ ਸੱਟ ਮਾਰੇਗਾ। ਦੇਸ਼ ਦੀਆਂ ਨਿਰਪੱਖ ਚੋਣਾਂ ਨੂੰ ਤਹਿਸ਼-ਨਹਿਸ਼ ਕਰ ਦੇਵੇਗਾ। ਕੇਂਦਰ ਸਰਕਾਰ ਵਲੋਂ ਕੋਈ ਅਹਿਮ ਕਦਮ ਨਹੀਂ ਪੁੱਟੇ ਜਾ ਰਹੇ।

ਦੇਸ਼ ਵਿੱਚ ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਨਾਮ ਉਤੇ ਹਕੂਮਤ ਸੰਭਾਲਣ ਵਾਲੀ ਮੋਦੀ ਸਰਕਾਰ ਵਲੋਂ ਹਿੱਕ ਠੋਕਕੇ ਕੀਤੀਆਂ ਤਕਰੀਰਾਂ ਵੀ ਲੁਪਤ ਹੋ ਗਈਆਂ ਹਨ ਕਿ ਉਹ ਕਿਸੇ ਵੀ ਅਪਰਾਧਿਕ ਪਿਛੋਕੜ ਵਾਲੇ ਨੂੰ ਦੇਸ਼ ਦੀ ਪਾਰਲੀਮੈਂਟ ਵਿੱਚ ਦਾਖ਼ਲ ਨਹੀਂ ਹੋਣ ਦੇਣਗੇ।

ਜਦ ਤੱਕ ਦੇਸ਼ ਦਾ ਕਾਨੂੰਨ ਘੜਨ ਵਾਲੀ ਲੋਕ ਸਭਾ, ਰਾਜ ਸਭਾ ਦੇਸ਼ ਵਿੱਚੋਂ ਅਪਰਾਧੀਕਰਨ ਖ਼ਤਮ ਕਰਨ ਲਈ ਅਤੇ ਅਪਰਾਧੀ ਪਿਛੋਕੜ ਵਾਲਿਆਂ ਦਾ ਸੰਸਦ ਵਿੱਚ ਦਾਖ਼ਲਾ ਬੰਦ ਕਰਨ ਲਈ ਢੁਕਵਾ ਕਾਨੂੰਨ ਨਹੀਂ ਬਣਾਉਂਦੀ, ਉਦੋਂ ਤੱਕ ਦੇਸ਼ ਦੇ ਅਪਰਾਧੀਕਰਨ ਨੂੰ ਨੱਥ ਨਹੀਂ ਪਾਈ ਜਾ ਸਕਦੀ। ਦੇਸ਼ ਦੇ ਹਾਕਮਾਂ 'ਚ ਭਾਵੇਂ ਉਹ ਪਹਿਲਾਂ ਰਹੇ ਹਾਕਮ ਕਾਂਗਰਸ ਨੇਤਾ ਹਨ, ਜਾਂ ਹੁਣ ਰਾਜ ਕਰ ਰਹੀ ਭਾਜਪਾ ਹੈ, ਰਾਜ ਦਾ ਮੋਹ ਨਹੀਂ ਤਿਆਗ ਰਹੀ, ਸਿੱਟੇ ਵਿਚੋਂ ਅਪਰਾਧੀਆਂ ਅਤੇ ਧੰਨਾਢਾਂ ਨੂੰ ਚੋਣਾਂ ਵੇਲੇ ਉਮੀਦਵਾਰ ਬਣਾਇਆ ਜਾ ਰਿਹਾ ਹੈਅ ਅਤੇ ਆਪਣੀ ਗੱਦੀ ਪੱਕੀ ਕੀਤੀ ਜਾ ਰਹੀ ਹੈ। ਇਹ ਅਸਲ ਅਰਥਾਂ ਵਿੱਚ ਲੋਕਤੰਤਰ ਦਾ ਘਾਣ ਹੈ। ਜੇਕਰ ਦੇਸ਼ ਦੀ ਪਾਰਲੀਮੈਂਟ 370 ਧਾਰਾ ਖ਼ਤਮ ਕਰਨ ਦਾ ਕਾਨੂੰਨ ਪਾਸ ਕਰ ਸਕਦੀ ਹੈ। ਜੇਕਰ ਦੇਸ਼ ਦੀ ਪਾਰਲੀਮੈਂਟ ਨਾਗਰਿਕਤਾ ਕਾਨੂੰਨ ਪਾਸ ਕਰ ਸਕਦੀ ਹੈ ਤਾਂ ਅਪਰਾਧਾਂ ਨੂੰ ਰੋਕਣ ਅਤੇ ਅਪਰਾਧੀਆਂ ਦਾ ਕਾਨੂੰਨ ਘੜਨੀ ਸੰਸਥਾਵਾਂ ਵਿੱਚ ਦਾਖ਼ਲੇ ਵਿਰੁੱਧ ਕਨੂੰਨ ਕਿਉਂ ਨਹੀਂ ਪਾਸ ਕਰ ਸਕਦੀ?

# ਸਿੱਖੀ ਵਿੱਚ ਲੰਗਰ ਦੀ ਪਰੰਪਰਾ ਬਨਾਮ ਦਾਨ?



**ਜਸਵੰਤ ਸਿੰਘ 'ਅਜੀਤ'**
91 9 827-19890

**ਸਿੱਖ ਧਰਮ ਵਿਚ ਲੰਗਰ ਦੀ ਪਰੰਪਰਾ:** ਜਿਥੋਂ ਤਕ ਗੁਰੂ ਘਰ ਵਿਚ ਪ੍ਰਚਲਤ ਲੰਗਰ ਦੀ ਮਰਿਆਦਾ ਦੀ ਗਲ ਹੈ, ਸਿੱਖ ਧਰਮ ਵਿੱਚ ਉਸਦੇ ਦੋ ਸਰੂਪ ਸਵੀਕਾਰੇ ਗਏ ਹਨ, ਪਹਿਲਾ ਸਰੂਪ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ 'ਸੱਚਾ ਸੌਦਾ' ਦੇ ਰੂਪ ਵਿੱਚ ਅਰੰਭ ਕੀਤਾ ਗਿਆ ਸਵੀਕਾਰਿਆ ਜਾਂਦਾ ਹੈ, ਉਸਦੇ ਸੰਬੰਧ ਵਿੱਚ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ 'ਸਚਾ ਸੌਦਾ' ਕੀਤਾ ਸੀ, ਉਸਦਾ ਉਦੇਸ਼ ਕੇਵਲ ਭੁਖੇ ਸਾਧੂਆਂ ਦੀ ਭੁਖ ਮਿਟਾਣਾ ਜਾਂ ਉਹਨਾਂ ਦੀਆਂ ਲੋੜਾਂ ਨੂੰ ਹੀ ਪੂਰਿਆਂ ਕਰਨਾ ਨਹੀਂ ਸੀ, ਸਗੋਂ ਉਨ੍ਹਾਂ ਨੂੰ ਇਹ ਸਮਝਾਉਣਾ ਸੀ ਕਿ ਘਰ ਗ੍ਰਹਿਸਥੀ ਤਿਆਗ ਅਤੇ ਭੁਖੇ-ਨੰਗੇ ਰਹਿ, ਨਾ ਤਾਂ ਸੰਸਾਰ ਵਿਚ ਆਉਣ ਦੇ ਮਨੋਰਥ ਨੂੰ ਹੀ ਪੂਰਿਆਂ ਕੀਤਾ ਜਾ ਸਕਦਾ ਅਤੇ ਨਾ ਹੀ ਪ੍ਰਭੂ ਪ੍ਰਮਾਤਮਾ ਨੂੰ ਹੀ ਪਾਇਆ ਜਾ ਸਕਦਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਪਹਿਲਾਂ ਗ੍ਰਹਿਸਥ ਜੀਵਨ ਤਿਆਗਣਾ ਫਿਰ ਭੁਖ-ਨੰਗ ਮਿਟਾਣ ਲਈ, ਉਹਨਾਂ ਗ੍ਰਹਿਸਥੀਆਂ ਦੇ ਮੂੰਹ ਵਲ ਵੇਖਣਾ, ਜੋ ਮੇਹਨਤ ਮਜ਼ਦੂਰੀ ਅਤੇ ਦਸਾਂ ਨਹੁੰਆਂ ਦੀ ਕਿਰਤ ਕਰ ਆਪਣੇ ਗ੍ਰਹਿਸਥ ਜੀਵਨ ਦੀਆਂ ਜ਼ਿਮੇਦਾਰੀਆਂ ਨੂੰ ਪੂਰਿਆਂ ਕਰਦੇ ਹਨ, ਸ਼ੋਭਾ ਨਹੀਂ ਦਿੰਦਾ। ਇਸਤਰ੍ਹਾਂ ਗੁਰੂ ਸਾਹਿਬ ਨੇ ਉਨ੍ਹਾਂ ਅਤੇ ਸੰਸਾਰ ਨੂੰ ਗ੍ਰਹਿਸਥ ਜੀਵਨ ਦਾ ਮੂਲ ਮਨੋਰਥ ਸਮਝਾਇਆ।

ਲੰਗਰ ਦਾ ਦੂਸਰਾ ਸਰੂਪ, ਜੋ ਸਿੱਖੀ ਵਿੱਚ ਸਵੀਕਾਰਿਆ ਗਿਆ ਹੈ ਅਤੇ ਜੋ ਲੰਗਰ ਦੀ ਵਰਤਮਾਨ ਪ੍ਰਚਲਤ ਮਰਿਆਦਾ ਅਤੇ ਪਰੰਪਰਾ ਦੀ ਅਰੰਭਤਾ ਮੰਨਿਆ ਜਾਂਦਾ ਹੈ। ਉਸ ਸਬੰਧ ਵਿੱਚ ਜੇ ਗੁਰ-ਇਤਿਹਾਸ ਨੂੰ ਗੰਭੀਰਤਾ ਨਾਲ ਵਾਚਿਆ ਅਤੇ ਸਮਝਿਆ ਜਾਏ ਤਾਂ ਇਹ ਗਲ ਸਪਸ਼ਟ ਰੂਪ ਵਿਚ ਸਾਹਮਣੇ ਆ ਜਾਇਗੀ ਕਿ ਗੁਰੂ ਸਾਹਿਬ ਨੇ ਇਹ ਮਰਿਆਦਾ ਕੇਵਲ ਗਰੀਬਾਂ ਤੇ ਭੁਖਿਆਂ ਦੀ ਭੁਖ ਨੂੰ ਮਿਟਾਣ ਲਈ ਹੀ ਨਹੀਂ ਅਰੰਭੀ। ਸਗੋਂ ਉਨ੍ਹਾਂ ਵਲੋਂ ਇਸਨੂੰ ਅਰੰਭ ਕੀਤੇ ਜਾਣ ਦਾ ਮੁਖ ਉਦੇਸ਼ ਦੇਸ਼-ਵਾਸੀਆਂ ਵਿਚ ਖੜੀਆਂ ਕੀਤੀਆਂ ਗਈਆਂ ਹੋਈਆਂ ਉਚ-ਨੀਚ ਅਤੇ ਅਮੀਰ-ਗਰੀਬ ਦੀਆਂ ਦੀਵਾਰਾਂ ਨੂੰ ਢਾਹੁਣਾ ਅਤੇ ਬਰਾਬਰਤਾ ਨੂੰ ਸਥਾਪਤ ਕਰਨਾ ਸੀ।

ਇਹੀ ਕਾਰਣ ਸੀ ਗੁਰੂ-ਘਰ ਵਿਚ ਇਹ ਪਰੰਪਰਾ ਸਥਾਪਤ ਕੀਤੀ ਗਈ, ਕਿ ਜਿਸਨੇ ਗੁਰੂ ਸਾਹਿਬ ਦੇ ਦਰਸ਼ਨ ਕਰਨੇ ਹੋਣ, ਭਾਵੇਂ ਕੋਈ ਉਚੀ ਜਾਤ ਦਾ ਹੋਵੇ ਤੇ ਭਾਂਵੇ ਛੋਟੀ ਜਾਤ ਦਾ, ਭਾਂਵੇ ਗਰੀਬ ਹੋਵੇ ਜਾਂ ਅਮੀਰ, ਉਸਨੂੰ ਪਹਿਲਾਂ ਲੰਗਰ ਦੀ ਪੰਗਤ ਵਿਚ ਸਾਰਿਆਂ ਦੇ ਨਾਲ ਬਰਾਬਰ ਬੈਠ ਕੇ ਲੰਗਰ ਛਕਣਾ ਹੁੰਦਾ ਸੀ, ਜਿਸ ਨਾਲ ਉਚ-ਨੀਚ ਦੀ ਭਾਵਨਾ ਜੋ ਭਾਰਤੀ ਸਮਾਜ ਵਿੱਚ ਜੜ੍ਹਾਂ ਜਮਾ ਚੁਕੀ ਹੋਈ ਸੀ, ਉਸਨੂੰ ਜੜੋਂ ਉਖਾੜਨਾ ਅਤੇ ਸਮਾਨਤਾ ਦੀ ਭਾਵਨਾ ਨੂੰ ਦ੍ਰਿੜ ਕਰਵਾਉਣਾ ਸੀ। ਇਸਤਰ੍ਹਾਂ ਲੰਗਰ ਛਕਣ ਤੋਂ ਬਾਅਦ ਹੀ ਉਹ ਗੁਰੂ ਸਾਹਿਬ ਦੇ ਦਰਸ਼ਨ ਕਰ ਸਕਦਾ ਸੀ। ਇਤਿਹਾਸ ਗੁਆਹ ਹੈ ਕਿ ਸ਼ਹਿ-ਨਸ਼ਾਹ ਅਕਬਰ ਤਕ ਨੂੰ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ ਇਸ ਪਰੰਪਰਾ ਦਾ ਪਾਲਣ ਕਰਨਾ ਪਿਆ ਸੀ।



ਇਥੇ ਇਹ ਗਲ ਵੀ ਧਿਆਨ ਵਿਚ ਰਖਣ ਵਾਲੀ ਹੈ ਕਿ ਨਾਮ ਸਿਮਰਨ ਕਰਦਿਆਂ ਲੰਗਰ ਕਿਸੇ ਵੀ ਥਾਂ ਤੇ ਤਿਆਰ ਕੀਤਾ ਅਤੇ ਵਰਤਾਇਆ ਜਾ ਸਕਦਾ ਹੈ। ਇਸ ਉਦੇਸ਼ ਲਈ ਕੋਈ ਵਿਸ਼ੇਸ਼ ਥਾਂ ਨਿਸ਼ਚਿਤ ਨਹੀਂ ਕੀਤੀ ਗਈ ਹੋਈ। ਸਰਤ ਕੇਵਲ ਇਕੋ ਹੈ ਕਿ ਲੰਗਰ ਪੰਗਤ ਵਿਚ ਬੈਠ ਕੇ ਛਕਿਆ ਜਾਏ। ਅਕਬਰ ਦੀ ਪੇਸ਼ਕਸ਼: ਸਿੱਖ ਇਤਿਹਾਸ ਇਸ ਗਲ ਦਾ ਗੁਆਹ ਹੈ ਕਿ ਸ਼ਹਿਨਸ਼ਾਹ ਅਕਬਰ ਗੁਰੂ ਘਰ ਵਿੱਚ ਲੰਗਰ ਰਾਹੀਂ ਸਮਾਨਤਾ ਦਾ ਸੰਦੇਸ਼ ਦੇਣ ਦੇ ਉਦੇਸ਼ ਨਾਲ ਪ੍ਰਚਲਤ ਕੀਤੀ ਗਈ ਹੋਈ ਪੰਗਤ ਦੀ ਪਰੰਪਰਾ ਤੋਂ ਇਤਨਾ ਪ੍ਰਭਾਵਤ ਹੋਇਆ ਕਿ ਉਸਨੂੰ ਲੰਗਰ ਨੂੰ ਬਿਨਾਂ ਰੋਕ-ਟੋਕ ਚਲਦਿਆਂ ਰਖਣ ਵਾਸਤੇ ਆਪਣਾ ਯੋਗਦਾਨ ਪਾਣ ਲਈ ਗੁਰੂ ਸਾਹਿਬ ਨੂੰ ਜਗੀਰ ਦੇਣ ਤਕ ਦੀ ਪੇਸ਼ਕਸ਼ ਕਰ ਦਿੱਤੀ। ਗੁਰੂ ਸਾਹਿਬ ਨੇ ਇਹ ਆਖ ਕਿ ਗੁਰੂ ਘਰ ਦਾ ਲੰਗਰ ਸਿੱਖਾਂ ਦੀ ਕਿਰਤ ਕਮਾਈ ਵਿਚੋਂ ਪਾਏ ਜਾ ਰਹੇ ਦਸਵੰਧ ਦੇ ਯੋਗਦਾਨ ਰਾਹੀਂ ਹੀ ਸਦਾ ਚਲਦਾ ਰਹੇਗਾ, ਉਸਦੀ ਪੇਸ਼ਕਸ਼ ਨੂੰ ਨਿਮਰਤਾ ਸਹਿਤ ਸਵੀਕਾਰਨ ਤੋਂ ਇਨਕਾਰ ਕਰ ਦਿੱਤਾ। ਮੰਨਿਆ ਜਾਂਦਾ ਗੁਰੂ ਸਾਹਿਬ ਦੀ ਇਸ ਸੋਚ ਦੇ ਪਿਛੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ, ਮਲਕ ਭਾਗੋ ਦੇ ਮਾਲ-ਪੂੜਿਆਂ ਦੇ ਮੁਕਾਬਲੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਸਵੀਕਾਰ ਕਰਕੇ ਦਿੱਤਾ ਗਿਆ ਸੰਦੇਸ਼ ਕੰਮ ਕਰ ਰਿਹਾ ਸੀ।

ਕਿਰਤ ਦਾ ਸਨਮਾਨ: ਗੁਰੂ ਘਰ ਵਿੱਚ ਕਿਰਤ ਦਾ ਕਿਤਨਾ ਸਨਮਾਨ ਕੀਤਾ ਜਾਂਦਾ ਸੀ, ਇਸ ਗਲ ਦੇ ਪ੍ਰਮਾਣ ਵਜੋਂ ਸਿੱਖ ਇਤਿਹਾਸ ਵਿੱਚ ਕਈ ਘਟਨਾਵਾਂ ਦਾ ਜ਼ਿਕਰ ਆਉਂਦਾ ਹੈ। ਇਤਿਹਾਸ ਵਿੱਚ ਇਸੇ ਸੰਬੰਧ ਵਿੱਚ ਆਈ ਇੱਕ ਘਟਨਾ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਗਿਆ ਹੈ। ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਗੁਆਲੀਅਰ ਦੇ ਕਿਲੇ ਤੋਂ ਰਿਹਾ ਹੋ ਕੇ ਜਦੋਂ ਦਿੱਲੀ ਪੁਜੇ ਤਾਂ ਉਨ੍ਹਾਂ ਜਮਨਾ ਨਦੀ ਦੇ ਕਿਨਾਰੇ ਮਜਨੂੰ ਟਿੱਲਾ ਦੇ ਨੇੜੇ ਡੇਰਾ ਲਾਇਆ। ਉਧਰ ਸਮੇਂ ਦੇ ਬਾਦਸ਼ਾਹ ਜਹਾਂਗੀਰ ਨੇ ਗੁਰੂ ਸਾਹਿਬ ਨਾਲ ਨੇੜਤਾ ਵਧਾਣ ਲਈ ਉਨ੍ਹਾਂ ਦੇ ਡੇਰੇ ਦਾ ਨਾਲ ਹੀ ਆਪਣਾ ਡੇਰਾ ਲਾ ਲਿਆ। ਘਟਨਾ ਇਉਂ ਦਸੀ ਜਾਂਦੀ ਹੈ ਕਿ ਇੱਕ ਘਾਹੀ ਘਾਹ ਦੀ ਇੱਕ ਪੰਡ ਲੈ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਇਆ ਤੇ ਭੁਲੇਖੇ ਨਾਲ ਜਹਾਂਗੀਰ ਦੇ ਡੇਰੇ ਜਾ ਵੜਿਆ। ਜਹਾਂਗੀਰ ਨੂੰ ਗੁਰੂ ਸਾਹਿਬ ਸਮਝ ਘੋੜਿਆਂ ਲਈ ਘਾਹ ਪੰਡ ਉਥੇ ਰਖ, ਇੱਕ ਟੱਕਾ ਉਸਦੇ ਸਾਹਮਣੇ ਰਖ ਬੇਨਤੀ ਕਰਨ ਲਗਾ। ਘਾਹੀ ਦਾ ਟੱਕਾ ਆਪਣੇ ਸਾਹਮਣੇ ਵੇਖ ਜਹਾਂਗੀਰ ਸਮਝ ਗਿਆ ਕਿ ਗੁਰੂ ਸਾਹਿਬ ਦੇ ਭੁਲੇਖੇ ਉਸਦੇ ਕੈਂਪ ਵਿੱਚ ਆ ਗਿਆ ਹੈ। ਉਸਨੇ ਘਾਹੀ ਦਸਿਆ ਕਿ ਜਿਨ੍ਹਾਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਉਹ ਆਇਆ ਹੈ, ਉਹ ਨਾਲ ਦੇ ਕੈਂਪ ਵਿੱਚ ਹਨ। ਘਾਹੀ ਨੇ ਝਟ ਹੀ ਜਹਾਂਗੀਰ ਦੇ ਸਾਹਮਣੇ ਟੱਕੇ ਅਤੇ ਘਾਹ ਦੀ ਪੰਡ ਚੁਕ ਉਥੋਂ ਨਿਕਲ ਤੁਰਿਆ। ਨਾਲ ਦੇ ਕੈਂਪ ਵਿੱਚ ਜਾ ਉਸਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਅਤੇ ਘਾਹ ਦੀ ਪੰਡ ਤੇ ਟੱਕਾ ਭੇਟ ਕਰ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

ਦਾਨ ਜਾਂ ਸੇਵਾ ਦਾ ਮੂਲ: ਜਿਥੋਂ ਤਕ ਭੁਖਿਆਂ ਅਤੇ ਲੋੜਵੰਦਾਂ ਨੂੰ ਬਿਨਾਂ ਪੰਗਤ ਵਿੱਚ ਬਿਠਾਏ ਖਾਣਾ ਖੁਆਣ ਜਾਂ ਉਨ੍ਹਾਂ ਤਕ ਖਾਣਾ ਪਹੁੰਚਾਏ ਜਾਣ ਦਾ ਸੰਬੰਧ ਹੈ, ਉਹ ਸਿਖ ਧਰਮ ਵਿੱਚ ਪ੍ਰਚਲਤ 'ਸੇਵਾ' ਦੀ ਪਰੰਪਰਾ ਦਾ ਇੱਕ ਨਿਸ਼ਕਾਮ ਸੇਵਾ ਦੇ ਰੂਪ ਵਿੱਚ ਮਹਤੱਤਾਪੂਰਣ ਅੰਗ ਹੈ। ਜਿਸਦਾ ਪਾਲਣ ਕੀਤਾ ਜਾਣਾ ਬਹੁਤ ਹੀ ਸ਼ਲਾਘਾਯੋਗ ਮੰਨਿਆ ਜਾਂਦਾ ਹੈ। ਪ੍ਰੰਤੂ ਜਦੋਂ ਇਸ 'ਸੇਵਾ' ਦੇ ਬਦਲੇ ਉਸਦੇ 'ਮੁੱਲ' ਦੇ ਰੂਪ ਵਿੱਚ 'ਦਾਨ' ਦੀ ਮੰਗ ਕਰ ਲਈ ਜਾਂਦੀ ਹੈ, ਤਾਂ 'ਸੇਵਾ' ਨਿਸ਼ਕਾਮ 'ਸੇਵਾ' ਨਾ ਰਹਿ, ਇੱਕ 'ਸੌਦਾ' ਬਣ ਜਾਂਦੀ ਹੈ। ਮਤਲਬ ਇਹ ਕਿ ਤੁਸਾਂ ਗਰੀਬ ਤੇ ਲੋੜਵੰਦਾਂ ਨੂੰ ਜੋ ਖਾਣਾ ਖੁਆਇਆ ਅਤੇ ਉਸਦੇ ਬਦਲੇ ਦੂਜੇ ਲੋਕਾਂ ਪਾਸੋਂ 'ਦਾਨ' ਲੈ, ਉਸਕਾ 'ਮੁਲ' ਵਸੂਲ ਕਰ ਲਿਆ, ਤਾਂ ਇਸ ਨਾਲ 'ਸੇਵਾ' ਜਿਹੇ ਪਵਿਤ੍ਰ ਅਤੇ ਨਿਸ਼ਕਾਮ

**(ਬਾਕੀ ਅਗਲੇ ਸਫੇ 'ਤੇ)**

# ਸਿੱਖ ਕੌਮ ਨੂੰ ਆਪਣੇ ਲੋੜ੍ਹਵੰਦ ਲੋਕਾਂ ਵੱਲ ਵੀ ਧਿਆਨ ਦੇਣ ਦੀ ਲੋੜ੍ਹ



ਜੰਗ ਸਿੰਘ
91-94170-95965

ਸਿੱਖ ਧਰਮ ਇਕ ਨਵੀਨ ਤੇ ਹੋਰ ਧਰਮਾਂ ਤੋਂ ਨਿਵੇਕਲਾ ਧਰਮ ਹੈ। ਇਸ ਦੀ ਬੁਨਿਆਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਦਰਵੀਂ ਸੱਦੀ ਵਿੱਚ ਰੱਖ ਕੇ ਸੰਸਾਰ ਦੇ ਲੋਕਾਂ ਨੂੰ ਪੁਰਾਤਨ ਧਰਮਾਂ ਤੋਂ ਨਵੀ ਸੇਧ ਦਿੱਤੀ ਸੀ । ਇਸ ਧਰਮ ਨੂੰ ਹੋਰ ਧਰਮਾਂ ਤੋਂ ਅੱਡਰਾ ਰੱਖਣ ਲਈ ਪਹਿਲੇ ਪੰਜ ਗੁਰੂ ਸਾਹਿਬਾਨਾਂ ਨੇ ਸ਼ਾਂਤਮਈ ਤਰੀਕੇ ਨਾਲ ਸਮਾਜਿਕ ਕੁਰੀਤੀਆਂ, ਵਹਿਮਾਂ ਭਰਮਾਂ, ਜਾਤਾਂ ਪਾਤਾਂ, ਉੱਚ ਨੀਚ, ਜੰਗਲਾਂ ਵਿੱਚ ਜਾ ਕੇ ਅਖੌਤੀ ਜਤੀ ਸਤੀ ਬਣ ਕੇ ਜੀਵਨ ਜੀਊਣ ਨੂੰ ਜਿਥੇ ਨਕਾਰਿਆ ਉਥੇ ਦੁਨਿਆਵੀ ਜੀਵਨ ਬਤੀਤ ਕਰਨ ਨੂੰ ਤਰਜੀਹ ਦੇ ਕੇ ਸਮਾਜ ਵਿੱਚ ਪਏ ਭਰਮ ਭੁਲੇਖਿਆਂ ਨੂੰ ਕੱਢਣ ਦੇ ਨਾਲ ਜਬਰ ਜੁਲਮ ਵਿਰੁੱਧ ਲੜਣ ਦੀ ਵੀ ਪ੍ਰੇਰਨਾ ਦਿੱਤੀ । ਗੁਰੂ ਨਾਨਕ ਸਾਹਿਬ ਦੀਆਂ 20 ਸਾਲਾਂ ਵਿੱਚ ਕੀਤੀਆਂ ਚਾਰ ਉਦਾਸੀਆਂ ਇਸੇ ਕੜੀ ਦੀਆਂ ਪ੍ਰਤੀਕ ਹਨ। ਗੁਰੂ ਸਾਹਿਬ ਨੇ ਜਬਰ ਜੁਲਮ ਵਿਰੁੱਧ ਅਵਾਜ ਉਠਾਉਣ ਵੇਲੇ ਉਸ ਸਮੇਂ ਦੇ ਜਾਬਰ ਬਾਬਰ ਬਾਦਸ਼ਾਹ ਤਕ ਨੂੰ ਸ਼ੀਂਹ ਤੇ ਵਜੀਰਾਂ ਅਹਿੱਲਕਾਰਾਂ ਨੂੰ ਕੁੱਤੇ ਕਹਿਣ ਤੋਂ ਵੀ ਗੁਰੇਜ ਨਹੀਂ ਕੀਤਾ1 ਇਸ ਬਦਲੇ ਉਨਾਂ ਨੇ ਬਾਬਰ ਬਾਦਸ਼ਾਹ ਦੀਆਂ ਜੇਲ੍ਹ ਵਿੱਚ ਚੱਕੀਆਂ ਪੀਹਣ ਨੂੰ ਤਰਜੀਹ ਦਿੱਤੀ। ਗੁਰੂ ਨਾਨਕ ਦੇਵ ਜੀ ਨੇ ਇਸਤਰੀ ਜਾਤੀ ਦੀ ਕੀਤੀ ਜਾ ਰਹੀ ਨਿੰਦਿਆ ਦਾ ਸਖਤੀ ਨਾਲ ਵਿਰੋਧ ਕੀਤਾ ਤੇ ਉਨਾਂ ਨੂੰ ਰਾਜਿਆਂ ਮਹਾਂਰਾਜਿਆਂ ਦੀ ਜਨਨੀ ਕਹਿ ਕੇ ਮਰਦਾਂ ਦੇ ਬਰਾਬਰ ਦਾ ਅਧਿਕਾਰ ਦੇ ਕੇ ਉਸ ਸਮੇਂ ਦੇ ਬ੍ਰਾਹਮਣੀ ਰੀਤਾਂ ਰਿਵਾਜਾਂ ਵਿਰੁੱਧ ਅਵਾਜ ਉਠਾਈ ਤੇ ਲੋਕਾਂ ਨੂੰ ਸੱਚ ਦੇ ਸਹੀ ਮਾਰਗ ਵਲ ਤੋਰਿਆ। ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਪਹਿਲੇ ਪੰਜ ਗੁਰੂ ਸਾਹਿਬਾਨਾਂ ਦੇ ਕਾਲ ਸਮੇ ਤੋਂ ਇਹ ਅਨੁਭਵ ਕਰ ਲਿਆ ਕਿ ਸਿਰਫ ਸ਼ਾਂਤਮਈ ਤਰੀਕੇ ਨਾਲ ਉਹ ਆਪਣੇ ਮੰਤਵ ਵਿਚ ਸਫਲ ਨਹੀਂ ਹੋ ਸਕਦੇ ਤਾਂ ਉਨਾਂ ਨੇ ਮੀਰੀ ਪੀਰੀ ਦੀ ਕਿਰਪਾਨ ਪਹਿਨ ਕੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਧਰਮ ਦੇ ਨਾਲ ਰਾਜਨੀਤੀਵਾਨ ਹੋਣਾ ਵੀ ਜਰੂਰੀ ਦਸਿਆ। ਇਸ ਲਈ ਭਗਤੀ ਦੇ ਨਾਲ ਰਾਜਨੀਤੀ ਦੇ ਨਵੇਂ ਮੰਚ ਸ੍ਰੀ ਅਕਾਲ ਤੱਖਤ ਸਾਹਿਬ ਦੀ ਸਥਾਪਨਾ ਕਰਕੇ ਆਪਣੇ ਸ਼ਰਧਾਲੂਆਂ ਨੂੰ ਭਗਤੀ ਦੇ ਨਾਲ ਸ਼ਕਤੀ ਦੀ ਵਰਤੋਂ ਕਰਦਿਆਂ ਜੰਗ ਜੂ ਕਰਤਵਾਂ ਬਹਾਦਰੀ ਦੇ ਜੌਹਰਾਂ ਵਲ ਤੋਰਿਆ। ਜਿਸ ਦਾ ਸ਼ਿੱਖਰ ਪਹਿਲਾਂ ਹਿੰਦ ਦੀ ਚਾਦਰ ਨਾਲ ਸਨਮਾਨੇ ਜਾਂਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹਾਦਤ ਦੇਣ ਨੂੰ ਤਰਜੀਹ ਦਿਤੀ ਪਰ ਮੁਗਲੀ ਬਾਦਸ਼ਾਹ ਔਰੰਗਜੇਬ ਦੀ ਈਨ ਪ੍ਰਵਾਨ ਨਹੀਂ ਕੀਤੀ । ਦੱਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੀ ਇਕ ਲਾਸਾਨੀ ਮਿਸਾਲ ਬਣੇ ਜਿਨਾਂ ਨੇ ਆਪਣਾ ਸਾਰਾ ਸਰਬੰਸ ਆਪਣੇ ਛੋਟੇ ਛੋਟੇ ਮਾਸੂਮ ਬੱਚਿਆਂ ਸਮੇਤ ਦੇਸ਼ ਕੌਮ ਤੋਂ ਨਿ-ਛਾਵਰ ਕਰਵਾ ਦਿਤਾ। ਦਸਮ ਪਾਤਸ਼ਾਹ ਵਲੋਂ ਸ੍ਰੀ ਅਨੰਦਪੁਰਸ-ਾਹਿਬ ਵਿਖੇ ਖਾਲਸਾ ਪੰਥ ਸਾਜਨਾ ਕਰਨ ਤੋਂ ਬਾਅਦ ਜਬਰ ਜੁਲਮ ਵਿਰੁੱਧ ਬਹਾਦਰੀ ਨਾਲ ਲੜ੍ਹਣ ਦਾ ਸਿੱਖ ਕੌਮ ਦਾ ਲਹੂ ਰੰਗਾ ਇਤਿਹਾਸ ਅਰੰਭ ਹੁੰਦਾ ਹੈ। ਜਿਸ ਨੇ ਇੰਨੀਆਂ ਕੁਰਬਾ-ਨੀਆਂ ਦਿੱਤੀਆਂ ਕਿ ਸਾਰਾ ਸੰਸਾਰ ਸਿੱਖ ਕੌਮ ਦੀ ਬਹਾਦਰੀ ਦਾ ਹੁਣ ਤਕ ਲੋਹਾ ਮੰਨਦਾ ਆ ਰਿਹਾ ਹੈ। ਇਸੇ ਕੌਮ ਨੇ ਮੁਗਲਾਂ ਦਾ ਰਾਜ , ਅੰਗਰੇਜਾਂ ਦਾ ਰਾਜ, ਆਪਣੀਆਂ ਮਿਸਾਲੀ ਸ਼ਹਾਦਤਾਂ ਦੇ ਕੇ ਉਨਾਂ ਜੁਲਮੀ ਰਾਜਾਂ ਦਾ ਸਦਾ ਸਦਾ ਲਈ ਭੋਗ ਪਾ ਕੇ ਦੇਸ਼ ਨੂੰ ਅਜਾਦ ਕਰਾਇਆ ।ਗੁਰੂ ਸਾਹਿਬਾਨ ਵਲੋਂ ਦਿੱਤਾ ਫੱਲਸਫਾ ਜਿਥੇ ਅਨਿਆਂ ਤੇ ਬੇਇਨਸਾਫੀ ਵਿਰੁੱਧ ਲੜ੍ਹਣ ਦਾ ਸੰਦੇਸ਼ਾ ਦੇਂਦਾ ਹੈ ਉਥੇ ਹਰੇਕ ਦੀ ਦੁੱਖ ਸੁੱਖ ਵਿਚ ਮਦੱਦ ਕਰਨ ਦੇ ਨਾਲ ਸਾਂਝੀਵਾਲਤਾ ਦਾ ਵੀ ਪ੍ਰਤੀਕ ਹੈ । ਗੁਰੂ ਸਾਹਿਬ ਦੀ ਸੋਚ ਮੁਤਾਬਿਕ ਇਸ ਕੌਮ ਦੇ ਮਨ ਵਿੱਚ ਕਦੀ ਵੀ ਇਹ ਖਿਆਲ ਨਹੀਂ ਆਇਆ ਕਿ ਇਸ ਨੇ ਸਿਰਫ ਤੇ ਸਿਰਫ ਆਪਣੀ ਕੋਮ ਜਾਂ ਧਰਮ ਦੇ ਲੋਕਾਂ ਦੀ ਹੀ ਮੁਸ਼ਕਲ ਦੀ ਘੜ੍ਹੀ ਵਿੱਚ ਮਦਦ ਕਰਨੀ ਹੈ । ਇਸ ਦੀ ਮਿਸਾਲੀ ਉਦਾਹਰਣ ਖਾਲਸਾ ਏਡ ਦੀ ਹੈ । ਜਿਸ ਦੇ ਆਗੂ ਸ੍ਰ ਰਵੀ ਸਿੰਘ ਅਤੇ ਉਨਾਂ ਦੇ ਸਹਿਯੋਗੀ ਸੰਸਾਰ ਦੇ ਹਰ ਕੋਨੇ ਵਿਚ ਮਦਦ ਲਈ ਲੋਕਾਂ ਕੋਲ ਬਹੁੜਦੇ ਹਨ। ਭਾਵੇਂ ਉਹ ਸੋਕੇ ਦਾ ਸ਼ਿਕਾਰ ਹਨ, ਜਾਂ ਭੁੱਖਮਰੀ ਜਾਂ ਫਿਰ ਜੰਗਾਂ ਯੁੱਧਾਂ ਮੌਕੇ ਨਸਲੀ ਵਿਤਕਰੇ ਦਾ ਸ਼ਿਕਾਰ ਹੋਏ ਹੁੰਦੇ ਹਨ। ਕਿਧਰੇ ਹੱੜ੍ਹ, ਤੂਫਾਨ, ਭੁੱਚਾਲ ਜਾਂ ਹੋਰ ਕੋਈ ਆਫਤਾਂ ਆਈਆਂ ਹੋਣ, ਝੱਟ ਖਾਲਸਾ ਏਡ ਦੇ ਮੈਂਬਰ ਬਿਨਾ ਜਾਣੇ ਕਿ ਇਹ ਕਿਹੜਾ ਦੇਸ਼ ਹੈ, ਉਸ ਦਾ ਕੀ ਧਰਮ ਹੈ, ਉਥੋਂ ਦੀ ਬੋਲੀ ਭਾਵੇਂ ਸਮਝ ਆਵੇ ਜਾਂ ਨਾ, ਬੰਬਾਂ ਗੋਲਿਆਂ ਦੇ ਵਰ੍ਹਦੇ ਮੀਂਹ ਵਿੱਚ ਆਪਣੇ ਜੀਵਨ ਦੀ ਪ੍ਰਵਾਹ ਤਕ ਨਾ ਕਰਦੇ ਹੋਏ ਝਟ ਹੋਰਨਾ ਲੋਕਾਂ ਦੀ ਸਹਾਇਤਾ ਕਰਨ ਲਈ ਮੋਹਰਲੀ ਕਤਾਰ ਵਿਚ ਜਾ ਖੜੋਂਦੇ ਹਨ । ਹੁਣੇ ਹੀ ਕਰੋਨਾ ਦੀ ਮਾਰ ਹੇਠ ਆਏ ਲੋਕ ਜਾਂ ਦੇਸ਼ ਦੇ ਹੋਰ ਪ੍ਰਾਂਤਾਂ ਦੇ ਵਿਦਿਆਰਥੀ ਲੜਕੇ ਲੜਕੀਆਂ ਜੋ ਮਜਬੂਰੀਆਂ ਕਾਰਨ ਆਪਣੇ ਘਰ ਨਹੀਂ ਸੀ ਪੁੱਜ ਸਕਦੇ ਤਾਂ ਸਿੱਖ ਧਰਮ ਨਾਲ ਸਬੰਧਤ ਕਈ ਜਥੇਬੰਦੀਆਂ ਦੇ ਮੈਂਬਰਾਂ ਨੇ ਆਪਣੇ ਖਰਚਿਆਂ ਤੇ ਜੰਮੂ ਕਸਮੀਰ ਤਕ ਉਨਾਂ ਨੂੰ ਹਵਾਈ ਜਹਾਜਾਂ ਤੇ ਬੱਸਾਂ ਰਾਹੀਂ ਘਰੋ ਘਰੀ ਪਹੁੰਚਾਇਆ। ਪ੍ਰਵਾਸੀ ਮਜਦੂਰਾਂ ਜਿਹਨਾਂ ਦਾ ਕਰੋਨਾ ਬਿਮਾਰੀ ਕਾਰਨ ਲਗੇ ਕਰਫਿਊ ਤੇ ਲਾਕ ਡਾਊਨ ਕਾਰਨ ਰੁਜਗਾਰ ਖੁੱਸ ਗਏ ਸਨ ਤੇ ਸਮੇਂ ਦੀ ਸਰਕਾਰ ਜਿਹੜੀ ਆਪਣੇ ਆਪ ਨੂੰ ਹਿੰਦੂ ਧਰਮ ਦੀ ਰਖਵਾਲੀ ਹੋਣ ਦੀ ਦੁਹਾਈ ਪਾਉਂਦੀ ਨਹੀਂ ਥਕਦੀ। ਉਹ ਹਜਾਰਾਂ ਕਰੋੜ੍ਹ ਰੁਪਏ ਕਰੋਨਾ ਬਿਮਾਰੀ ਦੇ ਨਾਂ ਤੇ ਇਕ ਪ੍ਰਾਈਵੇਟ ਪੀ ਐਮ ਕੇਅਰ ਫੰਡ ਦੇ ਖਾਤੇ ਵਿੱਚ ਇਕੱਠਾ ਕਰਕੇ ਵੀ ਲੋਕਾਂ ਨੂੰ ਆਪਣੇ ਆਪਣੇ ਪ੍ਰਾਂਤਾਂ ਵਿੱਚਲੇ ਘਰਾਂ ਵਿੱਚ ਪਹੁੰਚਾਉਣ ਦੀ ਬਜਾਏ ਮੂਕ ਦਰਸ਼ਕ ਬਣ ਕੇ ਵੇਖਦੀ ਰਹੀ। ਉਨਾਂ ਨੂੰ ਆਪੋ ਆਪਣੇ ਘਰਾਂ ਵਿੱਚ ਪਹੁੰਚਾਉਣ ਵਿੱਚ ਬੁਰੀ ਤਰਾਂ ਅਸਫਲ ਰਹਿਣ ਕਾਰਨ ਉਹ ਲੋਕ ਭੁੱਖਣ ਭਾਣੇ ਹੀ ਅੰਤਾਂ ਦੀਆਂ ਮਾੜੀਆਂ ਹਾਲਤਾਂ ਵਿੱਚ ਆਪਣੇ ਘਰਾਂ ਜੋ ਦੇਸ਼ ਦੇ ਹੋਰ ਪ੍ਰਾਂਤਾਂ ਵਿੱਚ ਸੈਂਕੜੇ ,ਹਜਾਰਾਂ ਮੀਲ ਦੂਰ ਸਨ ਪੈਦਲ ਜਾਣੇ ਸ਼ੁਰੂ ਹੋ ਗਏ ਜਿਨਾਂ ਵਿਚੋਂ ਕਈ ਆਪਣੇ ਘਰਾਂ ਵਿੱਚ ਪੁੱਜਣ ਤੋਂ ਪਹਿਲਾਂ ਰਸਤੇ ਵਿੱਚ ਹੀ ਰੱਬ ਨੂੰ ਪਿਆਰੇ ਹੋ ਗਏ, ਪਰ ਇਸ ਧਰਮ ਦਾ ਰੌਲਾ ਪਾਉਣ ਵਾਲੀ ਸਰਕਾਰ ਨੂੰ ਇਨਾਂ ਹਿੰਦੂਆਂ ਤੇ ਤਰਸ ਨਾ ਆਇਆ ।ਇਸ ਸਮੇਂ ਵੀ ਉਹੋ ਸਿੱਖ ਧਰਮ ਨਾਲ ਸਬੰਧਤ ਲੋਕਾਂ ਜਿਨਾਂ ਨੂੰ ਦਿੱਲੀ ਦੇ ਕਤਲਿਆਮ ਵਿੱਚ ਇਸੇ ਰਾਜ ਕਰ ਰਹੀ ਪਾਰਟੀ ਦੇ ਕੱਟੜ੍ਹ ਰ ਸ ਸ ਦੇ ਆਗੂਆਂ ਨੇ ਕਾਂਗਰਸ ਨਾਲ ਭਿਆਲੀ ਪਾ ਕੇ ਕੋਹ ਕੋਹ ਕੇ ਮਾਰਿਆ ਸੀ। ਉਹ ਆਪਣੇ ਸਾਰੇ ਦੁੱਖਾਂ ਦਰਦਾਂ ਸਭ ਕੁਝ ਨੂੰ ਭੁੱਲ ਭੁੱਲਾ ਕੇ ਗੁਰੂ ਸਾਹਿਬਾਨ ਦੇ ਸੰਦੇਸ਼ ਮੁਤਾਬਿਕ ਇਸੇ ਸਿੱਖ ਧਰਮ ਦੇ ਲੋਕ ਫਿਰ ਮੈਦਾਨ ਵਿੱਚ ਨਿੱਤਰੇ । ਉਨਾਂ ਨੇ ਦੇਸ਼ ਵਿੱਚ ਥਾਂ ਥਾਂ ਤੇ ਆਪਣੇ ਘਰਾਂ ਨੂੰ ਜਾ ਰਹੇ ਪਰਵਾਸੀਆਂ ਲਈ ਲੰਗਰ ਲਗਾ ਦਿੱਤੇ, ਤੱਪਦੀ ਗਰਮੀ ਵਿਚ ਨੰਗੇ ਪੈਰੀਂ ਜਾਦਿਆਂ ਪਰਵਾਸੀ ਲੋਕਾਂ ਨੂੰ ਪੈਰਾਂ ਵਿੱਚ ਜੁੱਤੀਆਂ ਹੀ ਨਹੀਂ ਪੁਆਈਆਂ ਬਲਕਿ ਜਿਥੇ ਕਿਥੇ ਵੀ ਮਹਿਸੂਸ ਕੀਤਾ ਉਨਾਂ ਦੀਆਂ ਹੋਰ ਜਰੂਰੀ ਗਰਜਾਂ ਨੂੰ ਵੀ ਪੈਸੇ, ਕਪੜੇ ਆਦਿ ਚੀਜਾਂ ਦੇ ਕੇ ਪੂਰਾ ਕੀਤਾ ਤਾਂ ਕਿ ਉਹ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ ਭੁੱਖਣ ਭਾਣੇ ਤੇ ਔਖੇ ਹੋ ਕੇ ਨਾ ਜਾਣ ।ਜਿਹੜਾ ਕਿ ਇਸ ਸਮੇਂ ਰਾਜ ਕਰ ਰਹੀ ਸਰਕਾਰ ਲਈ ਹੋਰ ਵੱਡੀ ਲਾਹਨੱਤ ਵਾਲੀ ਕਿਹੜੀ ਗੱਲ ਹੋ ਸਕਦੀ ਹੈ? ਅੱਸਲ ਵਿਚ ਇਸ ਫਿਰਕਾਪ੍ਰਸਤ ਭਾਰਤੀ ਜੰਨਤਾ ਪਾਰਟੀ ਦੀ ਸਰਕਾਰ ਨੂੰ 'ਹਿੰਦੂ', 'ਮੁਸਲਿਮ' ਏਜੰਡੇ ਤੋਂ ਵਿਹਲ ਹੀ ਨਹੀਂ ਮਿਲ ਰਹੀ ।ਸਿੱਖ ਕੌਮ ਵਲੋਂ ਇਤਨਾ ਕੁਝ ਕਰਨ ਦੇ ਨਾਲ ਨਾਲ ਮੈਂ ਇਹ ਗੱਲ ਕਰਨੀ ਵੀ ਜਰੂਰ ਚਾਹੁੰਦਾ ਹਾਂ। ਸਿੱਖ ਧਰਮ ਜਿਹੜਾ ਕਿ ਭਾਰਤ ਵਿੱਚ ਸ਼ਾਇਦ ਗਿਣਤੀ ਵਿੱਚ 2% ਵੀ ਨਹੀਂ ਹੋਵੇਗਾ । ਪਰ ਇਸ ਦੀਆਂ ਦੇਸ਼ ਲਈ ਵੱਡੀਆ ਦੇਣਾਂ ਹਨ ਸਿੱਖਾਂ ਵਲੋਂ ਇਨਕਮ ਟੈਕਸ ਦੇਣ, ਦਾਨ ਕਰਨ, ਦੇਸ਼ ਦੀ ਰੱਖਿਆ ਕਰਨ ਵਿੱਚ ਇਸ ਧਰਮ ਦੇ ਲੋਕਾਂ ਦਾ ਹੁਣ ਤਕ ਹੋਰ ਕੋਈ ਸਾਨੀ ਨਹੀਂ ਬਣ ਸਕਿਆ। ਇਸ ਧਰਮ ਦੇ ਆਗੂਆਂ ਨੂੰ ਆਪਣੇ ਧਰਮ ਦੇ ਲੋਕਾਂ ਦੀ ਹੋਰ ਲੋਕਾਂ ਦੇ ਨਾਲ ਨਾਲ ਵੀ ਸਾਰ ਲੈਣੀ ਚਾਹੀਦੀ ਹੈ। ਇਸ ਮੌਕੇ ਜਿਹੜੇ ਸਿੱਖ ਆਗੂ ਸਿਆਸਤ ਜਾਂ ਗੁਰਦੁਆਰੇ ਦੇ ਪ੍ਰਬੰਧਾਂ ਵਿੱਚ ਭਾਰੂ ਹਨ ਇਹ ਸਿਖਰਾਂ ਦੇ ਲਾਲਚੀ, ਗੱਦੀ ਦੇ ਭੁੱਖੇ ਸੰਸਾਰ ਦੇ ਵੱਡੇ ਧਨਾਢ ਬਣਨ ਦੀ ਸੋਚ ਰਖਣ ਵਾਲੇ ਹਨ । ਜਿਸ ਪੰਥਕ ਸਰਕਾਰ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀ ਸਭ ਕੁਝ ਜਾਣਦੇ ਹੋਏ ਨਹੀਂ ਲਭੇ, ਕਿ ਕਿਧਰੇ ਵੋਟਾਂ ਨਾ ਮਿਲਣ ਕਾਰਨ ਗੱਦੀ ਨਾ ਖੁੱਸ ਜਾਵੇ। ਇਹੋ ਜਿਹੇ ਆਗੂਆਂ ਕੋਲੋਂ ਚੰਗੇ ਦੀ ਆਸ ਨਹੀਂ ਕੀਤੀ ਜਾ ਸਕਦੀ ।ਇਸੇ ਕਾਰਨ ਇਨਾਂ ਆਗੂਆਂ ਕੋਲ ਹੁਣ ਤਕ ਅਤਿਵਾਦ ਦੇ ਦੌਰ ਵਿੱਚ ਮਾਰੇ ਗਏ ਬੇਦੋਸ਼ੇ ਨੌਜੁਆਨਾ ਦੀ ਨਾਂ ਤਾਂ ਕੋਈ ਜਾਣਕਾਰੀ ਹੈ, ਨਾ ਹੀ ਕੋਈ ਲਿਸਟ ਕਿ ਵੱਖ ਵੱਖ ਸਮੇ ਝੁੱਲੀਆਂ ਸਿੱਖ ਮਾਰੂ ਹਨੇਰੀਆਂ ਵਿੱਚ ਕਿਤਨੇ ਸਿੱਖ ਨੌਜੁਆਨ ਮਾਰੇ ਗਏ ਹਨ, ਉਨਾਂ ਦੇ ਕੀ ਅਤੇ ਪਤੇ ਹਨ? ਇਨਾਂ ਨੇ ਉਨਾਂ ਦੇ ਬਜੁਰਗ ਮਾਪਿਆਂ ਦੀ ਸਾਰ ਤਕ ਨਹੀਂ ਲਈ, ਸ੍ਰੀ ਦਰਬਾਰ ਸਾਹਿਬ ਦੇ ਹਮਲੇ ਦੌਰਾਨ ਕਿੰਨੇ ਸਿੱਖ ਫੌਜੀ ਬੈਰਕਾਂ ਛੱਡ ਕੇ ਆਏ ਉਨਾ ਦੇ ਪ੍ਰੀਵਾਰਾਂ ਦੀ ਸਹੂਲਤ ਕਰਨ ਤੇ ਵਸੇਬੇ ਲਈ ਕੁਝ ਨਹੀਂ ਕੀਤਾ। ਇਹ ਹੀ ਹਾਲ ਦਿੱਲੀ ਕਤਲਿਆਮ ਵਿਚ ਵਿਧਵਾ ਹੋਈਆਂ ਔਰਤਾਂ ਦਾ ਹੈ। ਇਨਾਂ ਕੋਲ ਤਾਂ ਇਹ ਵੀ ਅੰਕੜ੍ਹੇ ਨਹੀਂ ਕਿ ਕਿੰਨੇ ਲੋਕ ਸਾਰੇ ਭਾਰਤ ਵਿਚ ਸਿੱਖ ਕਤਲਿਆਮ ਦਾ ਸ਼ਿਕਾਰ ਹੋਏ ।ਹੁਣੇ ਹੀ ਪਾਕਿਸਤਾਨ ਵਿੱਚ 20 ਗਰੀਬ ਅਫਗਾਨੀ ਸਿੱਖ ਇਕ ਰੇਲ ਹਾਦਸੇ ਵਿਚ ਮਾਰੇ ਗਏ ਹਨ ਪਰ ਸਾਡੇ ਧਾਰਮਿਕ ਆਗੂਆ ਚਾਹੇ ਭਾਰਤ ਵਿੱਚ ਸਿੱਖਾਂ ਦੀ ਤਰਜਮਾਨੀ ਕਰਨ ਵਾਲੇ ਆਗੂ ਹਨ ਜਾਂ ਫਿਰ ਦਿੱਲੀ ਪ੍ਰਦੇਸ਼ ਦੇ ਹਨ ਇਹਨਾਂ ਨੇ ਸਿਵਾਏ ਨਿਗੁਣੀ ਜਿਹੀ ਮਦੱਦ ਕਰਨ ਤੋਂ ਬਿਨਾਂ ਅਖਬਾਰੀ ਬਿਆਨਾਂ ਵਿੱਚ ਬੁੱਲ ਹਮਦਰਦੀ ਕਰਨ ਤੋਂ ਅੱਗੇ ਕੁਝ ਨਹੀਂ ਕੀਤਾ । ਦੇਸ਼ ਵਿਚ ਅਜਾਦੀ ਤੋਂ ਬਾਅਦ ਉਜੱੜ੍ਹ ਕੇ ਆਏ ਸਿੱਖ ਰੀਫੀਊਜੀਆਂ ਤੇ ਹੋਰ ਪੰਜਾਬੀ ਕਿਸਾਨਾਂ ਨੂੰ ਯੂ ਪੀ, ਰਾਜਿਸਥਾਨ, ਉਤਰਾ ਖੰਡ, ਮਹਾਂਰਾਸ਼ਟਰ, ਆਦਿ ਪ੍ਰਾਂਤਾਂ ਵਿੱਚ ਜਿਥੇ ਬੰਜਰ ਜਮੀਨਾਂ ਸਨ ਉਨਾਂ ਨੂੰ ਅਬਾਦ ਕਰਨ ਦੀ ਲੋੜ੍ਹ ਸੀ ਤਾਂ ਉਸ ਸਮੇਂ ਦੇ ਪ੍ਰਧਾਨ ਮੰਤਰੀਆਂ ਨੇ ਜਮੀਨਾਂ ਅਲਾਟ ਕਰਕੇ ਉਨਾਂ ਨੂੰ ਅਬਾਦ ਕਰਨ ਲਈ ਭੇਜਿਆ। ਸਖਤ ਮਿਹਨਤਾਂ ਕਰਨ ਉਪਰੰਤ ਜਦੋਂ ਇਹ ਜਮੀਨਾਂ ਅਬਾਦ ਹੋ ਗਈਆਂ ।ਹੁਣ ਇਨਾਂ ਜਮੀਨਾਂ ਤੋਂ ਹਜਾਰਾਂ ਸਿੱਖ ਕਿਸਾਨਾਂ ਨੂੰ ਉਜਾੜਿਆ ਜਾ ਰਿਹਾ ਹੈ , ਅੱਜ ਕਲ ਫਿਰ ਬੇਦੋਸ਼ੇ ਨੌਜੁਆਨਾਂ ਤੇ 2020 ਦੇ ਝੂਠੇ ਦੋਸ਼ ਲਗਾ ਕੇ ਧੜਾ ਧੜ ਸੰਗੀਨ ਦੋਸ਼ਾਂ ਤਹਿਤ ਮੁਕੱਦਮੇ ਦਰਜ ਕੀਤੇ ਜਾ ਰਹੇ ਹਨ ਕਿ ਕੋਈ ਨਾ ਕੋਈ ਬਹਾਨਾ ਘੜ੍ਹ ਕੇ ਅਤਿਵਾਦ ਦੇ ਦੌਰ ਵਾਂਗ ਸਿੱਖ ਨੌਜੁਆਨਾਂ ਨੂੰ ਫਿਰ ਖਤਮ ਕੀਤਾ ਜਾ ਸਕੇ। ਸਾਡੇ ਸਿੱਖ ਆਗੂ ਭਾਰਤੀ ਜੰਨਤਾ ਪਾਰਟੀ ਦੀ ਗੱਦੀਆਂ ਲੈ ਕੇ ਭਿਆਲ ਜਰੂਰ ਹਨ। ਪਰ ਉਨਾਂ ਦੇ ਮੂੰਹ ਵਿੱਚੋਂ ਹਾਲੇ ਤਕ ਹਮਦਰਦੀ ਦਾ ਇਕ ਲਫਜ ਨਹੀਂ ਨਿਕਲਿਆਂ। ਕੀ ਇਨਾਂ ਆਗੂਆਂ ਦੀ ਜਿੰਮੇਵਾਰੀ ਨਹੀਂ ਕਿ ਸਰਕਾਰ ਨੂੰ ਕਹਿਣ ਕੇ ਜੇ ਕਰ ਉਹ ਸਿੱਖਾਂ ਤੇ ਜੁਲਮ ਬੰਦ ਨਹੀਂ ਕਰਨਗੇ ਤਾਂ ਇਸ ਪਾਰਟੀ ਨੂੰ ਜੁਲਮ ਦੇ ਖਿਲਾਫ ਵੱਡੀ ਜਦੋਜਹਿਦ ਕਰਨ ਲਈ ਮਜਬੂਰ ਹੋਣਾ ਪਵੇਗਾ। ਪਰ ਸਾਡੇ ਸਿੱਖ ਆਗੂ ਜਿਹੜੇ ਇਸ ਸਮੇਂ ਸਿੱਖ ਸਿਆਸਤ ਤੇ ਗੁਰਦੁਆਰਿਆਂ ਵਿੱਚ ਬਿਰਾਜਮਾਨ ਹਨ ਸਿਵਾਏ ਅਖਬਾਰੀ ਬਿਆਨਾਂ, ਵਫਦ ਭੇਜਣ ਤੋਂ ਹੋਰ ਕੁਝ ਨਹੀਂ ਕਰ ਰਹੇ ।ਜਿਸ ਕਾਰਨ ਸਿੱਖਾਂ ਦਾ ਕੋਈ ਵੀ ਮੱਸਲਾ ਹੱਲ ਨਹੀਂ ਹੋ ਰਿਹਾ । ਇਸ ਤੋਂ ਹੋਰ ਭੈੜੀ ਕਿਹੜੀ ਗੱਲ ਹੋ ਸਕਦੀ ਹੈ ਕਿ ਕੇਂਦਰੀ ਸਰਕਾਰ ਵਿਚ ਭਿਆਲ ਹੋਣ ਦੇ ਬਾਵਜੂਦ ਇਨਾਂ ਦੇ ਬੁੱਲ ਸੀਤੇ ਹੋਏ ਹਨ ਕਿ ਕੇਂਦਰ ਦੀ ਸਰਕਾਰ ਨੂੰ ਜੋਰ ਤੇ ਦਬਾਅ ਪਾਉਣ ਤੇ ਕਹਿਣ ਨਾਲ ਕਿਧਰੇ ਉਨਾਂ ਦੀ ਗੱਦੀ ਨਾ ਖੁੱਸ ਜਾਵੇ। ਸਾਡੇ ਲੋਕਾਂ ਦੀਆਂ ਵੋਟਾਂ ਨਾਲ ਜਿੱਤੇ ਇਨਾਂ ਅਖੌਤੀ ਸਿੱਖ ਆਗੂਆਂ ਨੂੰ ਲੋਕ ਨਹੀਂ ਆਪਣੀ ਗੱਦੀ ਪਿਆਰੀ ਹੈ। ਇਨਾਂ ਨੂੰ ਤਾਂ ਉਮੋਦੀ ਭਗਤੀ ਉਕਰਨ ਤੋਂ ਹੀ ਵਿਹਲ ਨਹੀਂ ਮਿਲਦੀ। ਕਈ ਆਗੂਆਂ ਦਾ ਤਾਂ ਇਹ ਵੀ ਪਤਾ ਨਹੀਂ ਲਗਦਾ ਕਿ ਉਹ ਸਿੱਖ ਆਗੂ ਹਨ ਜਾਂ ਫਿਰ ਕਟੱੜ੍ਹ ਹਿੰਦੂ ਜਥੇਬੰਦੀ ਭਾਰਤੀ ਜਨਤਾ ਪਾਰਟੀ ਦੇ ਆਗੂ ਹਨ! ਉਹ ਸਿੱਖਾਂ ਵਿੱਚ ਸਿੱਖਾਂ ਦੇ ਆਗੂ ਬਣੇ ਹੋਏ ਹਨ ਤੇ ਭਾਰਤੀ ਜੰਨਤਾ ਪਾਰਟੀ ਵਿਚ ਇਸ ਕਟੜ੍ਹ ਹਿੰਦੂ ਜਥੇਬੰਦੀ ਦੇ ਆਗੂ ਹਨ। ਫਿਰ ਇਨਾਂ ਕੋਲੋਂ ਆਸ ਵੀ ਕੀ ਰਖੀ ਜਾ ਸਕਦੀ ਹੈ ? ਇਸ ਸਮੇਂ ਸਾਰੇ ਹੀ ਵਪਾਰੀ ਕਿਸਮ ਦੇ ਆਗੂ ਸਿੱਖ ਸਿਆਸਤ ਤੇ ਗੁਰਦੁਆਰਿਆਂ ਵਿੱਚ ਛਾਏ ਹੋਏ ਹਨ। ਉਹਨਾਂ ਦਾ ਨਿਸ਼ਾਨਾ ਰਾਜਨੀਤੀ ਰਾਹੀਂ ਆਪਣੇ ਵਿਉਪਾਰ ਨੂੰ ਚਮਕਾ ਕੇ ਧਨਾਢ ਬਣਨਾ ਹੈ। ਇਹੋ ਜਿਹੀਆ ਬੜੀਆ ਹੋਰ ਘਟਨਾਵਾਂ ਹਨ ਜਿਥੇ ਸਿੱਖ ਆਗੂਆਂ ਨੂੰ ਜਿੰਮੇਵਾਰੀ ਨਿਭਾਉਣ ਦੀ ਲੋੜ੍ਹ ਸੀ ਪਰ ਇਨਾਂ ਨੇ ਫਰਜਾਂ ਦੀ ਕੁਤਾਹੀ ਕੀਤੀ ਹੈ। ਅੱਜ ਸਿੱਖ ਕੌਮ ਦੀ ਵੱਡੀ ਲੋੜ੍ਹ ਹੈ ਕਿ ਆਪਣੀ ਚੰਗੀ ਤੇ ਸੱਚੀ ਸੁੱਚੀ ਸੁਹਿਰੱਦ ਤੇ ਸਿੱਖ ਜਗਤ ਨੂੰ ਸਮਰਪਿਤ ਲੀਡਰਸ਼ਿਪ ਦਾ ਨਿਰਮਾਣ ਕਰੇ ਜੋ ਸੁਆਰਥੀ ਨਾ ਹੋ ਕੇ ਸਿੱਖ ਧਰਮ ਲਈ ਪੂਰੀ ਤਰਾਂ ਸਮਰਪਿਤ ਹੋਵੇ। ਜੋ ਸਾਡੇ ਲੋਕਾਂ ਦੀ ਹਰ ਔਖ ਸੌਖ ਵਿੱਚ ਸਹਾਈ ਹੋਵੇ। ਅਸੀ ਆਪਣੇ ਬੱਚਿਆਂ ਨੂੰ ਵੱਧੀਆ ਤੇ ਘੱਟ ਖਰਚੇ ਵਾਲੇ ਸਕੂਲ ਖੋਹਲ ਕੇ ਜੇ ਪੜਾਈ ਨਹੀਂ ਕਰਵਾ ਸਕਦੇ, ਅੱਜ ਸਾਡੇ ਕੋਲ ਮੁੱਫਤ ਜਾਂ ਘੱਟ ਖਰਚੇ ਤੇ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਾਲੇ ਹਸਪਤਾਲ ਨਹੀਂ ।ਜਿਹੜੇ ਵੀ ਸਕੂਲ ਜਾਂ ਹਸਪਤਾਲ ਸਾਡੀ ਸ਼੍ਰੋਮਣੀ ਕਮੇਟੀ ਨੇ ਸਥਾਪਿਤ ਕੀਤੇ ਹਨ ਉਹ ਸਿਵਾਏ ਲੋਕਾਂ ਦੀ ਲੁੱਟ ਕਰਨ ਤੋਂ ਵੱਧ ਹੋਰ ਕੁਝ ਨਹੀਂ । ਸਾਡੇ ਧਰਮ ਦੇ ਲੋਕ ਦਿਨ ਬ ਦਿਨ ਉਨਾਂ ਦੀ ਦੇਖ ਭਾਲ ਕਰਨ ਵਿੱਚ ਕੋਈ ਸਹਾਈ ਨਾ ਹੋਣ ਕਾਰਨ ,ਉਹ ਇਸਾਈ ਬਣ ਰਹੇ ਹਨ, ਕਦੀ ਸਿੱਖ ਧਰਮ ਦੇ ਲੋਕਾਂ ਨੇ ਸੋਚਿਆ ਕਿ ਉਹ ਇਸ ਤਰਾਂ ਕਿਉਂ ਕਰ ਰਹੇ ਹਨ? ਮਤਲੱਬ ਸਪਸ਼ਟ ਹੈ ਕਿ ਈਸਾਈ ਧਰਮ ਦੇ ਲੋਕ ਆਪਣੇ ਧਰਮ ਦੇ ਲੋਕਾਂ ਦੀ ਹਰ ਦੁੱਖ, ਸੁੱਖ, ਲੋੜ੍ਹ ਸਮੇਂ ਵੱਧ ਤੋਂ ਵੱਧ ਮਦੱਦ ਕਰਕੇ ਸਹਾਈ ਹੁੰਦੇ ਹਨ, ਕਿਉਂ ਨਾ ਫਿਰ ਆਰਥਕ ਮੰਦਹਾਲੀਆਂ ਤੇ ਹੋਰ ਕਸ਼ਟਾਂ ਵਿੱਚ ਘਿਰੇ ਲੋਕ ਜਦੋਂ ਉਸ ਧਰਮ ਦੇ ਲੋਕ ਦੁੱਖਾਂ ਵਿੱਚ ਸਹਾਈ ਨਾ ਹੋਣ ਤਾਂ ਫਿਰ ਉਹ ਈਸਾਈ ਧਰਮ ਵਿੱਚ ਸ਼ਾਮਲ ਕਿਉਂ ਨਾ ਹੋਣਗੇ! ਇਹ ਗੱਲ ਇਸ ਵਲ ਇਸ਼ਾਰਾ ਕਰ ਰਹੀ ਹੈ ਕਿ ਸਾਡੀ ਕੌਮ ਦੇ ਲੋਕਾਂ ਨੇ ਕਦੇ ਵੀ ਆਪਣੇ ਲੋਕਾਂ ਦੀ ਸਾਰ ਨਹੀਂ ਲਈ। ਅਸੀ ਗੁਰਦੁਆਰਿਆਂ ਤੇ ਸੋਨਾ ਮੜ੍ਹਣ , ਰੱਜਿਆਂ ਨੂੰ ਧੱੜਾ ਧੱੜ ਵੰਨ ਸੁਵੰਨੇ ਪਦਾਰਥਾਂ ਦੇ ਲੰਗਰ ਲਗਾ ਕੇ ਹੋਰ ਰੱਜਾ ਤਾਂ ਸਕਦੇ ਹਾਂ ਪਰ ਆਪਣੇ ਲੋੜ੍ਹਵੰਦ ਲੋਕਾਂ ਵਲ ਵੇਖਣ ਦਾ ਰੱਤੀ ਭਰ ਧਿਆਨ ਨਹੀਂ। ਇਹ ਸਭ ਕੁਝ ਕਹਿਣ ਦਾ ਇਹ ਮਤਲੱਬ ਨਹੀਂ ਕਿ ਅਸੀਂ ਗੁਰੂ ਸਾਹਿਬਾਨ ਦੇ ਫਲਸਫੇ ਤੇ ਨਾ ਚਲੀਏ, ਮਕਸੱਦ ਤਾਂ ਇਹ ਹੈ ਕਿ ਸਾਨੂੰ ਆਪਣੇ ਲੋਕਾਂ ਦੀ ਵੀ ਨਾਲ ਨਾਲ ਸਾਰ ਲੈਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਸਾਡੀ ਸਿੱਖ ਕੌਮ ਦਾ ਹੋਰ ਮਾਣ ਵੱਧੇਗਾ। ਇਹ ਤਾਂ ਹੀ ਸੰਭਵ ਹੋ ਸਕੇਗਾ ਜੇ ਕਰ ਸਾਡੀ ਲੀਡਰਸ਼ਿਪ ਸੁਹਿਰਦ ਹੈ। ਸਾਡੀ ਕੌਮ ਦੇ ਆਗੂਆਂ ਦੀ ਹਾਲਤ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਜੋ ਗਦਾਰਾਂ ਡੋਗਰਿਆਂ ਨੇ ਕਰ ਦਿਤੀ ਸੀ ਉਹ ਹੀ ਹਾਲਤ ਇਸ ਸਮੇਂ ਕੇਂਦਰ ਰਾਜ ਕਰ ਰਹੀ ਪਾਰਟੀ ਜਿਸ ਨੇ ਸਿੱਖ ਲਿਬਾਸ ਪਾ ਕੇ ਤੇ ਰਾਸ਼ਟਰੀ ਸਿੱਖ ਸੰਗਤ ਬਣਾ ਕੇ ਸਾਡੇ ਵਿੱਚ ਵਾੜ੍ਹ ਰਖੇ ਹਨ। ਜਿਨਾਂ ਦਾ ਇਹ ਵੀ ਪਤਾ ਨਹੀਂ ਲਗਦਾ ਕਿ ਉਹ ਆਪਣੇ ਅਸਲ ਸਿੱਖ ਹਨ ਜਾਂ ਕਿ ਸਾਡੇ ਵਿੱਚ ਦੁਫੇੜ੍ਹਾਂ ਪਾਉਣ ਵਾਲੇ ਡੋਗਰੇ। ਇਸ ਲਈ ਇਨਾਂ ਸ਼ਰਾਰਤੀ ਕਿਸਮ ਦੇ ਗਦਾਰਾਂ ਤੋਂ ਬੱਚ ਕੇ ਸਮਝਦਾਰ ਤੇ ਸ਼ਾਂਤ ਕਿਸਮ ਦੀ ਲੀਡਰਸ਼ਿਪ ਸਿਰਜਨ ਦੀ ਜਰੂਰਤ ਹੈ । ਜੋ ਸਿੱਖ ਧਰਮ ਦੇ ਥਿੰਕ ਟੈਂਕ ਵਜੋਂ ਭੂਮਿਕਾ ਨਿਭਾਵੇ। ਇਸ ਲਈ ਸਿੱਖ ਧਰਮ ਨਾਲ ਹਿੱਤ ਰਖਣ ਵਾਲੇ ਚੇਤੰਨ ਸਾਰੇ ਸਿੱਖ ਇਕੱਠੇ ਹੋ ਕੇ, ਆਪਣੇ ਨਿੱਜੀ ਸੁਆਰਥ ਛੱਡ ਕੇ , ਸਿੱਖ ਕੌਮ ਨੂੰ ਇਸ ਮੁਸ਼ਕਲ ਦੀ ਘੜ੍ਹੀ ਵਿੱਚੋਂ ਕਢਣ ਲਈ ਚੰਗੀ ਲੀਡਰਸ਼ਿਪ ਦਾ ਨਿਰਮਾਣ ਕਰਨ।

## ਵਿੱਦਿਆ ਦਾ ਦਾਜ

ਭੁੱਖੇ ਦਾਜ ਦੇ ਜੋ ਬੰਦੇ ਜਹਾਨ ਅੰਦਰ,
ਹੁੰਦੇ ਕੌਮ ਦੇ ਉਹ ਗੱਦਾਰ ਮਾਹੀ।

ਮੂੰਹੋਂ ਬੋਲ ਕੇ ਦਾਜ ਨੇ ਜੋ ਮੰਗਦੇ,
ਗਏ-ਗੁਜ਼ਰੇ ਉਹ ਅੰਦਰ ਜਹਾਨ ਮਾਹੀ।

ਦਾਜ ਮੰਗਣ ਜੋ, ਮੁੰਡਿਆਂ ਦਾ ਮੁੱਲ ਪਾਉਂਦੇ,
ਜਿਵੇਂ ਹੁੰਦੇ ਨੇ ਵਿਚ ਬਾਜ਼ਾਰ ਮਾਹੀ।

ਜਿਹਨੇ ਧੀ ਦਿੱਤੀ ਪਿੱਛੇ ਕੀ ਰੱਖਿਆ,
ਘੋੜੇ ਖੋਲ੍ਹਣੇ ਤਾਂ ਰਹੇ ਮਾਂ-ਬਾਪ ਮਾਹੀ।

ਜੋ ਮੰਗੇ ਦਾਜ ਕਰੋ ਉਹਦਾ ਮੂੰਹ ਕਾਲਾ,
ਤੇ ਗੱਲ ਪਾਓ ਛਿੱਤਰਾਂ ਦਾ ਹਾਰ ਮਾਹੀ।

ਕਰੋ ਪ੍ਰਣ ਅੱਜ ਤੋਂ ਨਹੀਂ ਦਾਜ ਲੈਣਾ,
ਜੀਵਨ ਸਾਥੀ ਨੂੰ ਇਹੋ ਸੱਚਾ ਉਪਹਾਰ ਮਾਹੀ।

ਦਾਜ ਨਾਲੋਂ ਤਾਂ ਕੁੜੀਆਂ ਨੂੰ ਪੜ੍ਹਾ ਲਵੋ,
ਪੜ੍ਹਾਈ ਹੁੰਦੀ ਹੈ ਉਮਰਾਂ ਦਾ ਦਾਜ ਮਾਹੀ।

- ਸੁਰਿੰਦਰ ਕੁਮਾਰ ਮਾਹੀ
pawanmahi05161982@gmail.com



## ਸਿੱਖੀ ਵਿੱਚ ਲੰਗਰ ਦੀ ਪਰੰਪਰਾ ਬਨਾਮ ਦਾਨ?

(ਸਫਾ 16 ਦੀ ਬਾਕੀ)

ਕੰਮ ਪੁਰ 'ਗ੍ਰਹਿਣ' ਲਗ ਗਿਆ। ਇਸ ਦ੍ਰਿਸ਼ਟੀ ਤੋਂ ਇਸ ਪ੍ਰੋਗਰਾਮ 'ਦਿਲ ਸੇ ਸੇਵਾ' ਵਿੱਚ ਜਿਸ 'ਸੇਵਾ' ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੀ ਕੋਸ਼ਿਸ਼ ਕੀਤੀ ਗਈ, ਉਹ ਉਸ ਸਮੇਂ 'ਸੇਵਾ' ਨਾ ਰਹਿ ਕੇ 'ਸੌਦਾ' ਬਣ ਗਈ, ਜਦੋਂ ਇਸਦਾ ਪ੍ਰਚਾਰ ਕਰਦਿਆਂ ਇਸਦੇ ਬਦਲੇ 'ਦਾਨ' ਦੀ ਮੰਗ ਕਰ, ਕਰੋੜਾਂ ਰੁਪਏ ਇਕਠੇ ਕਰ ਲਏ ਗਏ, ਤਾਂ ਫਿਰ ਇਹ ਨਿਸ਼ਕਾਮ ਸੇਵਾ ਕਿਵੇਂ ਰਹਿ ਗਈ?

**ਅਤੇ ਅੰਤ ਵਿੱਚ:** ਦਾਨ ਬਨਾਮ ਹਉਮੈ :ਬੀਤੇ ਦਿਨੀਂ ਦਿਲੀ ਗੁਰਦੁਆਰਾ ਕਮੇਟੀ ਵਲੋਂ ਇੱਕ ਪ੍ਰੋਗਰਾਮ 'ਦਿਲ ਸੇ ਸੇਵਾ' ਇੱਕ ਟੀਵੀ ਚੈਨਲ ਤੇ ਸਪਾਂਸਰ ਕਰਵਾਇਆ ਗਿਆ, ਜਿਸਦਾ ਉਦੇਸ਼ ਕੋਰੋਨਾ ਵਾਇਰਸ ਦੌਰਾਨ ਉਸ ਵਲੋਂ ਲੋਕਾਂ ਦੀ ਲੰਗਰ ਰਾਹੀਂ ਕੀਤੀ ਗਈ ਅਤੇ ਕੀਤੀ ਜਾ ਰਹੀ 'ਸੇਵਾ' ਦੀ ਪ੍ਰਸੰਸਾ ਕਰ ਅਤੇ ਕਰਵਾ ਲੋਕਾਂ ਪਾਸੋਂ ਦਾਨ ਦੀ ਮੰਗ ਕਰਨਾ ਸੀ। ਇਸ ਵਿੱਚ ਕੋਈ ਸ਼ਕ ਨਹੀਂ ਕਿ ਇਸ ਉਦੇਸ਼ ਵਿੱਚ ਗੁਰਦੁਆਰਾ ਕਮੇਟੀ ਸਫਲ ਰਹੀ।

ਇਸ ਪ੍ਰੋਗਰਾਮ ਦਾ ਉਦੇਸ਼ ਵੱਖ-ਵੱਖ ਮੁਖੀ ਸਜਣਾਂ ਪਾਸੋਂ ਸਿੱਖਾਂ ਵਲੋਂ ਕੀਤੀ ਜਾਣ ਵਾਲੀ ਲੰਗਰ ਦੀ ਸੇਵਾ ਦੀ ਪ੍ਰਸ਼ੰਸਾ ਕਰਵਾਣਾ ਅਤੇ ਨਾਲ ਹੀ 'ਦਾਨ' ਵਿਚ ਆਪਣਾ ਵਧ ਤੋਂ ਵਧ ਹਿਸਾ ਪਾਣ ਲਈ ਲੋਕਾਂ ਨੂੰ ਪ੍ਰੇਰਿਤ ਕਰਨਾ ਵੀ ਸੀ। ਅਜਿਹੇ ਹੀ ਸਜਣਾਂ ਵਿਚੋਂ ਇੱਕ ਸਿੱਖ ਸਜਣ ਵੀ ਸਨ। ਜਿਨ੍ਹਾਂ ਬਾਰੇ ਦਸਿਆ ਜਾਂਦਾ ਹੈ ਕਿ ਉਨ੍ਹਾਂ ਨੇ ਇਸ ਮੌਕੇ ਗੁਰਦੁਆਰਾ ਕਮੇਟੀ ਵਲੋਂ ਲੰਗਰ ਦੀ ਕੀਤੀ ਗਈ ਸੇਵਾ ਤੋਂ 'ਖੁਸ਼' ਹੋ ਗੁਰਦੁਆਰਾ ਕਮੇਟੀ ਨੂੰ ਇਕ ਮੋਟੀ ਰਕਮ ਦਾਨ ਵਜੋਂ ਦੇਣ ਦਾ ਐਲਾਨ ਵੀ ਕੀਤਾ।

ਜਿਸ ਪੁਰ ਪ੍ਰੋਗਰਾਮ ਪੇਸ਼ ਕਰ ਰਹੇ ਐਂਕਰਾਂ ਵਲੋਂ ਕਾਫੀ ਦੇਰ ਤਕ ਨਾ ਕੇਵਲ ਚਰਚਾ ਹੀ ਕੀਤੀ ਗਈ, ਸਗੋਂ ਸਬੰਧਤ ਸਜਣ ਦੀ ਪ੍ਰਸ਼ੰਸਾ ਦੇ ਪੁਲ ਵੀ ਬੰਨ੍ਹੇ ਗਏ। ਉਸ ਸਜਣ ਵਲੋਂ ਲੰਗਰ ਬਾਰੇ ਕੀਤੀ ਗਈ ਚਰਚਾ ਅਤੇ ਮੋਟੀ ਰਕਮ ਦਾ 'ਦਾਨ' ਵਜੋਂ ਗੁਰਦੁਆਰਾ ਕਮੇਟੀ ਨੂੰ ਦਿਤੇ ਜਾਣ ਵਾਲੀ ਗਲ ਨੂੰ ਕਾਫੀ ਦੇਰ ਤਕ ਪ੍ਰਦਰਸ਼ਤ ਕੀਤਾ ਜਾਂਦਾ ਰਿਹਾ। ਇਸ ਸੰਬੰਧ ਵਿੱਚ ਵਰਣਨਯੋਗ ਗਲ ਇਹ ਵੀ ਦਸੀ ਜਾ ਰਹੀ ਹੈ ਕਿ ਉਸ ਸਜਣ ਨੇ ਇਸ ਪ੍ਰੋਗਰਾਮ ਦਾ ਉਹ ਹਿਸਾ, ਜਿਸ ਵਿੱਚ ਉਹ ਸਕ੍ਰੀਨ ਤੇ ਲੰਗਰ ਅਤੇ ਦਾਨ ਬਾਰੇ ਚਰਚਾ ਕਰ ਰਹੇ ਹਨ ਤੇ ਐਂਕਰ ਉਨ੍ਹਾਂ ਵਲੋਂ ਇੱਕ ਮੋਟੀ ਰਕਮ ਦਾਨ ਵਿੱਚ ਦਿਤੇ ਜਾਣ ਦੀ ਪ੍ਰਸ਼ੰਸਾ ਕਰ ਰਹੇ ਹਨ ਅਤੇ ਨਾਲ ਹੀ ਉਨ੍ਹਾਂ ਵਲੋਂ ਮੋਟੀ ਰਕਮ 'ਦਾਨ' ਵਿੱਚ ਦਿੱਤੇ ਜਾਣ ਦੀ ਸਕ੍ਰੋਲ ਚਲ ਰਹੀ ਹੈ, ਲੈ ਕੇ ਆਪਣੇ ਵਲੋਂ ਸੋਸ਼ਲ ਮੀਡੀਆ ਤੇ ਪਾ ਦਿੱਤਾ ਹੈ। ਸ਼ਾਇਦ ਉਹ ਇਸਦਾ ਸੁਨੇਹਾ ਵੱਧ ਤੋਂ ਵੱਧ ਪਹੁੰਚਾਣਾ ਚਾਹੁੰਦੇ ਹਨ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਵਿਖੇ ਰਵਿਦਾਸੀਆ ਸਮਾਜ ਦੇ ਸੰਤਾਂ-ਮਹਾਂਪੁਰਸ਼ਾਂ ਦੀ ਵਿਸ਼ਾ ਮੀਟਿੰਗ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਦੀ ਸਰਪ੍ਰਸਤੀ ਹੇਠ ਹੋਈ





ਡੇਰਾ ਸ੍ਰੀ 108 ਸੰਤ ਸਰਵਣ ਦਾਸ ਜੀ ਮਹਾਰਾਜ ਸੱਚਖੰਡ ਬੱਲਾਂ ਵਿਖੇ ਰਵਿਦਾਸੀਆ ਸਮਾਜ ਦੇ ਸੈਂਕੜੇ ਜਗਤਗੁਰੂ ਰਵਿਦਾਸ ਨਾਮਲੇਵਾ ਸਾਧੂ ਸਮਾਜ ਦੇ ਸੈਂਕੜੇ ਸੰਤਾਂ-ਮਹਾਂਪੁਰਸ਼ਾਂ ਦੀ ਵਿਸ਼ੇਸ਼ ਮੀਟਿੰਗ ਡੇਰੇ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਣ ਦਾਸ ਜੀ ਮਹਾਰਾਜ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਵਾਰਾਣਸੀ ਕਾਂਸ਼ੀ- ਬਨਾਰਸ (ਯੂ. ਪੀ.) ਦੀ ਸਰਪ੍ਰਸਤੀ ਹੇਠ ਆਯੋਜਿਤ ਹੋਈ। ਸਮੂਹ ਸੰਤ ਮਹਾਂਪੁਰਸ਼ਾਂ ਦਾ ਡੇਰਾ ਸੱਚਖੰਡ ਬੱਲਾਂ ਵਿਖੇ ਪਹੁੰਚਣ ਤੇ ਸਵਾਗਤ ਕੀਤਾ ਗਿਆ।

ਮੀਟਿੰਗ ਦੌਰਾਨ ਸਮੂਹ ਸੰਤ-ਮਹਾਂਪੁਰਸ਼ਾਂ ਵੱਲੋਂ ਸਮੁੱਚੀ ਮਾਨਵਤਾ ਨੂੰ ਕਰੋਨਾ ਮਹਾਂਮਾਰੀ ਦੇ ਵੱਧ ਰਹੇ ਪ੍ਰਭਾਵਾਂ ਤੋਂ ਬਚਾਅ ਸਬੰਧੀ ਸੰਗਤਾਂ ਨੂੰ ਜਾਗਰੂਕ ਕਰਨ ਅਤੇ ਪ੍ਰਸ਼ਾਸਨ ਦੀਆਂ ਜਾਰੀ ਹਦਾਇਤਾਂ ਨੂੰ ਮੰਨ ਕੇ ਆਪਣਾ ਤੇ ਆਪਣੇ ਸਮਾਜ ਦਾ ਭਲਾ ਕਰਨਾ, ਸਮੂਹ ਸਤਿਗੁਰੂ ਰਵਿਦਾਸ ਨਾਮਲੇਵਾ ਸਾਧੂ ਸਮਾਜ ਦੀ ਏਕਤਾ ਤੇ ਇਕਜੁਟਤਾ ਸਬੰਧੀ ਵਿਚਾਰ ਚਰਚਾ, 2021 ਦੀ ਜਨਗਣਨਾ ਵਿਚ ਰਵਿਦਾਸੀਆ ਧਰਮ ਦੇ ਵੱਖਰੇ ਕਾਲਮ ਸਬੰਧੀ ਅਤੇ ਸਤਿਗੁਰੂ ਰਵਿਦਾਸ ਮੰਦਰ ਤੁਗਲਕਾਬਾਦ (ਦਿੱਲੀ) ਦੇ ਮੁੜ ਨਿਰਮਾਣ ਆਦਿ ਗੰਭੀਰ ਵਿਸ਼ਿਆਂ ’ਤੇ ਖੁੱਲ੍ਹ ਕੇ ਵਿਚਾਰ ਵਟਾਂਦਰੇ ਕੀਤੇ ਗਏ।

ਮੀਟਿੰਗ ਦੌਰਾਨ ਸਮੁੱਚੇ ਸੰਤ ਸਮਾਜ ਦੇ ਨਾਲ ਨਾਂਲ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਵੱਲੋਂ ਵੱਖ-ਵੱਖ ਸੂਬਿਆਂ ਦੇ ਡੇਰਿਆਂ ਤੇ ਆਏ ਸੰਤ-ਮਹਾਂਪੁਰਸ਼ਾਂ ਨੂੰ ਸਤਿਗੁਰੂ ਰਵਿਦਾਸ ਮਿਸ਼ਨ ਪ੍ਰਚਾਰ-ਪ੍ਰਸਾਰ ਨੂੰ ਹੋਰ ਸੁਚਾਰੂ ਢੰਗਾਂ ਨਾਂਲ ਵਿਸ਼ਵ ਪੱਧਰ ਤੱਕ ਫੈਲਾਉਣ ਹਿਤ ਆਪੋ-ਆਪਣਾ ਯੋਗਦਾਨ ਪਾਉਣ ਲਈ ਪੁਰਜ਼ੋਰ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸੰਤ ਸੁਰਿੰਦਰ ਦਾਸ ਜੀ ਕਠਾਰ, ਕੁਲਵੰਤ ਰਾਮ ਜੀ ਭਰੋਮਾਜਰਾ ਸੰਤ ਕਿਸ਼ਨ ਨਾਥ ਜੀ ਚਹੇੜੂ, ਸੰਤ ਨਿਰਮਲ ਦਾਸ ਜੀ ਅਬਦਾਨ, ਸੰਤ ਸਤਨਾਮ ਦਾਸ ਜੀ ਗੱਜਰ ਮਹਿਦੂਦ, ਸੰਤ ਜਸਪਾਲ ਸਿੰਘ ਜੀ ਉਡਰੇ, ਸੰਤ ਗੁਰਦੀਪ ਗਿਰੀ ਜੀ ਪਠਾਨਕੋਟ, ਸੰਤ ਮਹਿੰਦਰ ਪਾਲ ਜੀ ਪਾਂਡਵਾ, ਸੰਤ ਸ਼ੀਤਲ ਦਾਸ ਜੀ ਕਾਲੇਵਾਲ ਭਗਤਾਂ, ਸੰਤ ਬੀਬੀ ਕ੍ਰਿਸ਼ਨਾਂ ਦੇਵੀ ਜੀ ਬੋਪਾਰਾਏ, ਸੰਤ ਵੀਰ ਸਿੰਘ ਜੀ ਹਿੱਤਕਾਰੀ ਆਦਿ ਮਹਾਂਪੁਰਸ਼ਾਂ ਵੱਲੋਂ ਉਕਤ ਵਿਸ਼ਿਆਂ ’ਤੇ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਸਮੁੱਚੇ ਰਵਿਦਾਸੀਆ ਸੰਤ ਸਮਾਜ ਨੂੰ ਇਕ ਮੰਚ ’ਤੇ ਇਕੱਠੇ ਹੋ ਕੇ ਸਤਿਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਪ੍ਰਸਾਰ ਹਿੱਤ ਯੋਗਦਾਨ ਪਾਉਣ ਲਈ ਉਚੇਚੇ ਤੌਰ ’ਤੇ ਪ੍ਰੇਰਿਤ ਕੀਤਾ।

ਇਸ ਮੌਕੇ ਸੰਤ ਲੇਖ ਰਾਜ ਜੀ ਨੂਰਪੁਰ, ਸੰਤ ਹਰਚਰਨ ਦਾਸ ਸ਼ਾਮਚੁਰਾਸੀ, ਸੰਤ ਬੀਬੀ ਮੀਨਾ ਜੀ, ਸੰਤ ਸਤਪਾਲ ਜੀ ਚਾਹੜ ਵਾਲੇ, ਸੰਤ ਟਹਿਲ ਦਾਸ ਜੀ ਨੰਗਲ ਖੇੜਾ, ਸੰਤ ਬਲਰਾਮ ਦਾਸ ਜੀ ਬੂਟਾ ਮੰਡੀ, ਸੰਤ ਹਰੀ ਓਮ ਜੀ ਮਾਹਿਲਪੁਰ, ਸੰਤ ਪਤਰਮ ਦਾਸ ਜੀ ਕਠਾਰ, ਸੰਤ ਧੰਨਪੱਤ ਸਿੰਘ ਜੀ ਛਪਾਰਗਾਵ, ਸੰਤ ਰੋਸ਼ਨੀ ਦੇਵੀ ਜੀ ਛੁਟਮੁੱਲਪੁਰ, ਸੰਤ ਭਗਤ ਸਿੰਘ ਜੀ ਗੁਰਾਇਆ, ਸੰਤ ਜਗਦੀਸ਼ ਗਿਰੀ ਜੀ ਪਲੋਟਾ ਸਾਹਿਬ ਅਤੇ ਹੋਰ ਸੰਤ ਮਹਾਂਪੁਰਸ਼ ਹਾਜ਼ਰ ਸਨ। ਸ੍ਰੀ ਸਤਪਾਲ ਵਿਰਦੀ ਐਡਵੋਕੇਟ (ਸੈਕਟਰੀ), ਸ੍ਰੀ ਨਿਰੰਜਣ ਦਾਸ ਚੀਮਾ ਤੋਂ ਇਲਾਵਾ ਸਮੂਹ ਟਰੱਸਟੀ ਸਾਹਿਬਾਨ ਹਾਜ਼ਰ ਸਨ।

ਅੰਤ ਵਿਚ ਸੰਤਾਂ ਮਹਾਂਪੁਰਸ਼ਾਂ ਅਤੇ ਹੋਰ ਬੁੱਧੀਜੀਵੀਆਂ ਨੂੰ ਸਤਿਕਾਰ ਸਹਿਤ ਲੰਗਰ ਛਕਾਇਆ ਗਿਆ ਅਤੇ ਮਾਇਆ ਨਾਂਲ ਸਤਿਕਾਰ ਕੀਤਾ ਗਿਆ। ਡੇਰੇ ਦੇ ਸਾਰੇ ਸੇਵਾਦਾਰਾਂ ਨੇ ਆਪਣੀਆਂ ਸੇਵਾਵਾਂ ਸ਼ਰਧਾ ਸਹਿਤ ਨਿਭਾਈਆਂ।

**ਬੇਗਮਪੁਰਾ ਸ਼ਹਿਰ ਪੱਤ੍ਰਿਕਾ**

*Read always www.ambedkartimes.com*





# ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਗੁਰਮਤਿ

ਗੁਰਬਚਨ ਸਿੰਘ
91- 98156-98451

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸਿਖ ਧਰਮ ਨਾਲ ਰਿਸ਼ਤੇ ਨੇ ਬਹੁਤ ਸਾਰੇ ਪੰਜਾਬੀਆਂ ਨੂੰ ਭੰਬਲਭੂਸੇ ਵਿਚ ਪਾਇਆ ਹੋਇਆ ਹੈ। ਪੰਜਾਬੀ ਭਾਈਚਾਰੇ ਦੀ ਇਕਜੁਟਤਾ ਲਈ ਇਸ ਨੁਕਤੇ ਦੀ ਸਪਸ਼ਟਤਾ ਹੋਣੀ ਬਹੁਤ ਜ਼ਰੂਰੀ ਹੈ। ਜਿੰਨਾ ਚਿਰ ਇਸ ਨੁਕਤੇ ਬਾਰੇ ਸਪਸ਼ਟ ਨਹੀਂ ਹੋਇਆ ਜਾਂਦਾ, ਓਨਾ ਚਿਰ ਪੰਜਾਬੀ ਭਾਈਚਾਰਾ ਸਿਖਾਂ, ਹਿੰਦੂਆਂ ਤੇ ਮੁਸਲਮਾਨਾਂ ਵਿਚ ਹੀ ਵੰਡਿਆ ਰਹੇਗਾ।

ਸਿਖ ਧਰਮ ਦੇ ਦੋ ਪਖ ਹਨ। ਸਿਖ ਸਰੂਪ ਅਤੇ ਗੁਰਮਤਿ। ਇਹ ਸਹੀ ਹੈ ਕਿ ਗੁਰਮਤਿ ਸਿਖ ਸਰੂਪ ਦਾ ਆਧਾਰ ਹੈ ਪਰ ਗੁਰਮਤਿ ਆਪਣੇ ਆਪ ਵਿਚ ਇਕ ਫਿਲਾਸਫੀ ਹੈ। ਫਿਲਾਸਫੀ ਕਿਸੇ ਵੀ ਮਨੁਖ ਦੀ ਤਾਕਤ ਹੁੰਦੀ ਹੈ, ਉਸ ਦੀ ਕਮਜ਼ੋਰੀ ਨਹੀਂ। ਫਿਲਾਸਫੀ ਆਪਣੇ ਸਮੇਂ ਦਾ ਬੌਧਿਕ ਤਤ ਹੁੰਦੀ ਹੈ। ਕਿਸੇ ਵੀ ਸਭਿਆਚਾਰ ਦੀ ਸਜਿੰਦ ਆਤਮਾ ਹੁੰਦੀ ਹੈ। ਫਿਲਾਸਫਰ ਆਪਣੀ ਧਰਤੀ ਦੀ, ਆਪਣੇ ਸਮੇਂ ਦੀ, ਆਪਣੀ ਕੌਮ ਦੀ ਉਪਜ ਹੁੰਦੇ ਹਨ, ਜਿਨ੍ਹਾਂ ਦੇ ਅਤਿ ਸੂਖਮ ਕੀਮਤੀ ਮਨੁਖੀ ਜ਼ਿੰਦਗੀ ਦੇ ਨਿਕਲੇ ਅਦਿਖ ਨਿਚੋੜ ਫਿਲਾਸਫੀ ਦੀਆਂ ਧਾਰਨਾਵਾਂ ਰਾਹੀਂ ਪ੍ਰਗਟ ਹੁੰਦੇ ਹਨ। ਜਿਹੜਾ ਜਜਬਾ ਕਿਰਤੀਆਂ ਦੇ ਹਥੋਂ ਨਵੇਂ ਕ੍ਰਿਸ਼ਮਿਆਂ ਦੀ ਸਿਰਜਣਾ ਕਰਵਾਉਂਦਾ ਹੈ, ਓਹੀ ਜਜਬਾ ਫਿਲਾਸਫਰਾਂ ਦੇ ਸਿਰਾਂ ਵਿਚ ਫਿਲਾਸਫੀ ਦੀਆਂ ਧਾਰਨਾਵਾਂ ਦੀ ਸਿਰਜਣਾ ਕਰਦਾ ਹੈ। ਇਹ ਸੰਸਾਰ 'ਸਿਰ ਭਾਵ ਫਿਲਾਸਫੀ ਦਾ ਸਿਰਜਿਆ ਸੰਸਾਰ' ਹੈ। ਫਿਲਾਸਫੀ ਹੀ ਸੁਚੇਤ ਰੂਪ ਵਿਚ ਕਿਸੇ ਸਮਾਜੀ-ਰਾਜਸੀ ਤਾਣੇਬਾਣੇ ਦੀ ਸਿਰਜਣਾ ਕਰਨ ਲਈ ਰਾਹ ਵਿਖਾਉਂਦੀ ਹੈ। ਫਿਲਾਸਫੀ ਹੀ ਹਰੇਕ ਮਨੁਖ ਨੂੰ ਨਰੋਈ ਅਤੇ ਸਦਾਚਾਰਕ ਜੀਵਨ ਜਾਂਚ ਦਾ ਗਿਆਨ ਦੇਂਦੀ ਹੈ। ਗੁਰਮਤਿ ਪੰਜਾਬੀ ਭਾਈਚਾਰੇ ਦੀ ਹੁਣ ਤਕ ਦੀ ਸਮੁਚੀ ਸਿਆਣਪ ਦਾ ਨਿਕਲਿਆ ਤਤ-ਨਿਚੋੜ ਹੈ। ਗੁਰਮਤਿ ਨੂੰ ਸਿਖ ਧਰਮ ਨਾਲ ਜੋੜ ਕੇ ਠੁਕਰਾਉਣਾ ਪੰਜਾਬੀ ਲੋਕਾਂ ਦੀ ਸਭ ਤੋਂ ਵਡੀ ਬਦਕਿਸਮਤੀ ਹੈ। ਗੁਰਮਤਿ ਪੰਜਾਬੀਅਤ ਦੀ ਰੂਹ ਹੈ ਅਤੇ ਪੰਜਾਬੀ ਬੋਲੀ ਇਸ ਰੂਹ ਨੂੰ ਪ੍ਰਗਟ ਕਰਨ ਦਾ ਇਕ ਸੰਦ ਹੈ। ਇਨ੍ਹਾਂ ਦੋਹਾਂ ਦੀ ਹੋਂਦ ਤੋਂ ਮੁਨਕਿਰ ਹੋ ਕੇ ਪੰਜਾਬੀਅਤ ਕਿਵੇਂ ਵੀ ਜਿਉਂਦੀ ਨਹੀਂ ਰਹਿ ਸਕਦੀ। ਪੰਜਾਬ, ਪੰਜਾਬੀ ਬੋਲੀ ਅਤੇ ਪੰਜਾਬੀਅਤ ਦਾ ਗੁਰਮਤਿ ਨਾਲ ਇਹੀ ਰਿਸ਼ਤਾ ਹੈ। ਮੌਜੂਦਾ ਪੂੰਜੀਵਾਦੀ-ਸਾਮਰਾਜੀ ਖਪਤਕਾਰੀ ਦੇ ਦੌਰ ਵਿਚ ਇਸ ਸਿਆਣਪ ਤੋਂ ਬਿਨਾਂ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਕਾਸ ਨਹੀਂ ਕਰ ਸਕਦੇ।

ਇਥੇ ਸੁਆਲ ਪੈਦਾ ਹੁੰਦਾ ਹੈ ਕਿ ਹਿੰਦੂ ਧਰਮ ਅਤੇ ਇਸਲਾਮ ਦਾ ਗੁਰਮਤਿ ਨਾਲ ਕੀ ਰਿਸ਼ਤਾ ਹੈ? ਇਸ ਵਿਚ ਕੋਈ ਸ਼ਕ ਨਹੀਂ ਕਿ ਹਿੰਦੂ ਧਰਮ ਅਤੇ ਇਸਲਾਮ ਦੀਆਂ ਰਹੁਰੀਤਾਂ (ਜਿਨ੍ਹਾਂ ਨੂੰ ਠੁਲ੍ਹੀ ਭਾਸ਼ਾ ਵਿਚ ਕਰਮਕਾਂਡ ਕਿਹਾ ਜਾਂਦਾ ਹੈ) ਸਿਖ ਧਰਮ ਨਾਲੋਂ ਵਖਰੀਆਂ ਹਨ। ਪਰ ਇਨ੍ਹਾਂ ਵਖਰੇਂਵਿਆਂ ਦੇ ਬਾਵਜੂਦ ਗੁਰਮਤਿ ਦਾ ਹਿੰਦੂ ਫਿਲਾਸਫੀ (ਵੇਦਾਂਤ) ਅਤੇ ਇਸਲਾਮ ਨਾਲ ਤਤ ਦਾ ਕੋਈ ਵਿਰੋਧ ਨਹੀਂ। ਗੁਰਮਤਿ ਗਿਆਨ ਸਿਰਫ ਸਿਖਾਂ ਲਈ ਹੀ ਨਹੀਂ ਹੈ। ਇਹ ਸਮੁਚੀ ਮਨੁਖਤਾ ਲਈ ਹੈ। 'ੴ ਤੋਂ ਲੈ ਕੇ .. ਤਨੁ ਮਨੁ ਥੀਵੈ ਹਰਿਆ' ਤਕ ਦਾ ਸਾਰਾ ਗਿਆਨ _ ਹਿੰਦੂਆਂ, ਮੁਸਲਮਾਨਾਂ, ਇਸਾਈਆਂ ਬਲਕਿ ਸਮੂਹ ਜਗਤ ਲਈ ਵੀ ਓਨੀ ਹੀ ਅਹਿਮੀਅਤ ਰਖਦਾ ਹੈ, ਜਿਨੀ ਸਿਖਾਂ ਲਈ।

ਗੁਰਮਤਿ ਗਿਆਨ ਦੇਂਦੀ ਹੈ _ ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

ਭਾਵ ਉਹ ਸਾਰਾ ਕੁਝ ਖਾਣਾ ਫਜ਼ੂਲ ਹੈ, ਜਿਹੜਾ ਤਨ ਵਿਚ ਪੀੜ ਅਤੇ ਮਨ ਵਿਚ ਵਿਕਾਰ ਪੈਦਾ ਕਰੇ। ਇਹ ਧਾਰਨਾ ਹੁਣ ਤਕ ਦੀ ਵਿਕਸਿਤ ਹੋਈ ਸਮੁਚੀ ਮੈਡੀਕਲ ਸਾਇੰਸ ਅਤੇ ਫਿਲਾਸਫੀ ਦਾ ਤਤਸਾਰ ਹੈ ਅਤੇ ਇਹ ਧਾਰਨਾ ਸਿਰਫ ਸਿਖਾਂ ਉਤੇ ਹੀ ਲਾਗੂ ਨਹੀਂ ਹੁੰਦੀ ਬਲਕਿ ਦੁਨੀਆ ਭਰ ਦੇ ਸਾਰੇ ਲੋਕਾਂ ਉਤੇ ਲਾਗੂ ਹੁੰਦੀ ਹੈ। ਜੇ ਮਨੁਖ ਜਾਤੀ ਨੇ ਇਸ ਸਿਆਣਪ ਨੂੰ ਅਪਨਾਇਆ ਹੁੰਦਾ ਤਾਂ ਅੱਜ ਉਸ ਨੂੰ ਕੋਰੋਨਾ ਵਰਗੀ ਮਹਾਂਮਾਰੀ ਦੀ ਵਹਿਸ਼ਤ ਨਾ ਹੰਢਾਉਣੀ ਪੈਂਦੀ। ਕਿਉਂਕਿ ਇਹ ਦਸਤੂਰ ਅਪਨਾ ਕੇ ਹੀ ਮਨੁਖ ਨੂੰ ਕੁਦਰਤ ਨਾਲ ਆਪਣੀ ਇਕਸੁਰਤਾ ਦੀ ਸਮਝ ਆਉਂਦੀ ਹੈ ਅਤੇ ਉਹ ਬੇਲੋੜੀ ਖਪਤਕ-ਾਰੀ ਦੀ ਤ੍ਰਿਸਨਾ ਤੋਂ ਛੁਟਕਾਰਾ ਪਾ ਸਕਦਾ ਹੈ।

ਇਸੇ ਤਰ੍ਹਾਂ ਗੁਰਮਤਿ ਦਾ ਫੁਰਮਾਨ ਹੈ
ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

ਭਾਵ ਹੇ ਗੁਰੂ! ਮੈਨੂੰ ਇਹ ਚੇਤਨਾ ਦੇਹ ਕਿ ਮੈਂ ਇਹ ਸਚਾਈ ਕਦੇ ਨਾ ਵਿਸਰਾਂ ਕਿ ਸਾਰਿਆਂ ਜੀਆਂ ਨੂੰ ਦਾਤਾਂ ਦੇਣ ਵਾਲਾ ਦਾਤਾ ਇਕੋ ਹੀ ਹੈ। ਹੁਣ ਇਹ ਚੇਤਨਾ ਸਿਰਫ ਸਿਖਾਂ ਲਈ ਹੀ ਨਹੀਂ ਬਲਕਿ ਹਿੰਦੂਆਂ, ਮੁਸਲਮਾਨਾਂ, ਇਸਾਈਆ ਸਾਰਿਆਂ ਲਈ ਹੈ। ਇਸੇ ਸਮਾਜੀ ਚੇਤਨਾ ਦੀ ਸਿਖਰ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਹੈ। ਗੁਰਮਤਿ



ਫੁਰਮਾਉਂਦੀ ਹੈ-
ਅਲਹ ਅਲਖ ਅਪਾਰ॥
ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਭਾਵ ਅਲਹ ਬੇਅੰਤ ਹੈ, ਅਗਮ ਹੈ। ਅਲਹ ਸਰਬਉਚ ਹੈ ਅਤੇ ਸਾਰੇ ਮਨੁਖ ਕੁਦਰਤ ਦੀ ਸਿਰਜਣਾ ਹਨ।

ਇਸਲਾਮ ਦੇ ਚਰਚਿਤ ਵਿਆਖਿਆਕਾਰ ਸਈਦ ਕੁਤਬ ਨੇ ਆਪਣੀ ਇਕ ਅਹਿਮ ਕਿਰਤ 'ਮੀਲ ਪਥਰ' ਵਿਚ ਇਸਲਾਮ ਦੀ ਵਿਆਖਿਆ ਕਰਦਿਆਂ ਹੋਇਆਂ ਲਿਖਿਆ ਹੈ, "ਇਸਲਾਮ ਆਪਣਾ ਸਮੁਚਾ ਢਾਂਚਾ ਅਲਹ ਅਗੇ ਪੂਰਨ ਆਤਮ ਸਮਰਪਣ ਦੇ ਯਕੀਨ ਅਤੇ ਕਰਨੀ ਦੀ ਨੀਂਹ ਉਤੇ ਖੜ੍ਹਾ ਕਰਦਾ ਹੈ। ਉਸ ਦੇ ਯਕੀਨ, ਕਰਮ ਅਤੇ ਜ਼ਿੰਦਗੀ ਦੇ ਨੇਮ ਇਸ ਆਤਮ ਸਮਰਪਣ ਤੇ ਅਮਲੀ ਜ਼ਿੰਦਗੀ ਵਿਚ ਇਸ ਦੀ ਕੀਤੀ ਵਿਆਖਿਆ ਦੇ ਐਲਾਨੀਆ ਪ੍ਰਗਟਾਵੇ ਹਨ ਕਿ ਅਲਹ ਤੋਂ ਬਿਨਾਂ ਹੋਰ ਕੋਈ ਦੈਵੀ ਸ਼ਕਤੀ ਤੇ ਦੇਵੀ-ਦੇਵਤਾ ਨਹੀਂ। ਜ਼ਿੰਦਗੀ ਦੇ ਸਾਰੇ ਵਿਸਥਾਰ ਅਲਹ ਦੇ ਹਰਕਾਰੇ ਦੇ ਅਮਲ ਵਿਚੋਂ ਪੈਦਾ ਹੁੰਦੇ ਹਨ।''..."ਅਸਲ ਵਿਚ ਇਉਂ ਇਸਲਾਮ ਬ੍ਰਹਿਮੰਡੀ (ਕੁਦਰਤੀ) ਕਾਨੂੰਨਾਂ (ਹੁਕਮੁ) ਨਾਲ ਇਕਸੁਰ ਹੋ ਜਾਂਦਾ ਹੈ, ਜਿਹੜੇ ਬ੍ਰਹਿ-ਮੰਡੀ ਕਾਨੂੰਨ ਨਾ ਸਿਰਫ ਮਨੁਖ ਦੀ ਆਪਣੀ ਹੋਂਦ ਵਿਚ ਸਗੋਂ ਸਮੁਚੇ ਬ੍ਰਹਿਮੰਡ ਵਿਚ ਵੀ ਕਾਰਜਸ਼ੀਲ ਹਨ।''... "ਮਨੁਖ ਇਸ ਬ੍ਰਹਿਮੰਡ (ਕੁਦਰਤ) ਦਾ ਹੀ ਇਕ ਅੰਗ ਹੈ ਅਤੇ ਮਨੁਖੀ ਸੁਭਾਅ ਨੂੰ ਚਲਾਉਣ ਵਾਲੇ ਨੇਮ ਇਸ ਬ੍ਰਹਿਮੰਡ ਨੂੰ ਚਲਾਉਣ ਵਾਲੇ ਨੇਮਾਂ ਤੋਂ ਕੋਈ ਵਖਰੇ ਨਹੀਂ ਹਨ।''

ਇਸਲਾਮ ਦੇ ਪੰਜਾਬੀ ਵਿਆਖਿਆਕਾਰ ਤੇ ਫਿਲਾਸਫਰ ਕਵੀ ਅਲਾਮਾ ਇਕਬਾਲ ਨੇ ਇਸਲਾਮ ਦੀ ਵਿਆਖਿਆ ਕਰਦਿਆਂ ਲਿਖਿਆ ਹੈ, "ਅਜੋਕੀ ਮਨੁਖ ਜਾਤੀ ਨੂੰ ਤਿੰਨ ਗੱਲਾਂ ਦੀ ਲੋੜ ਹੈ- ਬ੍ਰਹਿਮੰਡੀ ਹਕੀਕਤ ਦੀ ਇਕ ਆਤਮਿਕ ਵਿਆਖਿਆ, ਵਿਅਕਤੀ ਦੀ ਆਤਿਮਕ ਮੁਕਤੀ ਅਤੇ ਇਕ ਬੁਨਿਆਦੀ ਆਧਾਰ ਉਤੇ ਮਨੁਖੀ ਸਮਾਜ ਦੇ ਵਿਕਾਸ ਦੀ ਸਰਬਵਿਆਪੀ ਦਿਸ਼ਾ ਦੇ ਮੂਲ ਨੇਮ ਤਹਿ ਕਰਨੇ।'' ਅਲਾਮਾ ਇਕਬਾਲ ਨੇ ਇਹ ਵੀ ਕਿਹਾ ਹੈ ਕਿ "ਇਸਲਾਮ ਦਾ ਅੰਤਿਮ ਨਿਸ਼ਾਨਾ ਆਤਮਿਕ ਜਮਹੂਰੀਅਤ ਹੈ ਅਤੇ ਅਜੋਕੀ ਯੂਰਪੀਨ ਸਭਿਅਤਾ ਮਨੁਖ ਦੇ ਸਦਾਚਾਰੀ ਵਿਕਾਸ ਅਤੇ ਆਤਮਿਕ ਜਮਹੂਰੀਅਤ ਦੇ ਰਾਹ ਵਿਚ ਸਭ ਤੋਂ ਵਡੀ ਰੁਕਾਵਟ ਹੈ।'' ਅਲਾਮਾ ਇਕਬਾਲ ਦਾ ਇਹ ਵੀ ਕਥਨ ਹੈ ਕਿ "ਕੁਰਾਨ ਇਕ ਕਿਤਾਬ ਹੈ, ਜਿਹੜੀ ਕਹਿਣੀ ਨਾਲੋਂ ਕਰਨੀ ਉਤੇ ਜ਼ੋਰ ਦੇਂਦੀ ਹੈ।'' ("ਕਿ੍ਚਗ਼ਅ ਜਤ  ਲਰਰਾ ਮੀਜਫੀ ਕਠਬੀ 'ਦਕਕਦ' ਗ਼ਵੀਕਗ ਵੀ 'ਜਦਕ ਗੁਰਮਤਿ ਦਾ ਸਾਰਾ ਤਤਨਿਚੋੜ ਇਹੀ ਹੈ,
ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰ॥

ਇਹੀ ਆਤਮਿਕ ਗਿਆਨ ਆਤਮਿਕ ਜਮਹੂਰੀਅਤ ਦਾ ਬੁਨਿਆਦੀ ਆਧਾਰ ਹੈ। ਅਸਲ ਵਿਚ ਪੰਜਾਬੀ ਲੋਕਾਂ ਦੀ ਬਦਕਿਸਮਤੀ ਇਹ ਹੈ ਕਿ ਹੁਣ ਤਕ ਤਿੰਨਾਂ ਧਰਮਾਂ ਦੀ ਫਿਲਾਸਫੀ ਦੀ ਇਸ ਸਾਂਝ ਨੂੰ ਗੌਲਿਆ ਹੀ ਨਹੀਂ ਗਿਆ। ਕਰਮਕਾਂਡ ਜਾਂ ਭੇਖ ਨੂੰ ਲੈ ਕੇ ਪਾਈਆਂ ਵੰਡੀਆਂ ਹੀ ਹੁਣ ਤਕ ਭਾਰੂ ਰਹੀਆਂ ਹਨ। ਪੰਜਾਬੀ ਲੋਕਾਂ ਨੇ ਹੁਣ ਤਕ ਗੁਰਮਤਿ ਦੀ ਤਾਕਤ ਨੂੰ ਪਛਾਣਿਆ ਹੀ ਨਹੀਂ। ਲੋੜ ਗੁਰਮਤਿ ਦੀ ਤਾਕਤ ਤੇ ਤਿੰਨਾਂ ਧਰਮਾਂ ਦੀ ਇਸ ਸਾਂਝ ਨੂੰ ਪਛਾਣਨ ਦੀ ਹੈ।

ਮਾਂ ਬੋਲੀ ਕਿਸੇ ਵੀ ਮਨੁਖੀ ਸਮਾਜ ਦੀ ਤਾਕਤ ਹੁੰਦੀ ਹੈ। ਬੋਲੀ ਓਨੀ ਹੀ ਪੁਰਾਣੀ ਹੈ ਜਿੰਨੀ ਮਨੁਖੀ ਚੇਤਨਾ। ਬੋਲੀ ਮਨੁਖੀ ਚੇਤਨਾ ਦਾ ਪ੍ਰਗਟ ਰੂਪ ਹੁੰਦੀ ਹੈ, ਜਿਸ ਦੀ ਦੂਜਿਆਂ ਮਨੁਖਾਂ ਵਾਸਤੇ ਸਿਰਫ ਇਸੇ ਲਈ ਹੋਂਦ ਹੈ, ਕਿਉਂਕਿ ਇਸ ਦੀ ਮੇਰੇ ਲਈ ਹੋਂਦ ਹੈ। ਮਨੁਖੀ ਚੇਤਨਾ ਵਾਂਗ ਬੋਲੀ ਵੀ ਦੂਜਿਆਂ ਮਨੁਖਾਂ ਨਾਲ ਮੇਲਜੋਲ ਦੀ ਲੋੜ ਵਿਚੋਂ ਪੈਦਾ ਹੁੰਦੀ ਹੈ। ਬੋਲੀ ਅਤੇ ਸਭਿਆਚਾਰ ਇਕ-ਦੂਜੇ ਤੋਂ ਟੁਟ ਕੇ ਵਿਕਾਸ ਨਹੀਂ ਕਰ ਸਕਦੇ। ਮਾਂ ਬੋਲੀ ਤੋਂ ਮੁਨਕਿਰ ਹੋਣਾ ਆਪਣੀ ਸਭਿਆਚਾਰਕ ਤਾਕਤ ਨੂੰ ਤਿਲਾਂਜਲੀ ਦੇਣਾ ਹੈ। ਹਜ਼ਾਰਾਂ ਸਾਲਾਂ ਦੇ ਹੋਏ ਮਨੁਖੀ ਵਿਕਾਸ ਦੀ ਅਰਜਿਤ ਕੀਤੀ ਅਨੁਭਵੀ ਸਿਆਣਪ ਨੂੰ ਸ਼ਬਦਾਂ ਰਾਹੀਂ ਮਾਂ ਬੋਲੀ ਹੀ ਆਪਣੇ ਬਿੰਬਾਂ ਅੰਦਰ ਸਮੇਟਦੀ ਹੈ। ਇਸ ਲਈ ਆਪਣੀ ਮਾਂ ਬੋਲੀ ਨੂੰ ਤਿਆਗਣਾ ਹਜ਼ਾਰਾਂ ਸਾਲਾਂ ਦੇ ਹੋਏ ਇਤਿਹਾਸਕ ਵਿਕਾਸ ਨੂੰ ਨਕਾਰਨਾ ਹੈ। ਅਜਿਹੀ ਮੂਰਖਤਾ ਮਾਨਸਿਕ ਤੌਰ ਉਤੇ ਗੁਲਾਮ ਲੋਕ ਹੀ ਕਰ ਸਕਦੇ ਹਨ। ਅਮੀਰ ਤੇ ਮਧ ਵਰਗੀ ਸਿਖਾਂ ਸਮੇਤ ਪੰਜਾਬ ਦੇ ਬਹੁਤੇ ਲੋਕ ਹੁਣ ਇਹੀ ਮੂਰਖਤਾ ਕਰ ਰਹੇ ਹਨ। ਮਾਨਸਿਕ ਗੁਲਾਮੀ ਵਿਚ ਜੀਅ ਰਹੇ ਲੋਕ ਆਪਣੀ ਆਜਾਦੀ ਦੇ ਖੁਆਬ ਲੈਣੇ ਵੀ ਬੰਦ ਕਰ ਦੇਂਦੇ ਹਨ।

ਕੁਦਰਤ ਅਧੀਨ ਸਮੁਚੀ ਮਨੁਖ ਜਾਤੀ ਭਾਸ਼ਾਈ ਜਨਸਮੂਹਾਂ ਦਾ ਜਮ੍ਹਾਂਜੋੜ ਹੈ। ਹਰ ਭਾਸ਼ਾਈ ਜਨਸਮੂਹ ਨੇ ਆਪਣਾ ਅਨੁਭਵੀ ਗਿਆਨ ਆਪਣੇ ਭਾਸ਼ਾਈ ਸ਼ਬਦਾਂ (ਬਿੰਬਾਂ) ਰਾਹੀਂ ਸੰਭਾਲਿਆ ਹੈ। ਇਸ ਲਈ ਹਰ ਭਾਸ਼ਾਈ ਜਨਸਮੂਹ ਇਕ ਇਕਾਈ ਬਣਦਾ ਹੈ। ਹਰ ਭਾਸ਼ਾਈ ਜਨਸਮੂਹ ਨੇ ਭਾਵੇਂ ਇਕ-ਦੂਜੇ ਨਾਲ ਰਲਦੇ-ਮਿਲਦੇ ਅਨੁਭਵ ਹੰਢਾਏ ਹਨ ਪਰ ਹਰ ਭਾਸ਼ਾਈ ਜਨਸਮੂਹ ਨੇ ਇਨ੍ਹਾਂ ਅਨੁਭਵਾਂ ਨੂੰ ਆਪਣੇ ਸ਼ਬਦਾਂ ਵਿਚਲੇ ਸੰਕਲਪਾਂ ਅੰਦਰ ਅਡ-ਅਡ ਰੂਪਾਂ ਵਿਚ ਸੰਭਾਲਿਆ ਹੈ। ਇਸ ਲਈ ਹਰ ਭਾਸ਼ਾਈ ਜਨਸਮੂਹ ਦੇ ਆਪਣੇ-ਆਪਣੇ ਅਨੁਭਵਾਂ ਦੇ ਸ਼ਬਦੀ ਸੰਕਲਪ ਜਾਂ ਬਿੰਬ ਅਡ-ਅਡ ਹਨ। ਹਰ ਭਾਸ਼ਾਈ ਜਨਸਮੂਹ ਦੇ ਅਨੁਭਵੀ ਗਿਆਨ ਨੂੰ ਸੰਭਾਲਣ ਅਤੇ ਇਸ ਦਾ ਪਸਾਰਾ ਕਰਨ ਲਈ ਹਰ ਭਾਸ਼ਾ ਨੂੰ ਸੰਭਾਲਣਾ ਅਤੇ ਉਸ ਨੂੰ ਵਿਕਸਿਤ ਕਰਨਾ ਮਨੁਖ ਜਾਤੀ ਦੀ ਆਪਣੀ ਲੋੜ ਹੈ। ਕਿਸੇ ਬਝਵੀਂ ਥਾਂ ਅੰਦਰ ਕੁਦਰਤੀ ਰੂਪ ਵਿਚ ਵਿਕਸਿਤ ਹੋਇਆ ਇਕ ਭਾਸ਼ਾਈ ਭਾਈਚਾਰਾ ਹੀ ਹੈ ਜਿਸ ਨੇ ਆਪਣੀ ਭਾਸ਼ਾ, ਆਪਣੇ ਸਭਿਆਚਾਰ ਅਤੇ ਆਪਣੇ ਧਰਮਾਂ ਵਿਚਲੀ ਫਿਲਾਸਫੀ ਦੀ ਪੜਚੋਲ ਕਰਦਿਆਂ ਹੋਇਆਂ ਆਤਮਿਕ ਆਜਾਦੀ ਪ੍ਰਾਪਤ ਕਰਨੀ ਹੈ। ਹਰ ਬੋਲੀ ਦਾ ਹਰੇਕ ਸ਼ਬਦ ਹਜ਼ਾਰਾਂ ਸਾਲਾਂ ਦੇ ਇਤਿਹਾਸਕ ਮਨੁਖੀ ਵਿਕਾਸ ਦਾ ਸਿਟਾ ਹੈ। ਹਰੇਕ ਸ਼ਬਦ ਲਿਖਣ ਵਿਚ ਇਕ ਇਕਲਾ ਅਖਰ ਨਹੀਂ ਬਲਕਿ ਇਸ ਵਿਚ ਵਿਕਸਿਤ ਹੋਇਆ ਇਕ ਪੂਰਾ ਸੰਕਲਪ ਬਿਰਾਜਮਾਨ ਹੈ।

ਦੇਹੀ, ਮਨ, ਆਤਮਾ, ਚੇਤਨਾ, ਸਵੈਚੇਤਨਾ, ਆਜ਼ਾਦੀ, ਜਮਹੂਰੀਅਤ, ਮੁਕਤੀ ਅਤੇ ਹੋਰ ਸਾਰੇ ਸ਼ਬਦ ਇਕ ਇਕਲੇ ਅਖਰ ਨਹੀਂ ਹਨ। 'ਆਜ਼ਾਦੀ' ਦਾ ਸ਼ਬਦ ਹਰ ਮਨੁਖ ਦੇ ਮਨ ਵਿਚ ਆਪਣੇ-ਆਪਣੇ ਅਰਥ ਸਾਕਾਰ ਕਰਦਾ ਹੈ। ਕਿਸੇ ਲਈ ਆਜ਼ਾਦੀ ਦਾ ਅਰਥ ਆਪਣੇ ਮਨ ਵਿਚ ਪੈਦਾ ਹੁੰਦੀਆਂ ਵਧ ਤੋਂ ਵਧ ਇਛਾਵਾਂ ਦੀ ਪੂਰਤੀ ਕਰਨਾ ਹੈ। ਕਿਸੇ ਹੋਰ ਲਈ ਇਸ ਦਾ ਅਰਥ, ਉਸ ਕੋਲੋਂ ਕਿਸੇ ਦੂਜੇ ਮਨੁਖ ਦੀ ਧਕੇ ਨਾਲ ਕਰਵਾਈ ਜਾ ਰਹੀ ਵਗਾਰ ਤੋਂ ਆਜ਼ਾਦੀ ਹਾਸਲ ਕਰਨਾ ਹੈ। ਕਿਸੇ ਤੀਜੇ ਮਨੁਖ ਲਈ ਇਸ ਦਾ ਅਰਥ ਆਪਣੇ ਦੇਸ ਦੀ ਕਿਸੇ ਦੂਜੇ ਦੇਸ ਵਲੋਂ ਕੀਤੀ ਜਾ ਰਹੀ ਆਰਥਿਕ ਲੁਟ ਜਾਂ ਹੰਢਾਈ ਜਾ ਰਹੀ ਰਾਜਸੀ ਗੁਲਾਮੀ ਤੋਂ ਛੁਟਕਾਰਾ ਹਾਸਲ ਕਰਨਾ ਹੈ। ਕਿਸੇ ਹੋਰ ਲਈ ਆਜ਼ਾਦੀ ਦਾ ਅਰਥ ਆਪਣੇ ਤੋਂ ਕਮਜ਼ੋਰਾਂ ਕੋਲੋਂ ਧਕੇ ਨਾਲ ਆਪਣੀ ਸੇਵਾ ਕਰਵਾਉਣਾ ਹੈ। ਇਸੇ ਤਰ੍ਹਾਂ ਮੁਕਤੀ ਦਾ ਅਰਥ ਹਰ ਇਕ ਦੇ ਮਨ ਵਿਚ ਬਣਿਆ ਹੋਇਆ ਇਸ ਦਾ ਆਪਣਾ-ਆਪਣਾ ਸੰਕਲਪ ਰੂਪਮਾਨ ਕਰਦਾ ਹੈ। ਕਿਸੇ ਲਈ ਮੁਕਤੀ ਦਾ ਅਰਥ ਇਸ ਸੰਸਾਰ ਤੋਂ ਰੁਖਸਤ ਹੋਣਾ ਹੈ। ਕਿਸੇ ਲਈ ਆਪਣੇ ਧਾਰਮਿਕ ਰਹਿਬਰ ਦੇ ਕਹੇ ਬਚਨਾਂ ਅਨੁਸਾਰ ਕਰਮਕਾਂਡ ਕਰਨਾ ਹੀ ਮੁਕਤੀ ਹੈ। ਕਿਸੇ ਹੋਰ ਲਈ ਇਸ ਸ਼ਬਦ ਦੇ ਅਰਥ ਭਾਲਦਿਆਂ ਸਾਰੀ ਉਮਰ ਦੀ ਭਟਕਣਾ ਹੀ ਉਸ ਦੀ ਹੋਣੀ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਅਜਿਹੇ ਮਨੁਖਾਂ ਨੂੰ ਮਰਨ ਤੋਂ ਬਾਅਦ ਹੀ ਮੁਕਤੀ ਮਿਲਦੀ ਹੈ।

ਹਰ ਭਾਸ਼ਾਈ ਸਭਿਆਚਾਰਕ ਜਨਸਮੂਹ ਕੌਮ ਜਾਂ ਕੌਮੀਅਤ ਦਾ ਮੁਢਲਾ ਰੂਪ ਹੈ। ਕੌਮ ਦਾ ਸੰਕਲਪ ਪੂੰਜੀਵਾਦੀ ਦੌਰ ਦੀ ਦੇਣ ਹੈ। ਪੂੰਜੀਵਾਦ ਨੇ ਜਾਗੀਰਦਾਰੀ ਵਿਰੁਧ ਲੜਦਿਆਂ ਹੋਇਆਂ ਜਨਸਮੂਹਾਂ ਨੂੰ ਆਪਣੇ ਮਗਰ ਲਾਮਬੰਦ ਕਰਨ ਦੇ ਮੰਤਵ ਨਾਲ ਇਸ ਸੰਕਲਪ ਨੂੰ ਉਭਾਰਿਆ। ਉਸ ਦੌਰ ਵਿਚ ਇਹ ਸੰਕਲਪ ਅਗਾਂਹਵਧੂ ਸੀ, ਇਸ ਲਈ ਜਨਸਮੂਹਾਂ ਨੇ ਇਸ ਸੰਕਲਪ ਨੂੰ ਪ੍ਰਵਾਨ ਕਰ ਲਿਆ। ਪਰ ਸਾਮਰਾਜੀ ਸੰਸਾਰੀਕਰਨ ਦੇ ਇਸ ਦੌਰ ਵਿਚ ਆ ਕੇ ਇਸ ਦਾ ਅਗਾਂਹਵਧੂ ਰੋਲ ਬਹੁਤ ਸੀਮਤ ਹੈ। ਇਸ ਦਾ ਅਗਾਂਹਵਧੂ ਰੋਲ ਹੁਣ ਸਾਮਰਾਜੀ ਜਕੜ ਤੋਂ ਮੁਕਤੀ ਦੇ ਪ੍ਰਸੰਗ ਵਿਚ ਹੀ ਬਣਦਾ ਹੈ। ਸਾਮਰਾਜੀ ਜਕੜ ਵਿਚੋਂ ਮੁਕਤੀ ਪ੍ਰਾਪਤ ਕਰਨ ਲਈ ਸੰਘਰਸ਼ ਕਰਦਿਆਂ ਅਡ-ਅਡ ਕੌਮੀ ਰਾਜਾਂ ਦੀ ਵਕਤੀ ਹੋਂਦ ਬਣੀ ਰਹਿ ਸਕਦੀ ਹੈ। ਪਰ ਅਜੋਕੇ ਆਲਮੀ ਪ੍ਰਸੰਗ ਵਿਚ ਕੌਮੀ ਰਾਜ ਜ਼ਿਆਦਾ ਦੇਰ ਟਿਕਾਊ ਹੋਣੇ ਮੁਸ਼ਕਿਲ ਹਨ। ਕਿਉਂਕਿ ਰੂਹਾਨੀਅਤ ਵਿਹੂਣੀ ਕੌਮੀ ਮਾਨਸਿਕਤਾ ਸਰਬਸਾਂਝੀਵਾਲਤਾ ਅਤੇ ਸਰਬਤ ਦੇ ਭਲੇ ਦੀ ਮਾਨਸਿਕਤਾ ਵਿਚ ਅੜਿਕਾ ਬਣਦੀ ਹੈ। ਜਿਵੇਂ ਕਿ ਰੂਸ ਅਤੇ ਚੀਨ ਸਮੇਤ ਅਜੋਕੇ ਸਾਰੇ ਮੁਲਕਾਂ ਵਿਚ ਬਣੀ ਹੋਈ ਹੈ।

# ਜਿਸਦੇ ਉਗਲਾਂ ਦੇ ਪੋਟਿਆਂ ਚੋਂ ਆਪ ਮੁਹਾਰੇ ਦਿਲ ਟੁੰਬਵਾਂ ਸੰਗੀਤ ਨਿਕਲਦਾ ਹੈ -ਸੰਗੀਤਕਾਰ ਕਿੱਲ ਬੰਦਾ

ਸੰਗੀਤ ਉਹ ਜ਼ੋ ਰੂਹਾਨੀਅਤ ਸਕੂਨ ਦੇਵੇ,ਕੰਨ ਪਾੜਵੇਂ ਸ਼ੋਰ ਤੋਂ ਮੁਕਤ ਕੰਨਾਂ ਵਿੱਚ ਰਸ ਘੋਲੇ। ਸੰਗੀਤ ਨੂੰ ਸੁਣ ਕੇ ਮਨ ਨੂੰ ਟਿਕਾਅ ਮਿਲੇ ਅਤੇ ਸੰਗੀਤ ਦੀਆਂ ਧੁਨਾਂ ਮਨ ਮੋਹ ਲੈਣ। ਅਜਿਹੇ ਹੀ ਸੰਗੀਤ ਨੂੰ ਆਪਣੇ ਉਂਗਲਾਂ ਦੇ ਪੋਟਿਆਂ ਦਾ ਸ਼ਿੰਗਾਰ ਬਣਾਉਣ ਲਈ ਯਤਨਸ਼ੀਲ ਹੈ- ਸੰਗੀਤਕਾਰ ਕੁਲਦੀਪ ਸਿੰਘ ਉਰਫ ਕਿੱਲ ਬੰਦਾ।

ਸੰਗੀਤ ਦੀ ਦੁਨੀਆਂ ਦੇ ਅੰਬਰਾਂ ਚ ਬਿਨ ਖੰਭਾਂ ਤੋਂ ਉੱਚੀਆਂ ਸੰਗੀਤਕ ਉਡਾਰੀਆਂ ਮਾਰਨ ਵਾਲੇ ਕੁਲਦੀਪ ਸਿੰਘ ਨੇ ਸੰਗੀਤਕ ਘਰਾਣੇ ਦੇ ਸ਼ਾਹੀ ਸ਼ਹਿਰ ਪਟਿਆਲਾ ਚ ਪਿਤਾ ਸ੍ਰ.ਉੱਦਮ ਸਿੰਘ ਅਤੇ ਮਾਤਾ ਸ੍ਰੀਮਤੀ ਮੁਖਤਿਆਰ ਕੌਰ ਦੇ ਘਰ ਜਨਮ ਲਿਆ ਅਤੇ ਸੰਗੀਤ ਦੀਆਂ ਉਹ ਮੰਜ਼ਲਾਂ ਤਹਿ ਕਰ ਗਿਆ,ਜਿਸ ਬਾਰੇ ਉਸਦਾ ਸੁਪਨਾ ਹੀ ਸੀ। ਇਨਸਾਨ ਆਪਣੇ ਅੰਦਰ ਕੰਡਿਆਲੇ ਰਾਹਾਂ ਤੇ ਨੰਗੇ ਪੈਰੀਂ ਬੁਲੰਦ ਹੌਸਲੇ ਨਾਲ ਇਰਾਦਾ ਦ੍ਰਿੜ ਕਰਕੇ ਚੱਲਣ ਦੀ ਹਿੰਮਤ ਕਰ ਲਵੇ ਤਾਂ ਸਫਲਤਾ ਕਦਮ ਚੁੰਮਦੀ ਹੈ। ਆਪਣੀ ਜ਼ਿੰਦਗੀ ਦੀਆਂ 38 ਕੁ ਰੰਗੀਨ ਬਹਾਰਾਂ ਅਤੇ ਪੱਤਝੜਾਂ ਦਾ ਆਨੰਦ ਮਾਣ ਚੁੱਕੇ ਕੁਲਦੀਪ ਸਿੰਘ ਨੂੰ ਸਿਮਰ ਗਿੱਲ ਦੇ ਸੁਪਰ ਹਿੱਟ ਗੀਤ "ਰੋਟੀ.." ਨੇ ਸੰਗੀਤਕਾਰ ਕਿੱਲ ਬੰਦਾ ਬਣਾ ਦਿੱਤਾ। ਉਸਨੇ ਇੱਕ ਸੰਖੇਪ ਮੁਲਾਕਾਤ ਦੌਰਾਨ ਦੱਸਿਆ ਕਿ ਸੰਗੀਤ ਦਾ ਸ਼ੌਕ ਉਸਨੂੰ ਬਚਪਨ 'ਚ ਪੈ ਗਿਆ ਸੀ, ਕਿਉਂਕਿ ਉਸਦੇ ਪਿਤਾ ਜੀ ਕੀਰਤਨੀ ਜੱਥੇ ਨਾਲ ਕੀਰਤਨ ਕਰਿਆ ਕਰਦੇ ਸਨ।ਉਸਦਾ ਸੁਪਨਾ ਕੀਬੋਰਡ ਜਾਂ ਪਿਆਨੋ ਪਲੇਅ ਕਰਨਾ ਸੀ,ਪਰ ਆਰਥਿਕ ਮੰਦਹਾਲੀ ਕਾਰਣ ਉਹ ਕੀ ਬੋਰਡ ਨਹੀਂ ਖਰੀਦ ਸਕਿਆ ਅਤੇ ਢੋਲਕ ਖਰੀਦ ਕੇ ਸੰਗੀਤ ਦੇ



ਖੇਤਰ ਚ ਕਦਮ ਰੱਖਿਆ। ਸ਼ੁਰੂਆਤ ਦਿਨਾਂ ਚ ਪਿਤਾ ਜੀ ਅਤੇ ਪਟਿਆਲਾ ਘਰਾਣੇ ਦੇ ਹੋਰ ਉਸਤਾਦਾਂ ਦੀ ਸ਼ਾਗਿਰਦੀ 'ਚ ਸੰਗੀਤਕ ਧੁਨਾਂ ਅਤੇ ਸੁਰਾਂ ਦਾ ਗਿਆਨ ਪ੍ਰਾਪਤ ਕੀਤਾ। ਮਿਹਨਤ, ਲਗਨ, ਸੰਜੀਦਗੀ, ਸਹਿਣਸ਼ੀਲਤਾ ਅਤੇ ਸੰਗੀਤਕ ਖਿੱਚ ਨੇ ਕਿੱਲ ਬੰਦੇ ਨੂੰ ਔਕੜਾਂ ਤੋਂ ਘਬਰਾਉਣ ਨਹੀਂ ਦਿੱਤਾ, ਸਗੋਂ ਹੋਰ ਮਜ਼ਬੂਤ ਅਤੇ ਪ੍ਰਪੱਕ ਹੋਣ ਲਈ ਉਤਸ਼ਾਹਿਤ ਕੀਤਾ। ਉਸਦਾ ਸੁਪਨਾ ਗਾਇਕਾਂ ਨਾਲ ਸਟੇਜ ਸ਼ੋਆਂ ਚ ਮਿਲੇ ਪਿਆਰ ਨਾਲ ਸਾਕਾਰ ਹੁੰਦਾ ਜਾਪਿਆ। ਪਾਕਿਸਤਾਨੀ ਗਾਇਕਾ ਰੇਸ਼ਮਾ ਤੋਂ ਇਲਾਵਾ ਬਾਲੀਵੁੱਡ ਅਤੇ ਪੰਜਾਬ ਦੇ ਸਟਾਰ ਗਾਇਕਾਂ ਨਾਲ ਸਟੇਜ ਸ਼ੋ ਕਰਨ ਦਾ ਸੁਭਾਗ ਪ੍ਰਾਪਤ ਸੰਗੀਤਕਾਰ ਕਿੱਲ ਬੰਦਾ ਨੂੰ ਆਰ ਦੀਪ ਦੇ ਹਿੱਟ ਗੀਤ "ਫਲੈਟ " ਨੇ ਨਿਵੇਕਲੀ ਪਛਾਣ ਦਿਵਾਈ। ਮਨਿੰਦਰ ਬਾਠ ਦੇ "ਕੈਮ" ਗੀਤ ਨਾਲ ਉਸਦਾ ਨਾਮ ਸੰਗੀਤਕ ਸਫ਼ਾਂ ਦੀ ਮੂਹਰਲੀ ਕਤਾਰ ਚ ਬੋਲਣ ਲੱਗ ਪਿਆ।

ਬੱਸ ਫਿਰ ਪਿੱਛੇ ਮੁੜਕੇ ਨਹੀ ਦੇਖਿਆ।ਗਾਇਕ ਸਿੰਘਾ ਦੇ ਗੀਤਾਂ 'ਖਾਕੇ ਨਿਰਨੇ ਕਾਲਜੇ ਮਰਜੋ ਜਿਨਾਂ ਨੂੰ ਜੱਟ ਜ਼ਹਿਰ ਲੱਗਦਾ', 'ਅੱਗ ਦਾ ਬਰੋਲਾ', 'ਡਰ ਸਾਡੇ ਤੋਂ' ਆਦਿ ਤੋਂ ਇਲਾਵਾ ਜੀ ਸੰਧੂ ਦਾ ਵਿਆਹ, ਦੀਪ ਸੋਹੀ ਦਾ ਮੇਰੀ ਜਾਨ, ਸੁਖਵੰਤ ਲਵਲੀ ਦਾ ਮਾਪੇ, ਰੋਮੀ ਮਾਨ ਦਾ ਬਾਰਡਰ ਨੇੜੇ ਪਿੰਡ ਆਦਿ ਸੁਪਰ ਹਿੱਟ ਗੀਤਾਂ ਨੂੰ ਸੰਗੀਤਕ ਧੁਨਾਂ ਚ ਪ੍ਰੋਣ ਦਾ ਸੰਗੀਤਕਾਰ ਕਿੱਲ ਬੰਦਾ ਮਾਣ ਹਾਸਲ ਹੈ। ਜੰਮੂ ਕਸ਼ਮੀਰ ਦੀ ਗਲਵਾਨ ਘਾਟੀ ਚ ਚੀਨ ਨਾਲ ਲੋਹਾ ਲੈਂਦਿਆਂ ਸ਼ਹਾਦਤ ਦਾ ਜਾਮ ਪੀਣ ਵਾਲੇ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਿਤ ਗਾਇਕ ਅਤੇ ਅਦਾਕਾਰ ਕਰਮਜੀਤ ਅਨਮੋਲ ਦੇ ਅੱਜਕਲ੍ਹ ਚਰਚਿਤ ਗੀਤ "ਬੇਬੇ ਤੇਰਾ ਪੁੱਤ" ਨੂੰ ਵੀ ਸੰਗੀਤਕ ਸੰਗੀਤਕਾਰ ਕਿੱਲ ਬੰਦਾ ਨੇ ਦਿੱਤਾ ਹੈ। ਭਵਿੱਖ ਚ ਗਾਇਕ ਸਿੰਘਾ,ਆਰ ਨੇਤ, ਸਿੱਪੀ ਗਿੱਲ, ਰੋਮੀ ਮਾਨ,ਸਾਰਥੀ ਕੇ ਆਦਿ ਗਾਇਕਾਂ ਦੇ ਗੀਤਾਂ ਚ ਸੰਗੀਤ ਸੰਗੀਤਕਾਰ ਕਿੱਲ ਬੰਦਾ ਦਾ ਸੁਣਨ ਨੂੰ ਮਿਲੇਗਾ। ਉਸਦਾ ਕਹਿਣਾ ਹੈ ਕਿ ਸੰਗੀਤ ਸ਼ੋਰ ਮੁਕਤ ਰੂਹਾਨੀਅਤ ਸਕੂਨ ਦੇਣ ਵਾਲਾ ਅਤੇ ਮਨਮੋਹਕ ਹੋਣਾ ਚਾਹੀਦਾ ਹੈ। ਜਦੋਂ ਰੂਹ ਨਾਲ ਸੰਗੀਤ ਵਿਚ ਵੜ ਜਾਈਏ ਤਾਂ ਉਂਗਲਾਂ ਦੇ ਪੋਟਿਆਂ ਚੋਂ ਅਲੋਕਿਕ ਧੁਨਾਂ ਪ੍ਰਗਟ ਹੋ ਜਾਂਦੀਆਂ ਹਨ। ਉਸਦਾ ਸੁਪਨਾ ਗੁਰਬਾਣੀ ਸ਼ਬਦਾਂ ਨੂੰ ਸੰਗੀਤਕ ਧੁਨਾਂ ਚ ਪ੍ਰੋਣ ਦਾ ਹੈ।ਦੁਆ ਹੈ ਉਹਨਾਂ ਦਾ ਇਹ ਸੁਪਨਾ ਵਾਹਿਗੁਰੂ ਜਲਦੀ ਪੂਰਾ ਕਰਨ।



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

# ਸਾਹਿਤ ਦੇ ਸੁਸ਼ਾਂਤ ਸਿੰਘ ਰਾਜਪੂਤ



ਡਾ ਨਿਸ਼ਾਨ ਸਿੰਘ
91-75892-33437

ਫ਼ਿਲਮ ਸਟਾਰ ਸੁਸ਼ਾਂਤ ਸਿੰਘ ਰਾਜਪੂਤ ਨੇ ਪਿਛਲੇ ਦਿਨੀਂ ਆਤਮ-ਹੱਤਿਆ ਕਰ ਲਈ। ਇਹ ਬਹੁਤ ਦੁਖਦਾਈ ਅਤੇ ਮੰਦਭਾਗੀ ਘਟਨਾ ਹੈ। ਮਨੁੱਖ ਦੀ ਜ਼ਿੰਦਗੀ 'ਚ ਵੱਡੀਆਂ-ਵੱਡੀਆਂ ਔਕੜਾਂ ਆਉਂਦੀਆਂ ਹਨ ਪਰ ਆਤਮ-ਹੱਤਿਆ ਕਿਸੇ ਔਕੜ/ ਮਸਲੇ ਦਾ ਹੱਲ ਨਹੀਂ ਹੁੰਦਾ। ਸਗੋਂ ਇਹਨਾਂ ਔਕੜਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਵਾਲੇ ਲੋਕ ਨਵੀਆਂ ਪੈੜਾਂ ਸਿਰਜਦੇ ਹਨ ਜਿਹੜੀਆਂ ਆਉਣ ਵਾਲੀਆਂ ਨਸਲਾਂ ਲਈ ਚਾਨਣ ਮੁਨਾਰੇ ਦਾ ਕੰਮ ਕਰਦੀਆਂ ਹਨ। ਖ਼ੈਰ! ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਮਗ਼ਰੋਂ ਬਾਲੀਵੁੱਡ 'ਚ ਭੇਦਭਾਵ ਅਤੇ ਭਾਈ-ਭਤੀਜਾਵਾਦ ਦਾ ਸੱਚ ਉਜਾਗਰ ਹੋ ਗਿਆ ਹੈ। ਲੋਕਾਂ ਨੂੰ ਇਸ ਗੱਲ ਦਾ ਇਲਮ ਹੋ ਗਿਆ ਹੈ ਕਿ ਉਹਨਾਂ ਦੇ ਚਹੇਤੇ ਸਿਤਾਰਿਆਂ ਦੀ ਦੁਨੀਆਂ ਵੀ ਭ੍ਰਿਸ਼ਟਾਚਾਰ ਤੋਂ ਮੁਕਤ ਨਹੀਂ ਹੈ।



ਹੈਰਾਨੀ ਅਤੇ ਅਚੰਭੇ ਵਾਲੀ ਗੱਲ ਇਹ ਹੈ ਕਿ ਸਿਨੇਮਾ ਰਾਹੀਂ ਲੋਕਾਂ ਨੂੰ ਜਾਗਰੁਕ ਕਰਨ ਵਾਲੇ ਲੋਕ ਖ਼ੁਦ ਤੰਗ ਦਿਲਾਂ ਦੇ ਮਾਲਕ ਨਿਕਲੇ। ਹੁਣ ਤੱਕ ਦੀਆਂ ਵਿਚਾਰ-ਚਰਚਾਵਾਂ ਤੋਂ ਇਹ ਸਾਬਿਤ ਹੁੰਦਾ ਹੈ ਕਿ ਬੌਲੀਵੁੱਡ 'ਚ ਕਲਾK ਹੁਨਰ ਦੀ ਕਦਰ ਨਹੀਂ ਬਲਕਿ ਉੱਥੇ 'ਗੌਡ ਫ਼ਾਦਰ' ਵੱਧ ਪਾਵਰਫੁੱਲ ਹੁੰਦਾ ਹੈ। ਫ਼ਿਲਮੀ ਸਿਤਾਰਿਆਂ ਦੇ ਧੀਆਂ-ਪੁੱਤਰ ਇਸ ਖ਼ੇਤਰ ਵਿਚ ਮਿਹਨਤ ਤੋਂ ਬਿਨਾਂ ਹੀ ਸਫ਼ਲ ਹੋ ਜਾਂਦੇ ਹਨ ਕਿਉਂਕਿ ਉਹਨਾਂ ਕੋਲ ਆਪਣੇ ਮਾਂ-ਬਾਪ ਦਾ ਵੱਡਾ ਨਾਮ ਹੁੰਦਾ ਹੈ। ਪਰ ਛੋਟੇ ਸ਼ਹਿਰਾਂ 'ਚੋਂ ਨਿਕਲੇ ਪ੍ਰਤਿਭਾਵਾਨ ਮੁੰਡੇ-ਕੁੜੀਆਂ ਦਾ ਅੰਤ ਸੁਸ਼ਾਂਤ ਸਿੰਘ ਰਾਜਪੂਤ ਵਰਗਾ ਹੁੰਦਾ ਹੈ।

ਪਿਤਾ-ਪੁਰਖ਼ੀ ਕਿੱਤਿਆਂ ਉੱਪਰ ਉਹਨਾਂ ਦੀਆਂ ਔਲਾਦਾਂ ਦਾ ਇਹ ਕਬਜ਼ਾ ਸਿਰਫ਼ ਫ਼ਿਲਮਾਂ ਤੱਕ ਹੀ ਸੀਮਤ ਨਹੀਂ ਹੈ ਬਲਕਿ ਰਾਜਨੀਤੀ ਅਤੇ ਧਰਮ ਵਿਚ ਵੀ ਪ੍ਰਚੰਡ ਰੂਪ ਵਿਚ ਵਿਦਮਾਨ ਹੈ। ਸਾਹਿੱਤ ਦਾ ਖ਼ੇਤਰ ਵੀ ਇਸ ਭ੍ਰਿਸ਼ਟਾਚਾਰ ਤੋਂ ਬਚ ਨਹੀਂ ਸਕਿਆ। ਇਸ ਭ੍ਰਿਸ਼ਟਾਚਾਰ ਦਾ ਨੁਕਸਾਨ ਪ੍ਰਤਿਭਾਵਾਨ ਲੇਖਕਾਂ ਨੂੰ ਹੋਇਆ ਜਿਹੜੇ ਇਸ ਖ਼ੇਤਰ ਵਿਚ ਉੱਕਾ ਹੀ ਨਵੇਂ ਸਨ। ਉਹਨਾਂ ਕੋਲ ਸੁਸ਼ਾਂਤ ਸਿੰਘ ਰਾਜਪੂਤ ਵਾਂਗ ਪ੍ਰਤਿਭਾ ਤਾਂ ਸੀ ਪਰ ਵੱਡਾ ਨਾਮ ਨਹੀਂ ਸੀ। ਫ਼ਿਲਮ ਅਤੇ ਰਾਜਨੀਤੀ ਨਾਲੋਂ ਸਾਹਿੱਤ ਦਾ ਖ਼ੇਤਰ ਤਾਂ ਇੱਕ ਕਦਮ ਅੱਗੇ ਪਹੁੰਚ ਗਿਆ ਹੈ। ਇੱਥੇ ਸਥਾਪਿਤ ਲੇਖਕ/ ਲੇਖਿਕਾਵਾਂ ਆਪਣੇ ਧੀਆਂ-ਪੁੱਤਰਾਂ ਜਾਂ ਘਰਵਾਲੇ-ਘਰਵਾਲੀਆਂ ਨੂੰ ਹੀ ਪ੍ਰਮੋਟ ਨਹੀਂ ਕਰਦੇ ਬਲਕਿ ਪ੍ਰੇਮੀ- ਪ੍ਰੇਮਿਕਾਵਾਂ ਨੂੰ ਵੀ ਕਲਮਕਾਰ ਬਣਾ ਦਿੰਦੇ ਹਨ। ਉਂਝ ਭਾਵੇਂ ਉਹਨੂੰ ਕੁਝ ਨਾ ਆਉਂਦਾ ਹੋਵੇ ਪਰ ਵੱਡੇ-ਵੱਡੇ ਕਵੀ ਦਰਬਾਰਾਂ ਅਤੇ ਸਾਹਿਤਿਕ ਸੰਮੇਲਨਾਂ ਵਿਚ ਉਹਨਾਂ ਦੀ ਹਾਜ਼ਰੀ ਪੱਕੀ ਹੁੰਦੀ ਹੈ। ਇਨਾਮਾਂ ਦੀ ਵੰਡ ਮੌਕੇ ਵੀ ਸਾਹਿੱਤਕਾਰਾਂ ਦੇ ਧੀਆਂ-ਪੁੱਤਰਾਂ ਜਾਂ ਸਾਕ-ਸੰਬੰਧੀਆਂ ਨੂੰ ਪਹਿਲ ਮਿਲ ਜਾਂਦੀ ਹੈ ਕਿਉਂਕਿ ਇਨਾਮ ਵੰਡ ਸਮਾਗਮ ਦਾ ਮੁੱਖ ਮਹਿਮਾਨ ਤਾਂ 'ਆਪਣਿਆਂ' ਲਈ ਜਦੋਜਹਿਦ ਕਰ ਰਿਹਾ ਹੁੰਦਾ ਹੈ।

ਇਸ ਨਾਲ ਨਵੇਂ ਪ੍ਰਤਿਭਾਵਾਨ ਮੁੰਡੇ-ਕੁੜੀਆਂ ਦਾ ਭਵਿੱਖ ਖ਼ਰਾਬ ਹੋ ਜਾਂਦਾ ਹੈ ਕਿਉਂਕਿ ਫ਼ਿਲਮਾਂ ਵਾਂਗ ਸਾਹਿੱਤ ਵਿਚ ਵੀ ਪੁਰਾਣੇ ਲੇਖਕ ਨਵੇਂ ਲੇਖਕ ਨੂੰ ਪ੍ਰਵਾਨ ਨਹੀਂ ਕਰਦੇ। ਪ੍ਰੋ- ਰਾਬਿੰਦਰ ਸਿੰਘ ਮਸਰੂਰ ਹੁਰਾਂ ਦਾ ਇੱਕ ਸ਼ਿਅਰ ਹੈ; 'ਝੜ ਰਹੇ ਪੱਤਿਆਂ ਨੂੰ ਇਸ ਗੱਲ ਤੇ ਬੜਾ ਇਤਰਾਜ਼ ਹੈ। ਇਹ ਨਵੇਂ ਪੱਤੇ ਨਿਕਲਦੇ ਸਾਰ ਸਿਖ਼ਰਾਂ ਹੋ ਗਏ।' (ਤੁਰਨਾ ਮੁਹਾਲ ਹੈ)

ਪੁਰਾਣੇ ਲੋਕ ਨਵੇਂ ਮੁੰਡੇ-ਕੁੜੀਆਂ ਨੂੰ ਮੂਲੋਂ ਹੀ ਰੱਦ ਕਰ ਦਿੰਦੇ ਹਨ। ਹਾਂ, ਸਰੀਰਿਕ ਅਤੇ ਆਰਥਿਕ ਸੋਸ਼ਣ ਝੱਲ ਚੁਕੇ ਨਵੇਂ ਲੇਖਕK ਲੇਖਿਕਾਵਾਂ ਭਾਵੇਂ ਕੁਝ ਹੱਦ ਤੱਕ ਪ੍ਰਵਾਨ ਹੋਣ ਪਰ ਬਹੁਤੇ ਸਫ਼ਲ ਹੋ ਵੀ ਨਹੀਂ ਹੋ ਪਾਉਂਦੇ।

ਅੱਜਕਲ੍ਹ ਸੋਸ਼ਲ-ਮੀਡੀਆ ਦਾ ਜ਼ਮਾਨਾ ਹੈ। ਬਹੁਤ ਸਾਰੇ ਮੰਚ ਅਜਿਹੇ ਹਨ ਜਿੱਥੇ ਨਵੇਂ ਲੇਖਕ ਆਪਣੀ ਗੱਲ ਰੱਖ ਸਕਦੇ ਹਨ ਪਰ 99% ਪੁਰਾਣੇ ਲੇਖਕ ਨੁਕਤਾਚੀਨੀ ਕਰਕੇ ਹੌਸਲਾ ਤੋੜਨ ਦਾ ਯਤਨ ਕਰਦੇ ਹਨ। ਆਪਣੀਆਂ ਲਿਖ਼ਤਾਂ ਉੱਪਰ ਵਿਚਾਰ-ਚਰਚਾਵਾਂ ਚਾਹੁੰਦੇ ਹਨ ਪਰ ਨਵੇਂ ਮੁੰਡੇ-ਕੁੜੀਆਂ ਦੀਆਂ ਰਚਨਾਵਾਂ ਉੱਪਰ ਭੁੱਲ ਕੇ ਵੀ ਵਿਚਾਰ ਨਹੀਂ ਪ੍ਰਗਟਾਉਂਦੇ। ਇਹ ਬਿਰਤੀ ਉਸੇ ਬਿਰਤੀ ਵਰਗੀ ਹੈ ਜਿਸ ਦੇ ਸਿੱਟੇ ਵੱਜੋਂ ਸੁਸ਼ਾਂਤ ਸਿੰਘ ਰਾਜਪੂਤ ਵਰਗੇ ਪ੍ਰਤਿਭਾਵਾਨ ਸਟਾਰ ਨੇ ਆਤਮ-ਹੱਤਿਆ ਵਰਗਾ ਕਦਮ ਚੁਕ ਲਿਆ। ਪਰ ਅਫ਼ਸੋਸ! ਸਾਹਿੱਤ ਵਿਚ ਸੈਂਕੜੇ ਹੀ ਸੁਸ਼ਾਂਤ ਸਿੰਘ ਰਾਜਪੂਤ ਰੁਲ਼ ਰਹੇ ਹਨ ਪਰ ਉਹਨਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਅਤੇ ਇਸ ਭ੍ਰਿਸ਼ਟਾਚਾਰ ਉੱਪਰ ਵਾਰ ਕਰਨ ਵਾਲਾ ਵੀ ਕੋਈ ਕਲਮਕਾਰ ਸਾਹਮਣੇ ਆ ਰਿਹਾ ਕਿਉਂਕਿ ਇਸ ਹਮਾਮ ਵਿਚ ਸਭ ਨੰਗੇ ਹਨ।

ਆਖ਼ਰ 'ਚ ਖ਼ੇਤਰ ਕੋਈ ਵੀ ਹੋਵੇ, ਸਖ਼ਤ ਮਿਹਨਤ ਅਤੇ ਦ੍ਰਿੜ ਇਰਾਦੇ ਦੀ ਮੰਗ ਕਰਦਾ ਹੈ। ਜਿਹੜੇ ਲੋਕ ਛੇਤੀ ਹੀ ਢੇਰੀ ਢਾਹ ਜਾਂਦੇ ਹਨ ਉਹ ਆਪਣੀਆਂ ਮੰਜ਼ਿਲਾਂ ਉੱਪਰ ਕਦੇ ਵੀ ਨਹੀਂ ਪਹੁੰਚ ਪਾਉਂਦੇ ਪਰ ਜਿਹੜੇ ਸਿਰੜੀ ਲੋਕ ਇਹਨਾਂ ਔਕੜਾਂ ਦਾ ਸਾਹਮਣਾ ਡੱਟ ਕੇ ਕਰਦੇ ਹਨ ਉਹ ਲੋਕ ਮੰਜ਼ਿਲ ਦੇ ਮੱਥੇ ਉੱਪਰ ਜਿੱਤ ਦੀ ਤਖ਼ਤੀ ਗੱਡ ਦਿੰਦੇ ਹਨ।

# ਅਖ਼ੌਤੀ ਸਾਹਿਤਕਾਰਾਂ ਨੂੰ ਸਲਾਮ- ਵਿਅੰਗ



ਪਰਸ਼ੋਤਮ ਲਾਲ ਸਰੋਏ
91-92175-44348

ਪਿਆਰੇ ਪਾਠਕੋ ਬਈ ਕਹਿੰਦੇ ਨੇ ਕਿ ਵਾਲਾਂ ਦਾ ਅਲਾਹਿਦਾ ਜਿਹਾ ਸਟਾਈਲ ਬਣਾ ਕੇ, ਹੱਥਾਂ ਦੀਆਂ ਉਂਗਲਾਂ ਵਿੱਚ ਮੁੰਦਰੀਆਂ ਪਾ ਕੇ ਚੈਨੀਆਂ-ਸ਼ੈਨੀਆਂ ਪਾ ਕੇ ਹੱਥ ਵਿੱਚ ਕੋਈ ਮਾਈਕ-ਸਾਈਕ ਆਦਿ ਫੜ੍ਹ ਲਿਆ ਤਾਂ ਸਮਝੋ ਤੁਸੀਂ ਗਾਇਕ ਬਣ ਗਏ। ਉਹਦੇ ਵਾਸਤੇ ਸੁਰ-ਤਾਲ ਵਿੱਚ ਹੋਣਾ ਵੀ ਬਹੁਤਾ ਜ਼ਰੂਰੀ ਨਹੀਂ ਸਮਝਿਆ ਜਾਂਦਾ। ਬਸ ਕਿੰਗ (ਤੂੰਬੀ) ਹੱਥ ਵਿੱਚ ਫੜ੍ਹ ਕੇ ਚਾਰ ਕੁ ਏਧਰ ਉਧਰ ਦੀ ਬੇ-ਸੁਰੀਆਂ ਹੇਕਾਂ ਵੀ ਲਾ-ਲਾ ਕੇ ਮਾਡਲਾਂ ਨੂੰ ਅੱਧਨੰਗੇ ਕੱਪੜੇ ਪੁਆ ਕੇ ਵੀਡੀਓ-ਸੀਡੀਓ ਬਣਾ ਲਿਆ ਤਾਂ ਸਮਝੋ ਤੁਹਾਨੂੰ ਸਟਾਰ ਬਣਨ ਤੋਂ ਕੋਈ ਵੀ ਰੋਕ ਨਹੀਂ ਸਕਦਾ ਚਾਹੇ ਸੂਰਜ ਉਲਟ ਦਿਸ਼ਾ ਵੱਲ ਚੜ੍ਹਨਾ ਹੀ ਸ਼ੁਰੂ ਕਿਉਂ ਨਾ ਕਰ ਦੇਵੇ ਪਰ ਤੁਸੀਂ ਸਟਾਰ ਬਣ ਕੇ ਹੀ ਰਹੋਗੇ। ਸੋ ਜਿਸ ਤਰ੍ਹਾਂ ਗਾਇਕ ਜਾਂ ਸਟਾਰ ਬਣਨ ਲਈ ਉਪਰੋਕਤ ਸ਼ਰਤਾਂ/ ਖ਼ੂਬੀਆਂ ਪੂਰੀਆਂ ਕਰਨ ਦੀ ਜ਼ਰੂਰਤ ਹੁੰਦੀ ਹੈ ਉਵੇਂ ਹੀ 'ਸਾਹਿਤਕਾਰ' ਬਣਨਾ ਤਾਂ ਇਸ ਤੋਂ ਵੀ ਕਿੱਧਰੇ ਵੱਧ ਆਸਾਨ ਕੰਮ ਹੈ। ਬੱਸ ਇੱਕ ਨੋਟ ਬੁੱਕ ਲਓ ਤੇ ਇੱਕ ਪੈਨਸਿਲ ਜਾਂ ਪੈੱਨ ਲੈ ਲਿਆ ਜਾਵੇ। ਅਰਥਾਤ ਜ਼ਿਆਦਾ ਇਨਵੈਸਟਮੈਂਟ ਕਰਨ ਦੀ ਵੀ ਕੋਈ ਬਹੁਤਾ ਲੋੜ ਨਹੀਂ ਹੈ।

ਵੈਸੇ ਵੀ ਦੇਖਿਆ ਜਾਵੇ ਤਾਂ ਕੋਈ ਵੀ ਬਿਜ਼ਨਸ ਜਾਂ ਧੰਦਾ ਸ਼ੁਰੂ ਕਰਨਾ ਹੋਵੇ ਤਾਂ ਉਸ ਵਾਸਤੇ ਹਜ਼ਾਰਾਂ ਨਹੀਂ ਬਲਕਿ ਲੱਖਾਂ ਰੁਪਏ ਦਾ ਨਿਵੇਸ (ਇਨਵੈਸਟਮੈਂਟ) ਕਰਨਾ ਪੈਂਦਾ ਹੈ। ਅਜਿਹੀ ਪ੍ਰਸਥਿਤੀ ਵਿੱਚ 'ਸਾਹਿਤਕਾਰ' ਵਾਲਾ ਕੰਮ-ਧੰਦਾ ਜਾਂ ਬਿਜ਼ਨਸ ਉਂਝ ਹੀ ਫ਼ਾਇਦੇ ਦਾ ਸੌਦਾ ਬਣ ਜਾਂਦਾ ਹੈ। ਕਿਉਂਕਿ ਇਸ ਬਿਜ਼ਨਸ ਵਿੱਚ ਕੋਈ ਜ਼ਿਆਦਾ ਇਨਵੈਸ਼ਟਮੈਂਟ ਕਰਨ ਦੀ ਵੀ ਲੋੜ ਨਹੀਂ। ਪੰਜ-ਦਸ ਰੁਪਏ ਦਾ ਇਕ ਪੈੱਨ ਜਾਂ ਪੈਨਸ਼ਿਲ ਲਓ ਤੇ ਏਨੇ ਕੁ ਦੀ ਇੱਕ ਕਾਪੀ ਲੈ ਲਓ। ਭਾਵ ਪੰਦਰਾਂ-ਵੀਹ ਕੁ ਰੁਪਏ ਖਰਚ ਕਰੋ ਤੇ ਉੱਲਟੀਆਂ ਸਿੱਧੀਆਂ ਲੀਕਾਂ ਲਗਾ ਕੇ ਕਿਸੇ ਦੀ ਲੱਤ ਫੜ੍ਹ ਲਓ ਤੇ ਕਿਸੇ ਦੀ ਬਾਂਹ ਫੜ੍ਹ ਲਓ। ਆਪੇ 'ਸਾਹਿਤਕਾਰ' ਬਣ ਗਏ।

ਫੇਰ ਆਪਣੀ 'ਸਾਹਿਤਕਾਰੀ' ਦੀ ਮਸ਼ਹੂਰੀ ਦਾ ਤਾਂ ਹੋਰ ਵੀ ਵੱਧ ਸਸਤਾ ਤੇ ਟਿਕਾਊ ਤਰੀਕਾ ਹੈ ਮਹਿਫ਼ਲਾਂ ਵਿੱਚ ਜਾਣਾ। ਕਿਤੇ ਚਾਰ ਕੁ ਭੋਲੇ ਪੰਛੀ ਜੁੜ ਬੈਠੇ ਉਨ੍ਹਾਂ ਦੀ ਤੌੜੀ ਵਿੱਚ ਆਪਣੀ 'ਸਾਹਿਤਕਾਰੀ' ਦਾ ਤੜਕਾ ਲਗਾਉਣ ਲਈ ਕੜਛੀ ਘੁਮਾ ਲਓ। ਕੜਛੀ ਘੁੰਮ ਗਈ ਤਾਂ ਸਮਝੋ ਸਬਜੀ ਤਿਆਰ ਜੋ ਗੀ'। ਗੱਲ ਕੀ ਜੀ 'ਸਾਹਿਤਕਾਰੀ' ਦੀ ਕੜੀ ਨੂੰ ਤੜਕਾ ਲਗਾ ਕੇ ਸਨਮਾਨ ਪ੍ਰਾਪਤ ਕਰਨਾ ਤਾਂ ਹੋਰ ਵੀ ਆਸ਼ਾਨ ਕੰਮ ਹੈ।

'ਸਾਹਿਤਕਾਰੀ' ਦਾ ਬਿਜਨਸ ਜ਼ੋਰ ਫੜਨ ਵਿੱਚ ਰਤਾ ਟਾਇਮ ਨਹੀਂ ਲਾਉਂਦਾ। ਬਸ਼ਰਤੇ ਕਿ ਮਾਇਆ ਦਾ ਆਭਾਵ ਨਾ ਹੋਵੇ। ਬਾਕੀ ਇਸ ਲਈ ਵੀ ਕੋਈ ਚਿੰਤਾ ਕਰਨ ਦੀ ਲੋੜ ਨਹੀਂ। ਬਸ ਜਾ ਧਮਕੋ ਕਿਸੇ ਵੀ ਮਹਿਫ਼ਲ ਵਿੱਚ ਤੇ ਪੜ੍ਹ ਦਿਓ ਆਪਣਾ ਲੱਲਾ-ਭੱਬਾ ਤੇ ਗੱਲ ਨਾ ਸਮਝ ਆਈ 'ਤੇ ਵੀ ਵਿੱਚੋਂ ਕਿਸੇ ਨੇ ਉੱਚੀ ਦੇਣੀ ਵਾਹ-ਵਾਹ ਕਹਿ 'ਤੀ ਤਾਂ ਆਪੇ ਈ ਪੌਅ-ਬਾਰਾਂ ਹੋ ਗਈਆਂ ਸਮਝੋ। ਵੈਸੇ ਵੀ ਫ਼ੋਕੀ ਵਾਹ-ਵਾਹ ਖੱਟਣ ਦਾ ਕੋਈ ਮਜ਼ਾ ਈ ਅਲੱਗ ਹੁੰਦਾ ਹੈ। ਅਰਥਾਤ 'ਸਾਹਿਤਕਾਰੀ' ਦੇ ਬਿਜ਼ਨਸ ਨੂੰ ਫ਼ਾਇਦਾ ਹੋਣਾ ਸ਼ੁਰੂ ਹੋ ਜਾਣਾ। ਇਸ ਬਿਸ਼ਨਸ ਦੇ ਜ਼ੋਰ ਫੜ੍ਹਨ ਵਿੱਚ ਕਲਾ ਦੇ ਹੋਣ ਦਾ ਕੋਈ ਬਹੁਤਾ ਹੱਥ ਨਹੀਂ ਹੁੰਦਾ। 'ਸਾਹਿਤਕਾਰੀ' ਦਾ ਬਿਜ਼ਨਸ ਜ਼ੋਰ ਫੜ੍ਹ ਗਿਆ ਤਾਂ ਸਮਝੋ ਮਾਇਆ 'ਕੱਠੀ ਹੋ ਗੀ'। ਜਦ ਮਾਇਆ ਆ ਗਈ ਤਾਂ ਸਮਝੋ ਸਨਮਾਨ ਵੀ ਖਰੀਦ ਹੋ ਜਾਣੇ ਨੇ। ਜੇਬ ਢਿੱਲੀ ਕਰੋ ਜਾਂ ਤਲਬੇ ਚੱਟੋ ਤਾਂ ਫਿਰ ਸਨਮਾਨਾਂ ਦੀ ਛਤਰ-ਛਾਇਆ ਆਪੇ ਹੋ ਜਾਣੀ ਹੈ ਭਾਈ!

ਅਰਥਾਤ ਸਨਮਾਨ ਪ੍ਰਾਪਤੀ ਵਿੱਚ ਆਉਣ ਵਾਲੀਆਂ ਸਾਰੀਆਂ ਮੁਸ਼ਕਿਲਾਂ, ਗੁੰਝਲਾਂ ਨੇ ਕਿਨਾਰਾ ਕਰ ਜਾਣਾ। ਭਾਵ ਸਨਮਾਨ ਪ੍ਰਾਪਤੀ ਵਿੱਚ ਕੋਈ ਦਿੱਕਤ ਪੇਸ਼ ਨਹੀਂ ਆਉਣੀ। ਪ੍ਰਧਾਨ ਸੈਬ੍ਹ ਤੇ ਸੈਟਕਰੀ (ਸੈਕਟਰੀ) ਸੈਬ ਨੇ ਆਪੇ ਕੰਨ ਵਿੱਚ ਕਹਿ ਦੇਣਾ ਕਿ ਆਉਣ ਵਾਲੇ ਐਸ ਮਹੀਨੇ ਦੀ ਐਨੀ ਤਾਰੀਕ ਨੂੰ ਤੁਹਾਡਾ ਸਨਮਾਨ ਜਾਂ ਸਰੋਪਾ ਪੱਕਾ।

ਏਨਾ ਧਿਆਨ ਰੱਖਣਾ ਕਿ ਆਈ ਹੋਈ ਸੰਗਤ ਜਾਂ ਸ਼ਰਧਾਲੂਆਂ ਨੂੰ ਚਾਹ-ਪਾਣੀ ਪ੍ਰੋਗਰਾਮ ਵੀ ਉਲੀਕਿਆ ਜਾਣਾ ਹੈ, ਉਸ ਵੱਲ ਵੀ ਥੋੜ੍ਹਾ ਤਵੱਜੋਂ ਦੇਣਾ ਭਾਈ! ਮੇਰੇ ਵਰਗੇ ਨੇ ਆਪੇ ਕਹਿ ਦੇਣਾ ਪ੍ਰਧਾਨ ਸੈਬ੍ਹ ਜੀ, ਸੈਟਕਰੀ ਸੈਬ੍ਹ! ਕੋਈ ਗੱਲ ਨ੍ਹੀਂ ਉਸ ਦੀ ਤੁਸੀਂ ਚਿੰਤਾ ਨਾ ਕਰਨਾ ਇਹ ਮੇਰੀ ਹੱਡਏਕ ਹੈ। ਪਰ ਇਕ ਵਾਰ ਮੇਰੀ ਬਹਿਜਾ-ਬਹਿਜਾ ਹੋ ਜਾਣੀ ਚਾਹੀਦੀ ਹੈ।



ਸਰੋਪਾ ਜਾਂ ਸਨਮਾਨ ਪ੍ਰਾਪਤੀ ਦਾ ਉਹ ਭਾਗਾਂ ਭਰਿਆ ਖ਼ੁਸ਼ੀ ਦਾ ਦਿਨ ਆ ਈ ਜਾਣਾ ਫੇ'। ਅਖੌਤੀ 'ਵਿਦਵਾਨਾਂ' ਨੇ ਪਰਚੇ ਵੀ ਪੜ੍ਹਨੇ। ਕੇਤਲੀ ਦੀ ਗਰਮਾ-ਗਰਮਾ ਚਾਹ ਦੀ ਮਹਿਕ ਨੇ ਉਨ੍ਹਾਂ ਬਚਾਰਿਆਂ ਦਾ ਦਿਲ ਵੀ ਮਹਿਕਾ ਦੇਣਾ ਤੇ ਉਹ ਵੀ ਗਦ-ਗਦ ਹੋ ਉੱਠਣੇ। ਉਨ੍ਹਾਂ ਦੇ ਦਿਲ ਵਿੱਚ ਇਸ ਗੱਲ ਦੇ ਲੱਡੂ ਭੁਰਨੇ ਸ਼ੁਰੂ ਹੋਣੇ ਕਿ "ਸ਼ਾਇਦ ਮੇਰੀ ਸ਼ਾਦੀ ਕਾ ਖ਼ਿਆਲ ਦਿਲ ਮੇਂ ਆਇਆ, ਇਸੀ ਲੀਏ ਮੰਮੀ ਨੇ ਚਾਏ ਪੇ ਬੁਲਾਇਆ ਹੈ।'' ਉਹਦੇ ਕੋਲੋਂ ਵੀ ਇਹ ਤਨੋਂ ਮਨੋਂ ਧਨੋਂ ਕੀਤੀ ਗਈ ਸੇਵਾ ਨੂੰ ਅਣਗੌਲਿਆਂ ਨਹੀਂ ਕਰ ਹੋਣਾ ਤੇ ਤਾਰੀਫ਼ਾਂ ਦੇ ਪੁਲ਼ ਬੰਨ੍ਹਣੇ ਈ ਪੈਣੇ ਹਨ।ਜੇ ਸੈਟਕਰੀ ਨੇ ਤਾਰੀਫ਼ ਨਾ ਕੀਤੀ ਤਾਂ ਪ੍ਰੋਗਰਾਮ ਖ਼ਤਮ ਹੋਣ 'ਤੇ ਸੈਟਕਰੀ ਸੈਬ੍ਹ ਨੂੰ ਉਲ੍ਹਾਹਮਾਂ ਵੀ ਤਾਂ ਦੇ ਮਾਰਨਾ, "ਬਈ ਸੈਟਕਰੀ ਸੈਬ੍ਹ! ਤੈਂਅ ਚੰਗੀ ਕੀਤੀ... ਜਮ੍ਹਾਂ ਈ ਸੁਆਦ ਨ੍ਹੀਂ ਆਇਆ।

ਕੇਤਲੀਆਂ ਵਿੱਚ ਪਾਈ ਗਰਮਾ-ਗਰਮ ਚਾਹ ਤੇ ਨਾਲ ਮੱਠੀਆਂ ਜਾਂ ਪਕੌੜੇ ਆਦਿ ਨੇ ਆਈ ਹੋਈ ਸੰਗਤ ਨੂੰ ਬਾਬਾ ਰਾਮ ਦੇਵ ਜੀ ਦੇ ਜੋਗ ਵਾਲਾ ਸੁੱਖ ਪ੍ਰਦਾਨ ਕਰਨਾ। ਫਿਰ ਜਦੋਂ ਅਜਿਹੀ ਪ੍ਰਸਿਥਤੀ ਪੈਦਾ ਹੋ ਗਈ ਤਾਂ ਮੂੰਹ ਵਿੱਚੋਂ ਤਾਂ ਆਪਣੇ ਆਪ ਹੀ ਵਾਹ-ਵਾਹ ਨਿਕਲਣੀ। ਪ੍ਰਧਾਨ ਸੈਬ੍ਹ ਨੇ ਚਾਹ ਦੀ ਚੁਸਕੀ ਲੈਂਦੇ ਹੋਏ ਆਪਣੇ ਅੰਦਾਜ਼ ਵਿੱਚ ਸਨਮਾਨ ਲਈ ਮੁਬਾਰਕਵਾਦ ਪੇਸ਼ ਕਰਨੀ ਹੈ। ਸੈਟਕਰੀ (ਸੈਕਟਰੀ) ਸੈਬ੍ਹ ਨੇ ਵੀ ਇਸ ਗੱਲ ਵੱਲ ਇਸ਼ਾਰਾ ਕਰਨਾ ਬਈ "ਵਾਕਇ ਈ ਬਹੁਤ ਵਧੀਆ ਸ਼ਖ਼ਸੀਅਤ ਨੇ।' ਸਮੁੰਦਰ ਵਿੱਚ ਕੁੱਜਾ ਲਪੇਟ ਲਿਆ। ਨਾਲੇ ਹੀ ਇਹ ਵੀ ਅਨਾਉਂਸਮੈਂਟ ਕਰ ਦੇਣੀ ਬਈ 'ਚਾਹ ਪੀਂਦੇ ਪੀਂਦੇ ਫਲਾਣਾ ਸੈਬ੍ਹ ਦੀ ਸ਼ਾਇਰੀ ਦਾ ਲੁਤਫ਼ ਵੀ ਲੈ ਲਿਆ ਜਾਵੇ। ਮੇਰੇ ਵਰਗੇ ਨੇ ਆਪਣੀ ਜੇਬ ਵਿੱਚੋਂ ਪੁਰਾਣੀ ਜਿਹੀ ਕਾਪੀ ਦਾ ਇੱਕ ਕਾਗਜ਼ ਕੱਢਣਾ ਤੇ ਜੁੜੀ ਹੋਈ ਮਹਿਫ਼ਲ ਵਿੱਚੋਂ ਪ੍ਰਧਾਨਗੀ ਮੰਡਲ ਵਿੱਚ ਬੈਠਿਆਂ ਦਾ ਧਿਆਨ ਆਪਣੇ ਵੱਲ ਕੇਂਦ੍ਰਿਤ ਕਰਨ ਲਈ ਉਨ੍ਹਾਂ ਵਿੱਚ ਵੀ ਅਦਬ-ਸਤਿਕਾਰ ਦੀ ਫ਼ੂਕ ਭਰਨ ਉਪਰੰਤ ਆਪਣੀਆਂ ਕੁਝ ਕੜੀ ਘੋਲਵੀਆਂ ਸਤਰਾਂ ਪੜ੍ਹਨੀਆਂ ਸ਼ੁਰੂ ਕਰ ਦੇਣੀਆਂ :-

ਬਈ ਜਿਹਦੇ ਕੋਲੇ ਮਾਇਆ ਮਿੱਤਰੋ!
ਸਾਹਿਤਕਾਰ ਉਹ ਵੱਡੇ,
ਅਸਲ ਕਲਾ ਦੇ ਵਾਲਿਆਂ ਨੇ ਤਾਂ,
ਐਵੇਂ ਈ ਮੂੰਹ ਅੱਡੇ।
ਮੇਰੀ ਕਲਮ ਨੂੰ ਲਿਖਣਾ ਨਾ ਅਵੇ,
ਮੱਝ ਥੱਲਿਓਂ ਝੋਟੇ ਵੱਲ ਜਾਵੇ,
ਸਮਝ ਨ੍ਹੀਂ ਮੇਰੀ ਵਾਹ-ਵਾਹ ਕਾਹਤੋਂ,
ਬੋਲੀ ਬਣਦੀ ਪਾਵੇ ਪਾਵੇ,
ਮੈਂ ਦੋ-ਚਾਰ ਲਕੀਰਾਂ ਵਾਹ ਕੇ,
ਖੇਡਦਾਂ ਅੱਡੇ-ਖੱਡੇ।
ਬਈ ਜਿਹਦੇ ਕੋਲੇ ਮਾਇਆ ਮਿੱਤਰੋ!
ਸਾਹਿਤਕਾਰ ਉਹ ਵੱਡੇ..

ਬਸ ਜੀ ਫਿਰ ਕੀ 'ਵਾਹ ਸ਼ੇਰਾ ਕੁਛ ਨ੍ਹੀਂ ਤੇਰਾ' ਵਾਲੀ ਗੱਲ ਹੋਣੀ ਕੋਈ ਤਾੜੀ ਤੱਕ ਨ੍ਹੀਂ ਵੱਜਣੀ। ਦੁਨੀਆਂ ਦੀ ਇੱਕ ਸੱਚਾਈ ਹੈ ਕਿ ਇੱਥੇ ਕੂੜ ਹੀ ਵਿਕਦਾ ਹੈ ਤੇ ਖਰੇ ਸੋਨੇ ਦਾ ਕੋਈ ਵੀ ਮੁੱਲ ਨਹੀਂ ਪਾ ਸਕਦਾ। ਕਿਉਂਕਿ ਇਹ ਰੱਜਿਆਂ ਦੀ ਦੁਨੀਆਂ ਹੈ ਭਾਈ। ਬਾਕੀ ਵੈਸੇ ਵੀ ਤਾਂ ਆਪਾਂ ਇਹ ਗੱਲ ਸਹਿਜ ਸੁਭਾਅ ਵਿੱਚ ਕਹਿ ਜਾਂਦੇ ਹਾਂ ਕਿ 'ਜਿੰਨੇ ਰੱਜੇ ਉਨੇ ਭੁੱਖੇ। ਉੱਪਰੋਂ ਮਿੱਠੇ, ਅੰਦਰੋਂ ਰੁੱਖੇ' ਦੂਜਿਆਂ ਦਾ ਮਸੀਹਾ ਬਣਨ ਦੀ ਲੱਗੀ ਹੋਈ ਇਸ ਦੌੜ ਵਿੱਚ ਹੀਰਿਆਂ ਦੀ ਪਰਖ ਕਰਨ ਵਿੱਚ ਵਿਹਲ ਕਿਹਦੇ ਕੋਲ ਹੈ।

ਬਾਕੀ ਵੈਸੇ ਵੀ ਹੀਰੇ ਦੀ ਪਰਖ ਕਰਨੀਂ ਕਿਸੇ ਜ਼ੌਹਰੀ ਦਾ ਕੰਮ ਹੀ ਹੁੰਦਾ ਹੈ। ਚਲੋ ਗੱਲ ਛੱਡੋ। ਮੈਨੂੰ ਵੀ ਥੋੜ੍ਹਾ ਲੱਲਾ ਲਿਖਣੇ ਦੀ ਚੇਤਕ ਪੈ ਗੀ'। ਮੈਂ ਵੀ ਕੁਝ ਅੱਖਰ ਲਿਖਣ ਲੱਗ ਪਿਆ। ਸੁਭਾਵਤ ਹੀ ਸੀ ਵਿਦਵਾਨਾਂ ਨਾਲ ਵੀ ਮੇਲ-ਜੋਲ ਹੋਣਾ ਵੀ ਸ਼ੁਰੂ ਹੋ ਗਿਆ। ਪਰ ਵਿਦਵਾਨਾਂ ਦੀ ਕੈਟਾਗਰੀ ਵਿੱਚ ਐਡਮਿਸ਼ਨ ਲੈਣ ਦਾ ਹੀਆ ਨਾ ਪਿਆ। ਕਿਉਂਕਿ-

ਪੀ. ਐੱਚ. ਡੀ. ਨਾ ਕੀਤੀ ਯਾਰੋ,
ਨਾ ਕੀਤੀ ਕੋਈ ਬੇਈਮਾਨੀ,
ਅਜੇ ਤੱਕ ਮੇਰੇ ਨੇੜੇ ਐਸੀ,
ਢੁਕੀ ਨਾ ਕੋਈ ਜ਼ਨਾਨੀ,
ਸ਼ਾਤੀ ਵੀ ਮੈਥੋਂ ਦੂਰ ਭਜਾਈ,
ਪੂਜਾ ਨੇ ਵੀ ਕਦਰ ਨ੍ਹੀਂ ਪਾਈ,
ਅਰਚਨਾ ਨੂੰ ਕਿਹਾ, ਕੀ ਇਰਾਦਾ,
ਉਹਨੇ ਵੀ ਕੀਤੀ ਗੱਲ ਨਾ ਕਾਈ,
ਅਰਾਧਨਾ ਦੇ ਵੱਲ ਨੂੰ ਵਧਿਆ,
ਉਹ ਵੀ ਮੇਰੀ ਗੱਲ ਨਾ ਮਾਨੀ,
ਅੱਕ ਫੇ' ਸ਼ੁਕਰਾਨਾ ਕੀਤਾ,
ਰੱਬਾ! ਤੇਰੀ ਬੜੀ ਮੇਹਰਬਾਨੀ।

ਜਿਹੜਾ ਵੀ ਇਕ ਵਾਰੀ ਸਾਹਿਤਕਾਰੀ ਦੀ ਮੋਟਰ-ਗੱਡੀ 'ਤੇ ਚੜ੍ਹ ਗਿਆ ਫਿਰ ਨਹੀਂ ਉਤਰਦਾ। ਚਾਹੇ ਐਕਸੀਡੈਂਟ ਹੀ ਕਿਉਂ ਨਾ ਹੋ ਜਾਵੇ। ਸਭ ਕਾਸੇ ਵਿੱਚ ਮਿਲਾਵਟ, ਘਪਲੇਬਾਜ਼ੀ ਆਦਿ ਆਉਣ ਕਰਕੇ ਸਾਹਿਤਕ ਖੇਤਰ ਕਿਹਦੀ ਨੂੰਹ-ਧੀ ਨਾਲੋਂ ਘੱਟ ਹੈ। ਹਰ ਕੋਈ ਆਪਣੇ ਆਪ ਵਿੱਚ ਵੱਡਾ ਵਿਦਵਾਨ ਹੈ। ਪਰ ਮੈਂ ਅਕਸਰ ਇਸ ਸੋਚ ਦੀ ਸੀਮਾ ਤੱਕ ਪਹੁੰਚਣ ਤੋਂ ਹਿਚਕਾਉਂਦਾ ਹਾਂ। ਪਰ ਦੂਸਰੇ ਪਾਸੇ ਜੇ ਕਿਸੇ ਨੂੰ ਦੂਸਰੇ ਦੀ ਗੱਲ ਲੈ ਲਓ ਉਹਨੂੰ ਵਿਦਵਾਨ ਨਾ ਮੰਨਿਆ ਜਾਵੇ ਤਾਂ ਗਲ਼ ਪੈ ਜਾਂਦਾ ਹੈ। ਕਿਉਂਕਿ ਬੈਂਕ ਬੈਲੇਂਸ ਦਾ ਜ਼ਮਾਨਾ ਏ ਵੱਡਾ। ਅੱਜਕੱਲ੍ਹ ਕਲਾ ਨਾਲੋਂ ਬੈਂਕ ਬੈਲੈਂਸ ਦਾ ਵੱਡਾ ਹੋਣਾ ਜ਼ਿਆਦਾ ਜ਼ਰੂਰੀ ਹੋ ਗਿਆ ਹੈ। ਸੋ ਬੈਂਕ ਬੈਲੈਂਸ ਦੇਖ ਹਰ ਕਿਸੇ ਦੁਆਰਾ ਉਸ ਨੂੰ ਵਿਦਵਾਨ ਮੰਨਣਾ ਹੀ ਪੈਣਾ ਹੈ। ਇਹ ਕਹਿਣਾ ਈ ਪੈਂਦਾ ਏ 'ਬਈ ਕਯਾ ਬਾਤ ਏ! ਬਹੁਤ ਵੱਡਾ ਵਿਦਵਾਨ ਆ।''

ਏਥੇ ਕੂੜ ਦਾ ਸੌਦਾ ਵਿਕਦਾ ਏ,
ਤੇ ਕੂੜ ਦੇ ਖਰੀਦਾਰ ਨੇ,
ਅਸਲ ਕਲਾ ਦੇ ਵਾਲੇ ਐਵੇਂ,
ਹੋਏ ਅਵਾਜ਼ਾਰ ਨੇ
ਕਲਾ ਨੂੰ ਲਹੂ ਲੁਹਾਨ ਏ ਕੀਤਾ,
ਮਾਇਆ ਦੇ ਹਥਿਆਰ ਨੇ।
ਐਵਾਰਡ ਭਾਰੀਆਂ ਜੇਬਾਂ ਟੋਲ੍ਹ ਕੇ,
ਬਣੇ ਉਨ੍ਹਾਂ ਦੇ ਯਾਰ ਨੇ।

ਛਿਲੜਾਂ ਦਾ ਐਵਾਰਡ, ਸਨਮਾਨ ਚਿੰਨ ਜਾਂ ਸਰੋਪੇ ਆਦਿ ਖਰੀਦ ਲਏ ਜਾਂਦੇ ਹਨ। ਕਲਾ ਦਾ ਰੰਗ, ਮਾਇਆ ਦੇ ਮੁਕਾਬਲੇ ਬੜਾ ਫਿੱਕਾ ਪੈ ਗਿਆ ਜਾਪਦਾ ਹੈ। ਐਸੀ ਪ੍ਰਸਿਥਤੀ ਪੈਦਾ ਹੋਣ ਦੇ ਬਾਵਜੂਦ ਵੀ ਕੋਈ ਸੂਝਵਾਨ ਸ਼ਾਇਰ ਆਸ਼ਾਵਾਦੀ ਸੋਚ ਨਹੀਂ ਤਿਆਗ਼ਦਾ ਤੇ ਆਪਣਾ ਕਰਮ ਕਰਦਾ ਰਹਿੰਦਾ ਹੈ। ਕਿਉਂਕਿ ਉਸ ਨੂੰ ਇਹ ਗੱਲ ਦਾ ਅਹਿਸਾਸ ਹੈ ਕਿ :-

ਵਕਤ ਆਨੇ ਪਰ ਕਰਵਾ ਦੇਂਗੇ,
ਹੱਦੋਂ ਕਾ ਅਹਿਸਾਸ,
ਕੁਛ ਤਾਲਾਬ ਖ਼ੁਦ ਕੋ,
ਸਮੁੰਦਰ ਸਮਝ ਬੈਠੇਂ ਹੈਂ।

ਅੰਤ ਵਿੱਚ ਸਭ ਮਹਾਨ-ਭਾਵ ਸਖ਼ਸ਼ੀਅਤਾਂ ਦੇ ਲਈ ਕੁਝ ਸਤਰਾਂ ਮੇਰੇ ਮਨ ਵਿੱਚ ਆਪ-ਮੁਹਾਰੇ ਉੱਠ ਰਹੀਆਂ ਹਨ ਜੋ ਕੁਝ ਇਸ ਤਰ੍ਹਾਂ ਹਨ :-

ਮਾਇਆ-ਪੱਖੀ ਸਾਹਿਤਕਾਰ!
ਹਾਂ ਚੰਗੇ-ਭਲੇ ਬੇ-ਨਾਮ,
ਸਾਡਾ ਅਖ਼ੌਤੀ 'ਸਾਹਿਤਕਾਰਾਂ ਨੂੰ,
ਕੋਟਿ-ਕੋਟਿ ਪ੍ਰਣਾਮ।

# ਗੁਣਾਕਾਰੀ ਗੁੜ ਦੀ ਸੱਭਿਆਚਾਰਕ ਸਾਂਝ



ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ
91-78374-90309

ਵਾਤਾਵਰਨ ਦੇ ਬਦਲਣ ਨਾਲ ਖਾਣੇ ,ਖੇਤੀ ਦੇ ਕੰਮ ਅਤੇ ਫਸਲੀ ਚੱਕਰ ਵਿੱਚ ਬਦਲਾਉ ਆਉਣ ਕੁਦਰਤੀ ਹੈ। ਇਸ ਵਿੱਚ ਪੰਜਾਬੀ ਸੱਭਿਆਚਾਰ ਪੂਰੀ ਤਰਾ ਲੀਨ ਹੈ । ਗੰਨੇ ਦੀ ਆਮਦ ਸਦਕਾ ਘੁਲਾੜੀਆ ਦੇ ਗੁੜ ਨਾਲ ਖੇਤ ਤੇ ਤੌੜੀ ਵਿੱਚ ਰਿੱਜਦੇ ਸਾਗ ਦੀ ਖੁਸਬੂ ਨਾਲ ਘਰ ਮਹਿਕਣ ਲਗਦਾ ਹੈ। ਸਾਗ ਤਾ ਭਾਂਵੇ ਤੌੜੀ ਵਿਚੋ ਨਿਕਲ ਕੇ ਕੂਕਰਾ ਵਿੱਚ ਪਹੁੰਚ ਗਿਆ। ਪਰ ਗੁੜ ਬਣਾਉਣ ਦੇ ਵੱਡੇ ਅਕਾਰੀ ਕਾਰਜ ਕਰਕੇ ਆਪਣੀ ਦੇਸੀ ਹੋਂਦ ਬਚਾ ਰੱਖੀ । ਪੁਰਾਣੇ ਸਮੇ ਘਰ ਵਿੱਚ ਮਿੱਠੇ ਦੀ ਵਰਤੋ ਲਈ ਗੰਨੇ ਪੀੜ ਕੇ ਗੁੜ ਖੁਦ ਹੀ ਤਿਆਰ ਕੀਤਾ ਜਾਦਾ ਸੀ । ਆਮ ਹੀ ਬੱਚੇ ਗੁੜ ਖਾਣ ਦੀ ਲਾਲਸਾ ਨਾਲ ਘੁਲਾੜੀ ਤੇ ਪਹੁੰਚ ਜਾਦੇ । ਆਜਿਹੇ ਮੌਕੇ ਗੰਨੇ ਪੀੜਨ ਜਾ ਝੋਕਾ ਲਾਉਣ ਦਾ ਕੰਮ ਹਾਸਾ ਮਜਾਕ ਚ ਹੀ ਨਿਬੇੜ ਦਿੰਦੇ ਸਨ। ਅਜੋਕੇ ਸਮੇ ਦੇ ਬੱਚੇ ਗੁੜ ਬਣਨ ਦੀ ਪ੍ਰਕਿਰਿਆ ਤੇ ਗੰਨਾ ਚੂਪਣ ਤੋ ਵੀ ਅਣਜਾਨ ਹੀ ਹਨ। ਪਰ ਇਸਦੀ ਪੇਂਡੂ ਸੱਭਿਆਚਾਰ ਨਾਲ ਸਦੀਵੀ ਗੂੜੀ ਸਾਂਝ ਨੂੰ ਅੱਖੋ ਪਰੋਖੇ ਨਹੀ ਕੀਤਾ ਜਾ ਸਕਦਾ । ਪਹਿਲਾ ਲੋਕ ਵਿਆਹ ਸਾਦੀ ਤੇ ਬੱਚੇ ਦੇ ਜਨਮ ਸਮੇ ਪਿੰਡ ਵਿੱਚ ਗੁੜ ਹੀ ਵੰਡਦੇ ਸਨ । ਖਾਸ ਕਰ ਮੁੰਡੇ ਦੀ ਪਹਿਲੀ ਲੋਹੜੀ ਸਮੇ ਪਿੰਡ ਵਿੱਚ ਗੁੜ ਅਤੇ ਮੂੰਗਫਲੀ ਨੂੰ ਘਰ-ਘਰ ਵੰਡ ਕੇ ਖੁਸੀ ਮਨਾਈ ਜਾਦੀ ਸੀ। ਇਥੋ ਤੱਕ ਘਰ ਆਏ ਪ੍ਰਹੁਣਿਆ ਨੂੰ ਦੇਸੀ ਘਿਉ ਵਿਚ ਗੁੜ ਜਾ ਸ਼ੱਕਰ ਮਿਲਾ ਕੇ ਖਾਣੇ ਨਾਲ ਪ੍ਰੋਸਿਆ ਜਾਦਾ। ਖੇਤਾ ਵਿੱਚ ਕੰਮ ਕਰਦੇ ਸ਼ੀਰੀ ਪਾਲੀਆ ਨੂੰ ਖਾਸ ਕਰ ਹਾੜੀ-ਸ਼ਾਉਣੀ ਦੀ ਵਾਢੀ ਸਮੇ ਥਕੇਵਾ ਲਾਉਣ ਜਾ ਧੂੜ ਮਿੱਟੀ ਤੋ ਗਲੇ ਦੀ ਰਾਹਤ ਲਈ ਗੁੜ ਖਾਣ ਨੂੰ ਦਿੰਦੇ। ਸੁਆਣੀਆ ਭੜੋ-ਲੀਆ ਵਿੱਚ ਸਾਲ ਭਰ ਦੇ ਮਿੱਠੇ ਲਈ ਗੁੜ ਸਟੋਰ ਕਰ ਲੈਦੀਆ ਸਨ। ਸਰਦੀਆ ਵਿੱਚ ਗੁੜ ਖਾਣਾ ਕਿਸੇ ਚਵਨਪ੍ਰਾਸ ਤੋ ਘਟ ਨਹੀ। ਜਿਥੇ ਇਸ ਨਾਲ ਬਲੱਡ ਪ੍ਰੈਸਰ ਠੀਕ ਰਹਿੰਦਾ, ਉਥੇ ਹੀ ਖਾਣਾ ਹਜਮ ਕਰਨ ਵਿੱਚ ਮੱਦਦਗਾਰ ਹੈ। ਦੇਸੀ ਗੁੜ ਨਾਲ ਬਣੀਆ ਗਰਮਾ ਗਰਮ ਸੇਮੀਆ ਖਾਣ ਨਾਲ ਨਜਲਾ , ਜੁਕਾਮ ਤੇ ਸਰਦੀ ਤੋ ਬਚਿਆ ਜਾਣ ਦਾ ਘਰੇਲੂ ਨੁਸਖਾ ਹੈ। ਜਣੇਪੇ ਬਾਅਦ ਔਰਤ ਨੂੰ ਅਜਵੈਣ ਨਾਲ ਗੁੜ ਨਾਲ ਮਿਲਾ ਕੇ ਦੇਣਾ ਵੀ ਲਾਭਕਾਰੀ ਮੰਨਿਆ ਜਾਦਾ ਸੀ। ਪਹਿਲਾ ਵਾਗ ਅੱਜ ਦੇ ਬੱਚਿਆ ਵਿੱਚ ਮਿੱਠਾ ਖਾਣ ਦੀ ਉਹ ਲਲਕ ਨਹੀ। ਕਿਉ ਕਿ ਮਾਪੇ ਉਹਨਾ ਨੂੰ ਅਸਾਨੀ ਨਾਲ ਟੋਫ-ਿਆ ਚੋਕਲੇਟ ਦਵਾ ਦਿੰਦੇ ਹਨ । ਜਿਸ ਨਾਲ ਦੰਦ ਤਾ ਖਰਾਬ ਹੁੰਦੇ ਹੀ ਹਨ ਸਿਹਤ ਤੇ ਵੀ ਬੁਰਾ ਅਸਰ ਪੈਦਾ ਹੈ। ਉਸ ਨਾਲੋ ਚੰਗਾ ਹੈ ਕਿ ਇਸ ਦੇਸੀ ਚੋਕਲੇਟ ਭਾਵ ਗੁੜ ਵਿੱਚ ਮੂੰਗਫਲੀ ਜਾ ਮੁੱਕੇ ਮੇਵੇ ਮਿਲਾ ਕੇ ਦਿੱਤੇ ਜਾਣ ਜੋ ਬੱਚਿਆ ਨੂੰ ਤਾਕਤਵਰ ਤੇ ਨਿਰੋਗ ਰੱਖੇਗਾ ਬਾਸਰਤੇ ਉਹ ਕੈਮੀਕਲ ਰਹਿਤ ਹੋਵੇ। ਸਰਦੀਆ ਵਿੱਚ ਕੁੜੀਆ ਨੂੰ ਸਹੁਰੀ ਜਾਦੇ ਸਮੇ ਖੋਏ ਜਾ ਚੋਲਾ ਦੀਆ ਪਿੰਨੀਆ ਦੇ ਨਾਲ ਆਪਣੇ ਖੇਤਾ ਵਿੱਚੋ ਸਾਗ , ਗੰਨੇ ਤੇ ਗੁੜ ਲਿਜਾਣ ਦਾ ਵੀ ਰਿਵਾਜ ਪ੍ਰਚਿੱਲਤ ਸੀ।



ਪਿੰਡ ਵਿੱਚ ਘੁਲਾੜੀ ਚੱਲਣ ਸਮੇ ਲੋਕੀ ਸਾਂਝ ਪਗਾਉਦੇ ਹੋਏ ਪਟਵਾਰੀ ਤੇ ਮਾਸਟਰਾ ਨੂੰ ਗੁੜ ਦੀ ਟਿੱਕੀ ਬਣਾ ਕੇ ਦਿੰਦੇ । ਅੱਜ ਦੇ ਵਪਾਰਕ ਯੁੱਗ ਵਿੱਚ ਸੁੱਧ ਗੁੜ ਮਿਲਣਾ ਵੀ ਇਕ ਕਲਪਨਾ ਹੀ ਹੈ। ਉਂਜ ਭਾਂਵੇ ਸ਼ੜਕਾ ਕਿਨਾਰੇ ਗੁੜ ਬਣਦਾ ਆਮ ਦੇਖ ਸਕਦੇ ਹਾ। ਪਰ ਉਹ ਦਿਹਾੜੀਦਾਰ ਮਜਦੂਰਾ ਲਈ ਰੋਜੀ ਰੋਟੀ ਦਾ ਸਾਧਨ ਹੈ। ਉਥੇ ਨਾ ਤਾ ਦੋਸਤਾ ਦੀਆ ਢਾਣੀਆ ਬਹੁੜਦੀਆ ਹਨ ਨਾ ਹੀ ਕੋਈ ਚਾਚੇ ਤਾਏ ਮਜਾਕ ਕਰਦੇ ਨਜਰੀ ਆਉਦੇ ਹਨ। ਪੰਜਾਬ ਦੇ ਵਿਰਸੇ ਵਿਚਲੀਆ ਅਜਿਹੀਆ ਵਸਤਾ ਬਾਰੇ ਨਵੀ ਪੀੜ੍ਹੀ ਨੂੰ ਜਾਣੂ ਕਰਉਣਾ ਲਾਜਮੀ ਹੈ। ਤਾਂ ਜੋ ਸਰਦੀਆ ਵਿਚਲੇ ਗੁੜ ਤੇ ਮੂੰਗਫਲੀ ਦੇ ਰਿਸਤੇ ਵਾਂਗ ਇਹ ਵੀ ਆਪਣੀ ਮਿੱਟੀ ਨਾਲ ਜੁੜੇ ਰਹਿਣ।

## ਪੁਸਤਕ ਸਮੀਖਿਆ

ਪੁਸਤਕ ਦਾ ਨਾਂ : ਖਿਸਕਦੇ ਪਲ (ਕਾਵਿ-ਸੰਗ੍ਰਹਿ)
ਲੇਖਕ : ਹੀਰਾ ਸਿੰਘ ਤੂਤ
ਕੀਮਤ : 120 ਪੰਨੇ : 96
ਪ੍ਰਕਾਸ਼ਕ : ਕੈਫ਼ੇ ਵਰਲਡ (ਜਲੰਧਰ, ਕਪੂਰਥਲਾ, ਬਠਿੰਡਾ)

''ਫਿੱਕੇ ਰੰਗ'' (ਕਵਿਤਾ-ਸੰਗ੍ਰਹਿ) ਤੇ ''ਪਗਡੰਡੀਆਂ'' (ਕਹਾਣੀ-ਸੰਗ੍ਰਹਿ), ਆਦਿ ਅੱਠ ਮੌਲਿਕ ਪੁਸਤਕਾਂ ਦੁਆਰਾ ਆਪਣੀ ਕਲਮ ਦਾ ਸਿੱਕਾ ਮੰਨਵਾ ਚੁੱਕੇ, ਅਧਿਆਪਨ ਕਾਰਜ ਨਾਲ ਸਬੰਧਤ ਨੌਜਵਾਨ ਹੀਰਾ ਸਿੰਘ ਤੂਤ ਦੀ ਹੱਥਲੀ ਪੁਸਤਕ ਵਿਚ 73 ਕਾਵਿ-ਰਚਨਾਵਾਂ ਸ਼ਾਮਲ ਕੀਤੀਆਂ ਹਨ। ਜਿਨਾਂ ਵਿਚ, ''ਗੁਰਬਤ'' ਤੇ ''ਵਾਰਤਾਲਾਪ'' ਵਿਚ ਧੀਆਂ-ਭੈਣਾਂ ਦੀ ਗੱਲ, ''ਹਾਰਾਂ'' ਵਿਚ ਰਾਜਨੀਤੀ ਦੀ, ''ਫਰਕ'' ਅਤੇ ''ਮੇਰੇ ਰੰਗ'' ਵਿਚ ਜੁਦਾਈ ਦੇ ਪਲਾਂ ਦਾ ਜ਼ਿਕਰ ਕੀਤਾ ਗਿਆ ਹੈ। ਆਪਣੇ ਸੱਜਣਾਂ-ਪਿਆਰਿਆਂ ਦੇ ਮੋਹ-ਪਿਆਰ ਤੇ ਅਪਣੱਤ ਦੇ ਇਰਦ-ਗਿਰਦ ਘੁੰਮਦੀਆਂ ਰਚਨਾਵਾਂ ਪੜਨੀਆਂ ਹੋਣ ਤਾਂ, ''ਈਦ'', ''ਸੰਯੋਗ'', ''ਮਸਲੇ'', ''ਬੁੱਤ'', ''ਉਡੀਕ'', ''ਯਾਰਾਨੇ'', ''ਸਮੇਂ ਦੀ ਗੱਲ'', ''ਸੱਜਣ ਜੀ'', ''ਗੁੰਝਲਾਂ'', ''ਗੀਤ ਹੋ ਜਾਵਾਂ'', ''ਕੀ ਕਰੀਏ'', ''ਦੀਪ'', ''ਵਣਜ਼ਾਰਿਆ'',''ਸਿਜ਼ਦਾ'', ''ਦਸਤਕ'', ''ਸੱਜਣਾ'', ''ਬੰਦਗੀ'', ''ਸਾਂਝ'', ''ਮੇਲੇ-ਗੇਲੇ'', ''ਮੁਹੱਬਤ'', ''ਸੁਪਨਾ'', ''ਅਣਖ'' ਤੇ ''ਅਣਖੀ'' ਆਦਿ ਬਾ-ਕਮਾਲ ਰਚਨਾਵਾਂ ਹਨ। ''ਬਕਵਾਸਵਾਣੀ'' ਵਿਚ ਹੋ ਰਹੀ ਗੁੰਡਾ-ਗਰਦੀ ਦੀ ਤਸਵੀਰ ਅਤੇ ''ਉਦਾਸੀ ਬਨਾਮ ਸਮਸ਼ੀਰ'' ਵਿਚ ਦਸ ਗੁਰੂ ਸਾਹਿਬਾਨ ਨੂੰ ਯਾਦ ਕੀਤਾ ਗਿਆ ਹੈ। ਇਸੇ ਤਰਾਂ ''ਸੂਰਤ ਤੇ ਸੀਰਤ'' ਅਤੇ ''ਭਰਮ'' ਜਿੱਥੇ ਅੰਦਰੋਂ ਤੇ ਬਾਹਰੋਂ ਅੰਤਰ ਹੋਣ ਦੀ ਗੱਲ ਬਿਆਨਦੀਆਂ ਕਵਿਤਾਵਾਂ ਹਨ, ਉਥੇ ''ਪ੍ਰਦੇਸ਼ੀ'' ਵਿਚ ਪ੍ਰਦੇਸੀਆਂ ਦੀ ਜ਼ਿੰਦਗੀ ਅਤੇ ''ਪੁਨਰ-ਜਨਮ'' ਵਿਚ ਵਹਿਮਾਂ-ਭਰਮਾਂ ਦੀ ਗੱਲ ਕੀਤੀ ਗਈ ਹੈ। ਪੁਸਤਕ ਵਿਚਲੀਆਂ, ''ਸਹਿਯੋਗ'', ''ਕੁਝ ਚਿਹਰੇ'', ''ਕੁਝ ਤੱਥ'', ''ਰੂਹਾਂ '', '' ਜ਼ਮਾਨਾ'', ''ਮੈਂ ਸੱਜਣਾ ਵੇ'', ''ਕੁਦਰਤ'', ''ਝੱਲੇ ਚੰਗੇ'', ''ਖਿਸਕਦੇ ਪਲ'', ''ਮਾੜੀ ਗੱਲ'', ''ਅਨੰਦ ਵਿਚ ਹਾਂ'', ''ਬੇਸ਼ਰਮੀ'', ''ਪ੍ਰਦਰਸ਼ਨ'', ''ਹੌਂਸਲਾ'' ਅਤੇ ''ਠੋਕਰਾਂ'' ਆਦਿ ਵਧੀਆ ਸੁਨੇਹਾ ਛੱਡਦੀਆਂ ਪੁਸਤਕ ਨੂੰ ਚਾਰ ਚੰਨ ਲਾਉਂਦੀਆਂ ਰਚਨਾਵਾਂ ਹਨ। ਕੁੱਜੇ ਵਿਚ ਸਮੁੰਦਰ ਬੰਦ ਕਰਨਾ ਲੇਖਕ ਦਾ ਇਕ ਹਾਸਲ ਹੈ। ਪੁਸਤਕ ਦੀ ਕਿਸ ਕਵਿਤਾ ਦੀ ਟੂੱਕ ਕੱਢਾਂ ਤੇ ਕਿਸ ਦੀ ਛੱਡਾਂ, ਨਿਰਣਾ ਕਰਨਾ ਵੱਸੋਂ ਬਾਹਰ ਹੈ, ਮੇਰੇ। ਫਿਰ ਵੀ ਨਮੂਨੇ ਮਾਤਰ ਪੇਸ਼ ਹਨ ਦੋ ਕੁ ਟੁੱਕਾਂ :




''ਮੈਂ ਕੰਮ ਦੇ ਥੱਲੇ,
ਕਦੇ ਚੰਮ ਦੇ ਥੱਲੇ
ਕਦੇ ਗ਼ਮ ਦੇ ਥੱਲੇ
ਤੇ ਥੱਲੇ ਹੀ ਲੱਗਦੀ ਆਈ।''-(09)
''ਮੰਦਰ-ਮਸਜਿਦ, ਗੁਰੂਦੁਆਰੇ ਨੇ ਹਰ ਥਾਂ 'ਤੇ,
ਕਿੱਥੇ ਰੱਬ ਨੂੰ ਸੀਸ ਝੁਕਾਈਏ, ਕਿੰਨਾ ਪੰਗਾ ਹੈ।''-(31)
''ਨਾਨਕ ਤੋਂ ਗੋਬਿੰਦ ਦਾ ਸਫ਼ਰ ਹੈ,
ਐਵੇਂ ਨਹੀਂ ਅਸੀਂ ਬਣੇ ਪੰਜਾਬੀ।''-(40)
''ਕਿੰਨਾ ਚੰਗਾ ਹੁੰਦੈ, ਖ਼ੁਸ਼ ਹੋਣਾ ਤਾੜੀ ਮਾਰਨਾ,
ਕਿੰਨਾ ਮਾੜਾ ਹੁੰਦਾ, ਸੱਚ ਸੂਲੀ ਉਤੇ ਚਾੜਨਾ।''-(95)

ਮੇਰੇ ਕੋਲ ਅੱਖਰਾਂ ਦੀ ਘਾਟ ਮਹਿਸੂਸ ਹੋ ਰਹੀ ਹੈ, ਜਿਨਾਂ ਨਾਲ ਮੈਂ ਆਪਣੇ ਕਲਮਕਾਰ ਵੀਰ ਦੀ ਕਲਮ ਦੀ ਸ਼ਲਾਘਾ ਕਰ ਸਕਾਂ। ਸੱਚਮੁੱਚ ਹੀ ਹੀਰਾ ਸਿੰਘ ਤੂਤ, ਸਾਹਿਤ ਦਾ ਇਕ ਅਨਮੋਲ ਹੀਰਾ ਹੈ। ਹਰ ਘਰ ਦਾ ਸ਼ਿੰਗਾਰ ਬਣਨ ਦਾ ਦਮ ਰੱਖਦੀ ਪੁਸਤਕ, ''ਖਿਸਕਦੇ ਪਲ '' ਲਈ ਕਾਵਿ-ਜਗਤ ਵਿਚ ਭਰਵਾਂ ਸੁਵਾਗਤ ਅਤੇ ਦਿਲ ਦੀਆਂ ਗਹਿਰਾਈਆਂ 'ਚੋਂ ਮੁਬਾਰਕ!

**- ਪ੍ਰੀਤਮ ਲੁਧਿਆਣਵੀ 91-98764-28641**







## ਅਸੀਂ ਹਾਰੇ ਨਹੀਂ

ਝੂਠੀ ਹੈਂਕੜ 'ਚ ਗੁਆਚੇ ਜੀਊੜਿਆ
ਤੇਰੇ ਵਾਸਤੇ
ਅਸੀਂ ਹਾਰਿਆਂ ਵਿਚੋਂ ਹੀ ਸਹੀ
ਪਰ ਇਹ ਨਾ ਸਮਝੀਂ
ਕਿ ਅਸੀਂ, ਹਾਰ ਕਬੂਲ ਕਰ ਲਈ ਹੈ।

ਅਜੇ ਤਾਂ ਬਹੁਤ ਨੇ ਸੱਧਰਾਂ
ਬਹੁਤ ਲੰਬਾ ਹੈ ਰਸਤਾ
ਬਹੁਤ ਦੂਰ ਹੈ ਮੰਜ਼ਿਲ
ਸੱਧਰਾਂ ਦੇ ਪੂਰੇ ਹੋਣ ਤੱਕ
ਮੰਜ਼ਿਲ ਤੇ ਪਹੁੰਚਣ ਤੋਂ ਪਹਿਲਾਂ
ਕੋਈ ਕਿਵੇਂ ਟਿਕ ਕੇ ਬੈਠ ਸਕਦਾ ਹੈ
?

ਅਜੇ ਤਾਂ ਅਸੀਂ
ਸੂਰਜ ਦਾ ਮੱਥਾ ਚੁੰਮਣਾ ਹੈ
ਉਸਤੋਂ ਲੈ ਕੇ ਤੇਜ
ਨੇਰ੍ਹ ਭਰੀ, ਸੋਚੋਂ ਸੱਖਣੀ
ਮਨਾਂ ਵਾਲੀ
ਬੰਜਰ ਹੋ ਰਹੀ ਧਰਤ ਦੀ
ਹਿੱਕ 'ਤੇ ਸਿਆੜ ਕੱਢ
ਸਿਆੜਾਂ ਦੀ ਕੁੱਖ ਵਿਚ
ਗਿਆਨ ਦਾ ਚਾਨਣ ਬੀਜਣਾ ਹੈ,
ਨੇਰ੍ਹਿਆਂ ਨੂੰ ਹਰਾਉਣ ਲਈ
ਭੁਰ ਗਏ ਮੱਥਿਆਂ ਅੰਦਰ
ਆਸ ਦਾ ਦੀਵਾ ਬਾਲਣਾ ਹੈ।

ਗਿਆਨ ਦਾ ਚੌਮੁਖੀਆ ਦੀਵਾ
ਸਾਰੇ ਹਨੇਰੇ ਨੂੰ ਡੀਕ ਲਵੇਗਾ
ਚੁਫੇਰਾ ਸਾਫ ਸਾਫ ਨਜ਼ਰ ਆਵੇਗਾ!
ਬਹੁਤ ਕੁੱਝ ਹੈ ਕਰਨ ਵਾਲਾ
ਥੱਕਿਆ ਮਨੁੱਖ ਵੀ-ਸੋਚਦਾ ਹੈ !
ਸਮੇਂ ਨੂੰ ਧੱਕਾ ਹੀ ਨਹੀਂ ਲਾਉਂਦਾ
ਰੋਣੇ ਨਹੀਂ ਰੋਂਦਾ
ਮਰਨ ਦਾ ਨਹੀਂ, ਜੀਊਣ ਬਾਰੇ ਸੋਚਦਾ
ਹੈ
ਸਵਾਲ ਪੈਦਾ ਕਰਦਾ ਹੈ
ਆਪਣੇ ਤੇ ਬੇਗਾਨਿਆਂ ਨਾਲ
ਸੰਵਾਦ ਰਚਾਉਂਦਾ ਹੈ
ਬਹਿਸਾਂ ਕਰਦਾ ਹੈ
'ਗੋਸ਼ਟਿ' ਦੇ ਵਿਹੜੇ ਬਹਿ
ਮਸਲੇ ਰਿੜਕਦਾ/ ਵਿਚਾਰਦਾ ਹੈ
ਜਿੰਦਾ ਦਿਲ ਤੇ ਸੋਚਵਾਨ ਹੋਣ ਦੀ
ਗਵਾਹੀ ਭਰਦਾ ਹੈ।

ਤੇਰਾ ਕਰਮ ਤਾਂ ਹੁਣ
ਦਰਬਾਰੀ ਹੋ ਗਿਆ ਹੈ
ਇਹ ਦੁਰ-ਕਰਮ ਨਾ ਕਰ
ਇੰਜ ਦੀ ਮੌਤ ਨਾ ਮਰ
ਨਹੀਂ ਤਾਂ ਲੋਕ,
ਪੀੜ੍ਹੀਆਂ ਤੱਕ ਲਾਅਨਤਾਂ ਪਾਉਣਗੇ
ਤੇ ਤੂੰ ਇਉਂ
ਅਣਖ ਨੂੰ ਲੀਕ ਨਾ ਲਾ
ਵਿਰਸੇ ਦੇ ਨਾਮ ਬੇਦਾਵਾ ਨਾ ਲਿਖ
ਮਾਂ ਦੇ ਦੁੱਧ ਨੂੰ ਲਾਜ ਨਾ ਲਾ।

ਤੇਰੇ ਪੱਲੇ ਕਿਉਂ
ਹਵਸ 'ਤੇ ਇਸ਼ਕ ਦੀ ਲੇਪ
ਕਰਨਾ ਹੀ ਰਹਿ ਗਿਆ ਹੈ
ਕਿਹੜੇ ਅੰਬਰੀਂ ਗੁਆਚ ਗਿਐਂ
ਮੱਥੇ ਨੂੰ ਸਾਫ ਕਰ
ਇਹਦੇ 'ਚ ਜੰਮੀ ਗਾਰ ਕੱਢ ਦੇਹ
ਕਰ ਇਸਦੀ 'ਕਾਰ ਸੇਵਾ'
'ਅਸਮਾਨ' ਸਾਫ-ਸੁਥਰਾ ਦਿਸੇਗਾ।
ਦੂਜਿਆ ਦੇ ਦੁੱਖ-ਤਕਲੀਫਾਂ
ਸਪਸ਼ਟ ਨਜ਼ਰ ਆਉਣਗੇ
ਸ਼ਾਇਦ! ਤੈਨੂੰ ਆਪਣੇ-ਆਪੇ ਦਾ ਵੀ
ਚੇਤਾ ਆ ਜਾਵੇ
ਤੇ ਤੂੰ --
ਜੀਊਣ ਦਾ ਚੱਜ / ਮਕਸਦ ਸਿੱਖ
ਜਾਵੇਂ।

ਆਪਣੇ ਆਪ ਨੂੰ ਭੁੱਲ ਕੇ ਲੱਭਣਾ
ਬੜਾ ਔਖਾ ਹੁੰਦਾ ਹੈ -
ਪਰ, ਅਸੰਭਵ ਨਹੀਂ ਹੁੰਦਾ।
ਜਤਨ ਕਰਨ ਵਾਲਿਆਂ ਨੇ ਹੀ
ਵਗਦੀ ਹਵਾ ਨੂੰ ਫੜਿਆ ਹੈ,
ਬੇਰੋਕ ਪਾਣੀਆਂ ਨੂੰ ਬੰਨ੍ਹ ਮਾਰੇ
ਰੰਕਾਂ ਨੂੰ ਰਾਜੇ ਬਣਾਇਆ
ਹੇਠਲੀ ਉੱਤੇ ਕੀਤੀ ਹੈ
ਔਖੀਆਂ ਮੰਜ਼ਿਲਾਂ ਉੱਤੇ ਪੈਰ ਧਰੇ
ਸੁਪਨਿਆਂ ਨੂੰ ਰੁਲਣ ਨਹੀਂ ਦਿੱਤਾ
ਇਹ ਵੀ ਭੁੱਲ ਨਾ ਜਾਵੀਂ
ਸੁਪਨੇ ਕਦੇ ਮਰਦੇ ਵੀ ਨਹੀਂ ਹੁੰਦੇ।

ਯਾਦ ਰੱਖੀਂ
ਮੈਲ਼ੇ ਹੋ ਗਏ ਮਨਾਂ ਦੇ ਅੰਦਰ
ਨਿਰਮਲਤਾ ਨਹੀਂ ਉੱਗਦੀ
ਆਪਣੇ ਆਪ ਲਈ ਜੀਊਣ ਵਾਲੇ
ਕਿਸੇ ਦੂਜੇ ਦਾ ਨਹੀਂ ਸੋਚਦੇ।
ਬੇਗਾਨੇ ਨੂੰ ਵੀ ਆਪਣਾ ਜਾਨਣ ਵਾਲੇ
ਉਸਦੀ ਪੀੜ ਦਾ ਅਹਿਸਾਸ, ਹੰਢਾਉਣ
ਵਾਲੇ
ਜ਼ਿੰਦਗੀ ਵਾਸਤੇ ਜੀਊਣ ਵਾਲੇ
ਲਗਾਤਾਰ ਸੰਘਰਸ਼ ਕਰਨ ਵਾਲੇ
ਕਦੇ ਹਾਰਦੇ ਨਹੀਂ ਹੁੰਦੇ।

ਸਮੇਂ ਦੇ ਸ਼ਾਹ-ਅਸਵਾਰ
ਸਿਕੰਦਰ ਮਹਾਨ ਅੱਗੇ
ਪੋਰਸ ਬਣਕੇ ਖੜ੍ਹਨਾ
ਇਤਿਹਾਸ ਬਣ ਜਾਂਦਾ ਹੈ
ਅੱਗੇ ਆਉਣ ਵਾਲੀਆਂ
ਨਸਲਾਂ ਵਾਸਤੇ
ਮਾਣ-ਮੱਤਾ ਇਤਿਹਾਸ।

ਅਸੀਂ ਜਦੋਂ ਵੀ ਡਿੱਗੇ, ਉੱਠੇ ਹਾਂ
ਅਸੀਂ ਜੀਊਂਦੇ, ਅਸੀਂ ਜਾਗਦੇ
ਜਦੋਂ ਵੀ ਡਿੱਗੇ ਤਾਂ ਅਸੀਂ ਫੇਰ ਉੱਠਾਂਗੇ
ਅੱਗੇ ਵਧਾਂਗੇ, ਸਾਬਤ ਕਦਮੀਂ
ਇਹ ਕਈ ਵਾਰ ਹੋਇਆ ਹੈ
ਇਤਿਹਾਸ ਇਹ ਹੀ ਦੱਸਦਾ ਹੈ
ਇਹ ਫੇਰ ਹੋਵੇਗਾ,
ਤੂੰ ਵੀ ਦੇਖੇਂਗਾ
ਜ਼ਮਾਨਾ ਵੀ ਦੇਖੇਗਾ -
ਅਸੀਂ ਸਮੁੱਚੀ ਲੋਕਾਈ ਦਾ ਅੰਗ ਹਾਂ
ਹਾਰ ਸਾਡਾ ਨਸੀਬ ਹੋ ਹੀ ਨਹੀਂ
ਸਕਦੀ।

ਕਿਉਂਕਿ --
ਅਸੀਂ ਹਾਰਿਆਂ ਵਿਚੋਂ ਨਹੀਂ।



**ਕੇਹਰ ਸ਼ਰੀਫ**
+49 173 3546050

# ਗਾਇਕੀ ਤੇ ਸੰਗੀਤਕਾਰੀ ਦਾ ਖ਼ੂਬਸੂਰਤ ਸੁਮੇਲ : ਰਾਜ ਸਹੋਤਾ

ਜ਼ਿਲਾ ਅੰਮ੍ਰਿਤਸਰ ਦੇ ਪਿੰਡ ਮਜੀਠਾ ਦੇ ਵਸਨੀਕ ਸ: ਦਿਆਲ ਸਿੰਘ (ਪਿਤਾ) ਤੇ ਕਰਮਜੀਤ ਕੌਰ (ਮਾਤਾ) ਦੇ ਲਾਡਲੇ ਰਾਜਵਿੰਦਰ ਸਿੰਘ ਤੇ ਸੰਗੀਤਕ ਹਲਕਿਆਂ ਦੇ ਜਾਣੇ-ਪਛਾਣੇ ਰਾਜ ਸਹੋਤਾ ਦੇ ਵੱਡੇ ਵੀਰ ਬੱਬੀ ਸਹੋਤਾ ਦੇ ਗਾਇਕੀ ਖੇਤਰ ਨਾਲ ਜੁੜੇ ਹੋਣ ਸਦਕਾ ਘਰ ਵਿਚ ਸੰਗੀਤਮਈ ਮਹੌਲ ਬਣਿਆ ਰਹਿਣ ਕਰਕੇ ਰਾਜ ਸਹੋਤਾ ਵੀ ਬਚਪਨ ਤੋਂ ਹੀ ਸੰਗੀਤਕ ਖੇਤਰ ਨਾਲ ਜੁੜ ਗਿਆ ਸੀ। ਜਿੱਥੇ ਉਸ ਅੰਦਰ ਗਾਇਕੀ-ਕਲਾ ਦਾ ਵਾਸ ਹੋਇਆ, ਉਥੇ ਸੰਗੀਤਕਾਰੀ ਦਾ ਬੀਜ ਵੀ ਪੁੰਗਰ ਆਇਆ। ਇਸ ਖੇਤਰ ਵਿਚ ਪ੍ਰਵੀਨਤਾ ਹਾਸਲ ਕਰਨ ਲਈ ਫਿਰ ਉਸ ਨੇ ਸੰਗੀਤਕ ਬਰੀਕੀਆਂ ਦੀ ਸਿੱਖਿਆ ਬਕਾਇਦਾ ਆਪਣੇ ਮਰਹੂਮ ਉਸਤਾਦ ਜਨਾਬ ਸੈਦ ਖ਼ਾਨ ਜੀ ਤੋਂ ਤੇ ਕੁੱਝ ਸਮਾਂ ਉਸਤਾਦ ਰਜ਼ਾ ਨਾਸਤਰ ਜੀ ਤੋਂ ਵੀ ਹਾਸਿਲ ਕੀਤੀ। ਮੁੱਢਲੀ ਸਿੱਖਿਆ ਉਸ ਨੇ ਆਪਣੇ ਜੱਦੀ ਪਿੰਡ ਦੇ ਸਰਕਾਰੀ ਸਕੂਲ ਤੋਂ ਅਤੇ ਉੱਚ-ਸਿੱਖਿਆ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ।




ਰਿਕਾਰਡਿੰਗ ਖੇਤਰ ਵਿਚ ਉਸ ਦਾ ਪਹਿਲਾ ਗੀਤ, ''ਮੇਲਾ'' 2015 ਵਿਚ ਰਿਕਾਰਡ ਹੋ ਕੇ ਮਾਰਕੀਟ ਵਿਚ ਆਇਆ। ਜਿਸਨੂੰ ਦਰਸ਼ਕਾਂ ਵੱਲੋਂ ਖ਼ੂਬ ਪਿਆਰ ਤੇ ਹੁੰਗਾਰਾ ਮਿਲਿਆ। ਇਸ ਤੋਂ ਉਪਰੰਤ ਤਿੰਨ ਪੰਜਾਬੀ ਗੀਤ ਅਤੇ ਕੁਝ ਧਾਰਮਿਕ ਤੇ ਸੂਫ਼ੀ ਗੀਤ ਉਸ ਨੇ ਰਿਕਾਰਡ ਕਰਵਾਏ। ਇਨਾਂ ਸਭ ਗੀਤਾਂ ਨੂੰ ਜਿੱਥੇ ਉਸ ਨੇ ਆਪਣੀ ਮਿੱਠੀ, ਸੁਰੀਲੀ ਤੇ ਦਮਦਾਰ ਅਵਾਜ਼ ਦਿੱਤੀ, ਉਥੇ ਇਨਾਂ ਵਿਚ ਮਿਊਜ਼ਿਕ ਵੀ ਉਸ ਨੇ ਖ਼ੁਦ ਹੀ ਤਿਆਰ ਕੀਤਾ। ਇੱਥੇ ਹੀ ਬਸ ਨਹੀ, ਕੀ-ਬੋਰਡ-ਪਲੇਅਰ ਦੇ ਤੌਰ ਤੇ ਹੁਣ ਤੱਕ ਉਹ ਬਹੁਤ ਸਾਰੇ ਵੱਡਿਆਂ- ਛੋਟਿਆਂ ਗਾਇਕਾਂ ਨਾਲ ਸਟੇਜਾਂ ਵੀ ਸਾਝੀਆਂ ਕਰ ਚੁੱਕਾ ਹੈ। ਗਾਇਕ ਵਜੋਂ ਉਹ ਅਸ਼ਲੀਲਤਾ ਤੋਂ ਸੌ ਕੋਹ ਦੂਰ ਰਹਿ ਕੇ ਪਰਿਵਾਰਿਕ ਗੀਤ ਹੀ ਗਾਉਣੇ ਪਸੰਦ ਕਰਦਾ ਹੈ। ਉਸ ਦਾ ਕਹਿਣ ਹੈ ਕਿ ਸਸਤੀ ਸ਼ੋਹਰਤ ਬਦਲੇ ਉਹ ਕਦੇ ਵੀ ਆਪਣੀ ਕਲਾ ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਨਹੀ ਕਰੇਗਾ, ਹਮੇਸ਼ਾ ਅਸ਼ਲੀਲਤਾ ਦੇ ਵਿਰੁੱਧ ਡਟ ਕੇ ਪਹਿਰਾ ਦੇਵੇਗਾ।



**ਪ੍ਰੀਤਮ ਲੁਧਿਆਣਵੀ**
9876428641

ਇਕ ਸਵਾਲ ਦਾ ਜੁਵਾਬ ਦਿੰਦਿਆਂ ਗਾਇਕ ਸਹੋਤਾ ਨੇ ਕਿਹਾ, ''ਕਹਾਣੀ ਤੇਰੇ ਨੈਣਾਂ ਦੀ'' ਹੁਣੇ-ਹੁਣੇ ਰਿਲੀਜ਼ ਕੀਤਾ ਗੀਤ ਮੇਰੀ ਮਨ-ਪਸੰਦੀ ਦਾ ਗੀਤ ਹੈ। ਸ਼ਾਇਰ ਭੱਟੀ ਦੇ ਲਿਖੇ ਇਸ ਗੀਤ ਨੂੰ ਜਿੰਨਾ ਗੀਤਕਾਰ ਭੱਟੀ ਨੇ ਰੂਹ ਨਾਲ ਲਿਖਿਆ ਹੈ, ਉਤਨਾ ਹੀ ਮੈਂ ਉਸ ਦੇ ਬੋਲਾਂ ਦੀ ਅੰਤਰ-ਆਤਮਾ ਵਿਚ ਉਤਰ ਕੇ ਇਸ ਨੂੰ ਗਾਉਣ ਦੀ ਅਤੇ ਸੰਗੀਤਕ ਧੁਨਾਂ ਵਿਚ ਪ੍ਰੋਣ ਦੀ ਕੋਸ਼ਿਸ਼ ਕੀਤੀ ਹੈ। ਦਿਲਖੁਸ਼ ਥਿੰਦ ਵਲੋਂ ਪ੍ਰੋਡਿਊਸ ਕੀਤੇ ਅਤੇ ''ਦਿਲਖੁਸ਼ ਰਿਕਾਰਡ ਕੰਪਨੀ'' ਵੱਲੋਂ ਯੂ-ਟਿਊਬ 'ਤੇ ਰਿਲੀਜ਼ ਕੀਤੇ ਗਏ ਇਸ ਗੀਤ ਨੂੰ ਸਰੋਤਿਆਂ-ਦਰਸ਼ਕਾਂ ਵਲੋਂ ਬੇਹੱਦ ਪਿਆਰ ਮਿਲ ਰਿਹਾ ਹੈ।''

ਆਪਣੇ ਭਵਿੱਖ ਦੇ ਪ੍ਰੋਜੈਕਟ ਦੀ ਗੱਲ ਸਾਂਝੀ ਕਰਦਿਆਂ ਸਹੋਤਾ ਨੇ ਇਹ ਵੀ ਦੱਸਿਆ ਕਿ ਥਿੰਦ, ਸ਼ਾਇਰ ਭੱਟੀ, ਕੀਰਤ ਪੰਨੂੰ ਤੇ ਜਗਦੀਪ ਹਸਰਤ ਦੇ ਸਹਿਯੋਗ ਨਾਲ ਉਹ ਜਲਦੀ ਹੀ ਆਪਣੇ ਨਵੇਂ ਗੀਤਾਂ ਨਾਲ ਸਰੋਤਿਆਂ-ਦਰਸ਼ਕਾਂ ਦੀ ਕਚਹਿਰੀ ਵਿਚ ਹਾਜ਼ਰੀ ਲਗਵਾਏਗਾ। ਨਵੇਂ ਗਾਇਕਾਂ ਨੂੰ ਸੰਦੇਸ਼ ਦਿੰਦਿਆਂ ਉਸ ਦਾ ਕਹਿਣ ਸੀ, ''ਮਿਹਨਤ ਕਰੋ। ਉਸਤਾਦਾਂ ਦੀ ਸੇਵਾ ਕਰਕੇ ਰੂਹ ਨਾਲ ਸਿੱਖੋ, ਕਿਉਂਕਿ ਉਸਤਾਦਾਂ ਦੀਆਂ ਦੁਆਵਾਂ ਤੇ ਮਿਹਨਤ ਤੋਂ ਬਗੈਰ ਕੋਈ ਵੀ ਕਾਜ ਸੰਪੂਰਨ ਤੇ ਪ੍ਰਪੱਕ ਨਹੀਂ ਹੋਇਆ ਕਰਦਾ।'' ਪੱਕੇ ਪੈਰੀਂ ਸਾਹਿਤਕ ਤੇ ਸੱਭਿਆਚਾਰਕ ਮੈਦਾਨ 'ਚ ਨਿੱਤਰਿਆ ਰਾਜ ਸਹੋਤਾ ਇਕ ਤੋਂ ਬਾਅਦ ਇਕ ਪ੍ਰਾਪਤੀ ਨਾਲ ਗਾਇਕੀ ਤੇ ਸੰਗੀਤਕਾਰੀ ਵਿਚ ਛਾਇਆ ਰਵੇ, ਦਿਲੀ ਦੁਆਵਾ ਤੇ ਢੇਰ ਸਾਰੀਆਂ ਸ਼ੁਭ ਕਾਮਨਾਵਾਂ ਹਨ, ਇਸ ਨੌਜਵਾਨ ਗਾਇਕ ਤੇ ਸੰਗੀਤਕਾਰ ਲਈ ਮੇਰੀਆਂ।

# ਮਿਸ਼ਨਰੀ ਗਾਇਕਾ ਪ੍ਰਿਆ ਬੰਗਾ ਦਾ ਸਿੰਗਲ ਟਰੈਕ, ਇਹ ਕੈਸੇ ਨੇ ਰੰਗ ਹਾਕਮੋ ਰਿਲੀਜ

**ਫਗਵਾੜਾ-** ਬਹਜਨ ਸਮਾਜ ਦੇ ਮਹਾਪੁਰਸ਼ਾਂ ਦੇ ਮਿਸ਼ਨ ਨੂੰ ਆਪਣੀ ਗਾਇਕੀ ਰਾਂਹੀ ਅੱਗੇ ਲੈਜਾਣ,ਚ ਵੱਡਮੁੱਲਾ ਯੋਗਦਾਨ ਪਾ ਰਹੀ ਮਿਸ਼ਨਰੀ ਗਾਇਕਾ ਪ੍ਰਿਆ ਬੰਗਾ ਦੀ ਬੁਲੰਦ ਅਵਾਜ ਵਿੱਚ ਗਾਇਆ ਸਿੰਗਲ ਟਰੈਕ 'ਇਹ ਕੈਸੇ ਨੇ ਰੰਗ ਹਾਕਮੋ ਰਿਲੀਜ ਹੋ ਗਿਆ ਹੈ। ਗਾਇਕਾ ਪ੍ਰਿਆ ਬੰਗਾ ਨੇ ਗਲਬਾਤ ਦੌਰਾਨ ਦਸਿਆ ਕਿ ਮੇਰਾ ਇਹ ਸਿੰਗਲ ਟਰੈਕ ਏ ਕੈਸੇ ਨੇ ਰੰਗ ਹਾਕਮੋ ਨੂੰ ਗੀਤਕਾਰ ਬਲਵੀਰ ਮੰਡ ਨੇ ਕਲਮਬੰਦ ਕੀਤਾ ਹੈ।ਮਿਊਜਿਕ ਕਿੰਗਜ ਮਿਊਜਿਕ ਵਲੋ ਬਹੁਤ ਹੀ ਵਧੀਆ ਢੰਗ ਨਾਲ ਤਿਆਰ ਕੀਤਾ ਗਿਆ ਹੈ।ਇਸ ਸਿੰਗਲ ਟਰੈਕ ਦੀ ਵਿਡੀਓ ਐਨ ਬੀ ਟਰੈਕ ਵਲੋਂ ਤਿਆਰ ਕੀਤੀ ਗਈ ਹੈ।ਇਸ ਸਿੰਗਲ ਟਰੈਕ ਨੂੰ ਅਸੋਕਾ ਇੰਟਰਟੇਨਰਜ ਵਲੋਂ ਰਿਲੀਜ ਕੀਤਾ ਗਿਆ ਹੈ।




ਉਂਨਾ ਆਖਿਆ ਕਿ ਰਕੇਸ਼ ਕੁਮਾਰ ਨੀਟਾ ਯੂ-ਐਸਏ ਅਤੇ ਗਾਇਕ ਬਲਵਿੰਦਰ ਵਿਰਦੀ ਯੁਕੇ ਦੀ ਤਹਿ ਦਿਲੋ ਧੰਨਵਾਦੀ ਹੈ। ਪ੍ਰਿਆ ਬੰਗਾ ਨੇ ਦਸਿਆ ਕਿ ਇਸ ਸਿੰਗਲ ਟਰੈਕ ਨੂੰ ਯੁਟਿਊਬ ਅਤੇ ਹੋਰ ਸੋਸ਼ਲ ਮੀਡੀਆ ਐਪਸ ਤੇ ਵੀ ਰਿਲੀਜ ਕੀਤਾ ਜਾਵੇਗਾ।

# ਪਰਿਵਾਰਕ ਰਿਸ਼ਤਿਆਂ ਦੀ ਘਟ ਰਹੀ ਪਵਿੱਤਰਤਾ ਤੇ ਸਮਾਨਤਾ ਨੂੰ ਪਰਦੇ 'ਤੇ ਪੇਸ਼ ਕਰੇਗੀ ਫ਼ਿਲਮ 'ਸੀ ਇਨ ਕੋਰਟ'- ਡਾ.ਆਸੂਪ੍ਰਿਆ

ਸਿਨੇਮਾ ਮਨੋਰੰਜਨ ਨਾਲ ਨਾਲ ਸਮਾਜਿਕ ਮੁੱਦਿਆਂ ਨੂੰ ਵੀ ਪਰਦੇ ਤੇ ਉਤਾਰਨ ਵਿੱਚ ਸਫ਼ਲ ਰਿਹਾ ਹੈ। ਅਜਿਹੇ ਸਿਨੇਮੇ ਨੂੰ ਦਰਸ਼ਕ ਵੱਖਰੀ ਸੋਚ ਅਤੇ ਨਜ਼ਰੀਏ ਨਾਲ ਵੇਖਦਾ ਹੈ। ਭਾਵੇਂ ਕਿ ਅਜਿਹੀਆਂ ਫਿਲਮਾਂ ਬਹੁਤ ਘੱਟ ਬਣਦੀਆਂ ਹਨ ਪਰ ਜੋ ਬਣਦੀਆਂ ਹਨ ਉਹ ਕਿਸੇ ਨਾ ਕਿਸੇ ਐਵਾਰਡ ਦੀਆਂ ਹੱਕਦਾਰ ਬਣਦੀਆਂ ਹਨ। ਬਾਲੀਵੁੱਡ ਫਿਲਮ 'ਸੀ ਇਨ ਕੋਰਟ' ਅਜਿਹੇ ਹੀ ਸਿਨੇਮੇ ਚ ਵਾਧਾ ਕਰਦੀ ਇੱਕ ਪਰਿਵਾਰਕ ਫ਼ਿਲਮ ਹੈ ਜੋ ਜ਼ਿੰਦਗੀ ਦੀਆ ਸੱਚੀਆਂ ਘਟਨਾਵਾਂ ਤੋ ਪ੍ਰੇਰਿਤ ਹੈ।

ਅਜੋਕੇ ਦੌਰ ਵਿਚ ਰਿਸ਼ਤਿਆਂ ਦੀ ਘਟਦੀ ਜਾ ਰਹੀ ਪਵਿੱਤਰਤਾ ਅਤੇ ਸਮਾਨਤਾ ਨੂੰ ਇਹ ਫ਼ਿਲਮ ਬਾਖ਼ੂਬੀ ਪੇਸ਼ ਕਰਦੀ ਹੈ। ਇਸ ਫ਼ਿਲਮ ਰਾਹੀ ਉਨ੍ਹਾਂ ਬੱਚਿਆ ਦੀ ਮਾਨਸਿਕਤਾ ਵਿਖਾਈ ਗਈ ਹੈ ਜੋ ਘਰੇਲੂ ਵਿਵਾਦਾਂ ਤੋ ਪੈਦਾ ਹੋਏ ਤਲਾਕ ਦੇ ਮਾੜੇ ਨਤੀਜਿਆਂ ਦਾ ਦੀ ਚੱਕੀ ਵਿਚ ਪਿਸਦੇ ਹਨ।'ਸੀ ਇਨ ਕੋਰਟ' ਇੱਕ ਛੋਟੇ ਬੱਚੇ ਦੀ ਵਿਲੱਖਣ ਕਹਾਣੀ ਹੋਵੇਗੀ ਜੋ ਅਜੋਕੇ ਮਾਪਿਆ ਨੂੰ ਤਲਾਕ ਦੇਣ ਦੇ ਦ੍ਰਿਸ਼ਟੀਕੋਣ ਤੋ ਦੁੱਖੀ ਹੈ। ਉਹ ਐਨੀ ਛੋਟੀ ਉਮਰ ਵਿਚ ਇਸ ਦੇ ਵਿਰੁੱਧ ਆਵਾਜ਼



ਉਠਾਉਂਦਾ ਹੈ। ਫਿਲਮ ਦੇ ਨਿਰਮਾਤਾ ਡਾ. ਆਸੂਪ੍ਰਿਆ ਨੇ ਕਿਹਾ ਹੈ ਕਿ ਪੇਸ਼ੇ ਤੋਂ ਮਨੋਵਿਗਿਆਨਕ ਹੋਣ ਦੇ ਨਾਤੇ ਮੈਂ ਬਹੁਤ ਸਾਰੀਆਂ ਕਹਾਣੀ ਪੜ੍ਹਦੀ ਹਾਂ, ਜਿਸ ਵਿੱਚ ਬੱਚੇ ਆਪਣੇ ਮਾਪਿਆ ਦੇ ਤਲਾਕ ਦੁਆਰਾ ਬਹੁਤ ਪ੍ਰਭ-ਾਵਿਤ ਹੁੰਦੇ ਹਨ।ਇਹ ਫਿਲਮ ਇਕ ਅਜਿਹੀ ਕਹਾਂਣੀ ਆਧਾਰਿਤ ਹੈ ਜਿਸ ਵਿਚ ਇੱਕ ਛੋਟਾ ਬੱਚਾ ਤਲਾਕ ਨੂੰ ਰੋਕਣ ਲਈ ਮਾਪਿਆਂ ਦੇ ਖਿਲਾਫ ਸ਼ਿਕਾਇਤ ਦਰਜ਼ ਕਰਾਉਂਦਾ ਹੈ। ਵਿਸ਼ਾਲ ਮਿਸ਼ਰਾ ਦੁਆਰਾ ਨਿਰਦੇਸ਼ਕ ਇਸ ਫਿਲਮ ਵਿਚ ਰਾਜਬੀਰ ਬਤਸ, ਪ੍ਰਵੀਨ ਸਸੋਦੀਆ। ਛਪਾਕ ਫੇਮ ਅਦਾਕਾਰ ਦੇਵਾਸ, ਦਿਕਸ਼ੀਤ, ਸਮੀਰ ਸੋਨੀ, ਪ੍ਰੀਤੀ ਝਿੰਗੀਆਣੀ, ਟੀਨਾ ਤੇ ਬਾਲ ਕਲਾਕਾਰ ਆਰੀਅਨ ਜੂਬਰ ਨੇ ਮੁੱਖ ਭੂਮਿਕਾ ਨਿਭਾਈ ਹੈ।ਇਹ ਫਿਲਮ ਚੰਡੀਗੜ੍ਹ ਅਤੇ ਹਿਮਾਚਲ ਦੇ ਆਸ ਪਾਸ ਦੇ ਖੇਤਰ 'ਚ ਫਿਲਮਾਂਈ ਗਈ ਜੋ ਕਿ ਯੂਨਾਈਟਿਡ ਫ਼ਿਲਮ ਸਟੂਡੀਓ ਪ੍ਰਾਈਵੇਟ ਲਿਮਟਿਡ ਦੇ ਬੈਨਰ ਹੇਠ ਬਹੁਤ ਜਲਦ ਸਿਨੇਮਿਆ ਦਾ ਸ਼ਿੰਗਾਰ ਬਣੇਗੀ।

**ਹਰਜਿੰਦਰ ਸਿੰਘ ਜਵੰਦਾ**
9463828000

## ਵਣਜਾਰਾ

ਨੀ ਕੁੜੀਓ ਵਣਜਾਰਾ ਸੀ ਇਕ ਪਿੰਡ ਆਪਣੇ ਤਾਂ ਆਇਆ
ਬਹਿ ਗਿਆ ਖੋਲ੍ਹ ਪਟਾਰੀ ਤੇ ਉਹਨੇ ਹੋਕਾ ਵੰਗਾਂ ਦਾ ਲਾਇਆ
ਨਰਮ ਸੁਭਾਅ ਦਾ ਮਿੱਠਾ ਬੋਲੇ ਲਗਦਾ ਸੀ ਬੜਾ ਚੰਗਾ ਜਾ
ਟੁੱਟ ਪੈਣੇ ਵਣਜਾਰੇ ਨੇ ਮੈਨੂੰ ਭਾਅ ਨਾ ਦੱਸਿਆ ਵੰਗਾਂ ਦਾ ।

ਸਸਤੀਆਂ ਮਹਿੰਗੀਆਂ ਪੁੱਛ ਨਾ ਜੋ ਕੁਝ ਲੈਲਾ ਤੂੰ ਮੁਟਿਆਰੇ
ਕਦੇ ਘਾਟਾ ਵਾਧਾ ਵੇਖਣ ਨਾ ਵਣਜਾਰੇ ਕਰਮਾਂ ਮਾਰੇ
ਉਲਝ ਗਈ ਫਿਰ ਤਾਣੀ ਕੀ ਮੈਂ ਪਾਉਣਾ ਸੀ ਤਕਲੇ ਤੰਦਾਂ ਦਾ
ਪਰ ਟੁੱਟ ਪੈਣੇ ਵਣਜਾਰੇ ਨੇ ਮੈਨੂੰ ਭਾਅ ...

ਉਹ ਰੰਗ ਬਿਰੰਗੀਆਂ ਵੰਗਾਂ ਦੇ ਨਾਲ ਫਿਰੇ ਵੇਚਦਾ ਮਹਿੰਦੀ
ਮਹਿੰਦੀ ਦਾ ਰੰਗ ਐਸਾ ਚੜ੍ਹਿਆ ਲਾਏ ਬਿਨਾਂ ਨਾ ਰਹਿੰਦੀ
ਨਹੁੰ ਪਾਲਿਸ਼ਾਂ, ਗਾਨੀਆਂ ਦੇਰੇ ਗਜਰਾ ਹੀ ਵੱਖਰੇ ਰੰਗਾਂ ਦਾ
ਪਰ ਟੁੱਟ ਪੈਣੇ ਵਣਜਾਰੇ ਨੇ ਮੈਨੂੰ ਭਾਅ ...



ਭੈਣ ਭਾਈ ਉਹਦੀ ਮਾਂ ਵੀ ਲੜਦੀ ਪੈ ਗਿਆ ਪੁੱਠੇ ਰਸਤੇ
ਵੇ ਤੂੰ ਛੱਲੇ ਮੁੰਦੀਆਂ ਮਹਿੰਗੇ ਲੈ ਕੇ ਫਿਰੇ ਵੇਚਦਾ ਸਸਤੇ
ਪੱਲੇ ਕੁਝ ਨੀ ਰਹਿੰਦਾ ਤੇ ਪਿੱਛੋਂ ਹਾਲ ਕੀ ਹੁੰਦਾ ਨੰਗਾਂ ਦਾ
ਪਰ ਟੁੱਟ ਪੈਣੇ ਵਣਜਾਰੇ ਨੇ ਮੈਨੂੰ ਭਾਅ ...

'ਦੇਵ ਘੋਲੀਏ ਵਾਲਾ' ਨੀ ਕਾਹਦਾ ਵੰਗਾਂ ਵੇਚਣ ਲੱਗ ਪਿਆ
ਜੱਟ ਬੂਟ ਸਰਦਾਰ ਨੀ ਕੁੜੀਓ ਗੱਲਾਂ ਕਰਕੇ ਠੱਗ ਗਿਆ
ਵੰਗਾਂ ਵੇਚਣ ਲੱਗਣ ਪਿਆ ਪਰ ਛੱਡ ਗਿਆ ਸਾਥ ਮਲੰਗਾਂ ਦਾ
ਪਰ ਟੁੱਟ ਪੈਣੇ ਵਣਜਾਰੇ ਨੇ ਮੈਨੂੰ ਭਾਅ ਨਾ ਦੱਸਿਆ ਵੰਗਾਂ ਦਾ।

**-ਦੇਵ ਘੋਲੀਆ ਖੁਰਦ (ਫਰਿਜ਼ਨੋ)**
559-232-7764

# ਸਵਾਗਤ ਜ਼ਿੰਦਗੀ

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ।ਹਰ ਸ਼ਖ਼ਸ ਸਮਾਜ ਵਿੱਚ ਵਿਚਰਦਿਆਂ ਆਪਣੇ-ਆਪ ਨੂੰ ਸਮਾਜਿਕ ਵਰਤਾਰਿਆਂ ਨਾਲ ਜੋੜ ਕੇ ਵੇਖਦਾ ਹੈ।ਜਿਨ੍ਹਾਂ ਪਰਿਵਾਰਾਂ ਦੇ ਬੱਚੇ ਪੜ੍ਹ ਲਿਖ ਗਏ ਉਹਨਾਂ ਪਰਿਵਾਰਾਂ ਦਾ ਰਹਿਣ- ਸਹਿਣ,ਜੀਵਨ ਪੱਧਰ ਬਦਲ ਗਿਆ।ਉਹ ਲੋਕ ਸਮਾਜ ਦੀਆਂ ਉਦਾਹਰਣਾਂ ਬਣੇ। ਉਹਨਾਂ ਵੱਲ ਵੇਖ-ਵੇਖ ਹਰੇਕ ਮਾਂ-ਬਾਪ ਆਪਣੇ ਬੱਚਿਆਂ ਨੂੰ ਵਿੱਤੋਂ ਬਾਹਰੇ ਹੋ ਕੇ ਵੀ ਚੰਗੀ ਤਾਲੀਮ ਦਿਵਾਉਣ ਵਾਸਤੇ ਯਤਨਸ਼ੀਲ ਹੈ।ਬੱਚੇ ਅਕਾਦਮਿਕ ਤੌਰ ਤੇ ਤਾਂ ਭਾਂਵੇਂ ਪੜ੍ਹ ਲਿਖ ਗਏ ਜਾਂ ਪੜ੍ਹ ਰਹੇ ਹਨ ਪਰ ਜਿਹੋ ਜਿਹੀ ਗੁਣਾਤਮਿਕ ਤਬਦੀਲੀ ਵਿਦਿਆਰਥੀ ਦੀ ਸ਼ਖ਼ਸੀਅਤ ਨਜ਼ਰ ਆਉਣੀ ਚਾਹੀਦੀ ਸੀ, ਉਹ ਘੱਟ ਹੀ ਵੇਖਣ ਨੂੰ ਮਿਲੀ। ਇਉਂ ਕਹਿ ਲਈਏ ਕਿ ਬੱਚਿਆਂ ਵਿੱਚ ਸਦਾਚਾਰਕ ਨੈਤਿਕ ਕਦਰਾਂ-ਕੀਮਤਾਂ ਦਾ ਵਾਧਾ ਹੋਣ ਦੀ ਬਜਾਇ ਸਗੋਂ ਕਾਫੀ ਨਿਘਾਰ ਆਇਆ ।ਬੱਚੇ ਈਰਖਾਲੂ, ਝਗੜਾਲੂ ਗੈਰ-ਅਨੁੰਸ਼ਾਸ਼ਿਕ,ਅਸਹਿਣਸ਼ੀਲ ਤੇ ਨਸ਼ਿਆਂ ਵਰਗੇ ਹੋਰ ਗੈਰ-ਸਮਾਜਿਕ ਵਰਤਾਰਿਆਂ ਵੱਲ ਮੁੜਦੇ ਨਜ਼ਰ ਆਏ।ਇਸ ਨਿਘਾਰ ਵਿੱਚ ਟੀ.ਵੀ., ਫਿਲਮਾਂ, ਸੋਸ਼ਲ-ਮੀਡੀਆ ਤੇ ਇੰਟਰਨੈੱਟ ਦੁਆਰਾ ਪਰੋਸੀ ਜਾ ਰਹੀ ਅਸ਼ਲੀਲ ਤੇ ਗੈਰ-ਸਮਾਜਿਕ ਸਮਗਰੀ ਨੇ ਜਵਾਨੀ ਨੂੰ ਕੁਰਾਹੇ ਪਾਉਣ ਵਿੱਚ ਕੋਈ ਕਸਰ ਨਹੀਂ ਛੱਡੀ।ਦੂਸਰੀ ਗੱਲ ਕੇ ਅਤਿ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਮਾਪਿਆਂ ਕੋਲ ਵੀ ਏਨਾ ਵਕਤ ਨਹੀਂ ਕਿ ਉਹ ਬੱਚਿਆਂ ਨੂੰ ਕੁਝ ਸਮਾਂ ਦੇ ਸਕਣ।ਨਾਲ ਦੀ ਨਾਲ ਸਾਰੇ ਮਾਪਿਆਂ ਦਾ ਆਪਣਾ ਜੀਵਨ ਵੀ ਇੰਨਾ ਰੋਲ ਮਾਡਲ ਬਣਨ ਜੋਗ ਨਹੀਂ ਹੁੰਦਾ। ਬੱਚੇ ਸਾਹਮਣੇ ਕੋਈ ਆਦਰਸ਼ ਹੋਣਾ ਚਾਹੀਦਾ ਹੈ।ਭਾਵੇਂ ਸਕੂਲਾਂ ਵਿੱਚ ਸਿਲੇਬਸ ਤੋਂ ਇਲਾਵਾ ਅਧਿਆਪਕ ਸਵੇਰ ਦੀ ਸਭਾ ਵਿੱਚ ਬਹੁਤ ਸਾਰੇ ਸਮਾਜਿਕ ਵਿਸ਼ਿਆਂ ਤੇ ਅਕਸਰ ਗੱਲਬਾਤ ਕਰਦੇ ਹਨ ਪਰ ਉਹ ਨਾ-ਕਾਫੀ ਹੈ।

ਵਿਦਿਆਰਥੀਆਂ ਦੀ ਜੀਵਨ ਸ਼ੈਲੀ ਵਿੱਚ ਸਾਰਥਿਕ ਤਬਦੀ.ਲੀ ਲਿਆਉਣ ਲਈ ਵਿਦਿਅਕ ਮਾਹਿਰਾਂ ਵੱਲੋਂ ਚਿੰਤਨ-ਮੰਥਨ ਕਰਕੇ ਸਮਾਜਿਕ ਸਰੋਕਾਰਾਂ ਨਾਲ ਜੁੜਦੇ ਉੱਪ-ਵਿਸ਼ਿਆਂ ਨੂੰ ਇੱਕ ਨਵੇਂ ਵਿਸ਼ੇ ਉਸਵਾਗਤ ਜ਼ਿੰਦਗੀ"




ਦੇ ਰੂਪ ਵਿੱਚ ਪਰੋਸ ਕੇ ਦੇਣ ਦੀ ਸਹਿਮਤੀ ਬਣੀ। "ਸਵਾਗਤ ਜ਼ਿੰਦਗੀ" ਪੁਸਤਕ ਵਿਦਿਅਕ ਸੈਸ਼ਨ 2020-2021 ਵਿੱਚ ਹਰੇਕ ਵਿਦਿਆਰਥੀ ਦੇ ਹੱਥ ਵਿੱਚ ਹੋਵ-ਗੀ।ਇਸ ਪੁਸਤਕ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਿਹਤਮੰਦ ਸਮਾਜਿਕ ਕਦਰਾਂ- ਕੀਮਤਾਂ ਨੂੰ ਭਰਨਾ ਹੈ।ਇਸ ਪੁਸਤਕ ਦੀ ਵਿਲੱਖਣਤਾ ਹੈ ਕਿ ਇਹ ਆਮ ਸਿਲੇਬਸ ਵਾਂਗ ਪੜ੍ਹਨ ਵਾਲੀ, ਯਾਦ ਕਰਨ ਜਾਂ ਰੱਟਾ ਲਗਾ ਕੇ ਇਮਤਿਹਾਨ ਪਾਸ ਕਰਨ ਵਾਲੀ ਸਮਗਰੀ ਨਹੀਂ ਹੈ ਸਗੋਂ ਉਹ ਸਾਰੇ ਸਮਾਜਿਕ ਵਿਸ਼ੇ ਜਿਹੜੇ ਸਾਡੀ ਜ਼ਿੰਦਗੀ ਦੇ ਬੜੇ ਨੇੜਿਉਂ ਖਹਿ ਕੇ ਲੰਘਦੇ ਹਨ ਉਹਨਾਂ ਪ੍ਰਤੀ ਸੁਚੇਤ ਹੋ ਕੇ ਜੀਵਨ ਦਾ ਹਿੱਸਾ ਬਣਾਉਣਾ ਹੈ। ਇਸ ਵਿੱਚ ਇਮਾਨਦਾਰੀ, ਦਿਆਲਤਾ, ਸਤਿਕਾਰ,ਸੁਚਾਰੂ ਤੇ ਉਸਾਰੂ ਵਿਹਾਰ, ਸਕੂਲ ਪ੍ਰਤੀ ਪਿਆਰ, ਕੁਦਰਤੀ ਅਤੇ ਸਮਾਜਿਕ ਸੋਮਿਆਂ ਦੀ ਸੰਭਾਲ,ਬਜੁਰਗਾਂ ਦਾ ਸਤਿਕਾਰ, ਛੋਟਿਆਂ ਨਾਲ ਪਿਆਰ,ਹਮਦਰਦੀ,ਸ਼ਹਿਣਸ਼ੀਲਤਾ, ਅਨੁਸ਼ਾਸ਼ਨ,ਸਵੈ-ਵਿਸ਼ਵਾਸ਼, ਹਲੀਮੀ, ਨਿਮਰਤਾ, ਉੱਚਾ-ਸੁੱਚਾ ਆਚਰਣ, ਸਮੇਂ ਦੀ ਕਦਰ,ਸਕਾਰਤਮਕ ਤੇ ਵਿਵੇਕ ਸੋਚ,ਟੀ.ਵੀ., ਇੰਟਰਨੈੱਟ, ਸੋਸ਼ਲ- ਮੀਡੀਆ ਦੀ ਯੋਗ ਵਰਤੋਂ ਆਦਿ ਵਿਸ਼ੇ ਪ੍ਰਮੁੱਖ ਹਨ।ਇਹ ਵਿਸ਼ੇ ਰੋਲ-ਪਲੇਅ, ਸਕਿੱਟਾਂ, ਝਾਕੀਆਂ, ਇਕਾਂਗੀਆਂ,ਕਿਰਿਆਵਾਂ ਦੇ ਰੂਪ ਵਿੱਚ ਹਨ ਜਿਹਨਾਂ ਨੂੰ ਵਿਦਿਆਰਥੀਆਂ ਨੇ ਆਧਿਆਪਕ ਦੀ ਯੋਗ ਅਗਵਾਈ ਵਿੱਚ ਆਪ ਪਲੇਅ ਕਰਨਾ ਹੈ।ਜਦੋਂ ਕੋਈ ਵਿਦਿਆਰਥੀ ਇਹੋ ਜਿਹੇ ਵਿਸ਼ਿਆਂ ਨੂੰ ਸਿਰਫ ਪੜ੍ਹਨ ਜਾਂ ਰਟਨ ਦੀ ਬਜਾਇ ਉਸ ਵਿਸ਼ੇ ਦੇ ਹਿੱਸਾ ਬਣੇਗਾ ਤਾਂ ਜਰੂਰ ਸੋਚਣ,ਸਮਝਣ ਤੇ ਵਿਚਾਰਨ ਦੇ ਯੋਗ ਹੋਵੇਗਾ ਕਿ ਕੀ ਚੰਗਾ ਕੀ ਮਾੜਾ ਹੈ। ਉਹ ਜ਼ਿੰਦਗੀ ਦੇ ਦੂਜੇ ਪਾਸੇ ਨੂੰ ਵੀ ਵੇਖਣ ਦੇ ਸਮੱਰਥ ਹੋਵੇਗਾ।ਸਕੂਲ ਸਿੱਖਿਆ ਵਿਭਾਗ ਦੇ ਦਿਸ਼ਾ- ਨਿਰਦੇਸ਼ਾਂ ਤਹਿਤ ਵਿਭਾਗ ਦੇ ਸਾਹਿ-ਤਕ ਰੁਚੀ ਰੱਖਣ ਵਾਲੇ ਆਧਿਆਪਕਾਂ ਨੇ ਵਿਸ਼ਿਆਂ ਦੀ ਚੋਣ ਕੀਤੀ। ਉਹਨਾਂ ਵਿਸ਼ਿਆਂ ਨੂੰ ਉੱਪ ਵਿਸ਼ਿਆਂ ਦੇ ਰੂਪ ਵਿੱਚ ਵੰਡ ਕੇ ਆਪਸੀ ਸਹਿਯੋਗ ਨਾਲ ਨਿਠ ਕੇ ਕੰਮ ਕੀਤਾ।ਇਹਨਾਂ ਵਿਸ਼ਿਆਂ ਨੂੰ ਰਚਨਾਤਮਕ ਤੇ ਗੁਣਾਤਮਕ ਪੱਖੋਂ ਭਰਪੂਰ ਕਰਨ ਲਈ ਯੋਗ ਵਿਸ਼ਾ ਮਾਹਿਰਾਂ ਦੀਆਂ ਟੀਮਾਂ ਨੇ ਵੀਡੀਓ ਕਾਨਫਰੰਸਾਂ ਰਾਹੀਂ ਵਿਚਾਰ ਵਟਾਂਦਰਾ ਕਰਕੇ ਸੰਵਾਦ ਰਚਾ ਕੇ ਪ੍ਰਕਿਰਿਆ ਨੂੰ ਮੁਕੰਮਲ ਕੀਤਾ।ਸਕੂਲ ਸਿੱਖਿਆ ਵਿਭਾਗ ਪੰਜਾਬ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਦੇ ਸਾਂਝੇ ਯਤਨਾਂ ਸਦਕਾ ਤਿਆਰ ਇਹ ਪੁਸਤਕ ਉਸਵਾਗਤ ਜ਼ਿੰਦਗੀ" ਪ੍ਰਇਮਰੀ ਪੱਧਰ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਦੇ ਸਰਕਾਰੀ, ਏਡਿਡ, ਪ੍ਰਾਈਵੇਟ ਸਕੂਲ ਦੇ ਹਰੇਕ ਵਿਦਿਆਰਥੀ ਲਈ ਵਰਦਾਨ ਸਾਬਤ ਹੋਵੇਗੀ।ਇਸ ਪੁਸਤਕ ਡਿਜਾਇਨ ਕਰਦਿਆਂ ਵਿਦਿਆਰਥੀਆਂ ਦੇ ਉਮਰ ਵਰਗ ਦਾ ਖਾਸ ਧਿਆਨ ਰੱਖਿਆ ਗਿਆ ਹੈ।ਪੁਸਤਕ ਵਿਚਲੇ ਕਾਰਟੂਨ ਤੇ ਮਾਹਿਰ ਆਰਟਿਸਟਾਂ ਵੱਲੋਂ ਡਿਜਾਇਨ ਕੀਤੀਆਂ ਤਸਵੀਰਾਂ ਖਾਸ ਆਕਰਸ਼ਨ ਦਾ ਕੇਂਦਰ ਹੋਣਗੀਆਂ।ਇਸ ਤੋਂ ਇਲਾਵਾ ਇਹ ਪੁਸਤਕ ਭਾਸ਼ਾ ਤੇ ਸ਼ੈਲੀ ਪੱਖੋਂ ਮੁਕੰਮਲ ਹੈ ਅਤੇ ਇਸ ਵਿਚਲੀਆਂ ਰਚਨਾਵਾਂ ਸੰਪੂਰਨ ਤੌਰ ਤੇ ਮੌਲਿਕ ਹਨ।ਜਿਸ ਤਰਾਂ ਆਧਿਆਪਕ ਬਾਰੇ ਸਵਾਮੀ ਵਿਵੇਕਾਨੰਦ ਜੀ ਲਿਖਦੇ ਹਨ। "ਇੱਕ ਸਧਾਰਨ ਆਧਿਆਪਕ ਪਾਠ ਪੜ੍ਹਾਉਂਦਾ ਹੈ,ਚੰਗਾ ਆਧਿਆਪਕ ਪਾਠ ਦੇ ਅਰਥ ਸਮਝਾਉਂਦਾ ਹੈ, ਉਤਮ ਆਧਿਆਪਕ ਪਾਠ ਪੜ੍ਹਨ ਦੀ ਜਾਚ ਸਿਖਾਉਂਦਾ ਹੈ। ਉਸੇ ਤਰਾਂ ਉਸਵਾਗਤ ਜ਼ਿੰਦਗੀ" ਪੁਸਤਕ ਵਿਦਿਆਰਥੀ ਨੂੰ ਜ਼ਿੰਦਗੀ ਜਿਊਂਣ ਦੀ ਜਾਚ ਸਿਖਾਏਗੀ ਤੇ ਇਕ ਸੂਝਵਾਨ ਨਾਗਰਿਕ ਬਣਨ ਦੇ ਸਮਰੱਥ ਬਣਾਏਗੀ। ਇਹ ਪੁਸਤਕ ਵਿਦਿਆਰਥੀ ਦੇ ਵਿਅੱਕਤੀਤਵ ਨੂੰ ਸੰਵਾਰਨ, ਸ਼ਿੰਗਾਰਨ, ਤਰਾਸ਼ਣ ਤੇ ਨਿਖਾਰਨ ਦਾ ਕੰਮ ਕਰੇਗੀ। ਛੋਟੀ ਉਮਰੇ ਨੈਤਿਕ ਕਦਰਾਂ-ਕੀਮਤਾਂ ਨੂੰ ਅਪਨਾਉਣ ਵਾਲਾ ਹਰੇਕ ਵਿਦਿਆਰਥੀ ਇਸ ਪੁਸਤਕ ਵਿਚਲੇ ਸ਼ਬਦ ਸਮੂੰਦਰ ਚੋਂ ਤਾਰੀ ਲਾ ਕੇ ਖੁਸ਼ਹਾਲ ਤੰਦਰੁਸਤ ਜੀਵਨ ਜਿਊਂਦਿਆਂ ਇੱਕ ਸਭਿਅਕ ਤੇ ਸਿਹਤਮੰਦ ਸਮਾਜ ਸਿਰਜਣ ਵੱਲ ਵਧੇਗਾ।

ਕੋਈ ਅਜਿਹਾ ਸ਼ਖ਼ਸ ਨਹੀਂ ਹੋਵੇਗਾ ਜੋ ਉਸਵਾਗਤ ਜ਼ਿੰਦਗੀ" ਵਿਸ਼ੇ ਅਤੇ ਉਸਵਾਗਤ ਜ਼ਿੰਦਗੀ" ਪੁਸਤਕ ਦੀ ਆਮਦ ਤੇ ਉਸਦਾ ਸਵਾਗਤ ਨਹੀਂ ਕਰੇਗਾ।ਆਦਰਸ਼ਕ ਉਦੇਸ਼ਾਂ ਦੇ ਟੀਚਿਆਂ ਦੀ ਪੂਰਤੀ ਦੀ ਬੇਸਬਰੀ ਨਾਲ ਉਡੀਕ ਵਿੱਚ।

**- ਗੁਰਮੀਤ ਸਿੰਘ ਬਾਜਵਾ**
91-8872-91113

# ਚੀਨ ਨੂੰ ਸਬਕ ਸਿਖਾਉਣ ਦੇ ਨਾਲ ਨਾਲ ਚੀਨ ਤੋਂ ਸਬਕ ਸਿੱਖਣ ਦੀ ਵੀ ਲੋੜ

ਦੁਨੀਆਂ ਦੇ ਕੁਝ ਦੇਸ਼ਾਂ ਦੀ ਆਰਥਿਕਤਾ ਖੇਤੀਬਾੜੀ ਆਧਾਰਤ ਕੁਝ ਦੀ ਉਦਯੋਗ ਅਧਾਰਤ ਅਤੇ ਕੁਝ ਕੁ ਦੇਸ਼ਾਂ ਦਾ ਆਰਥਿਕਤਾ ਸੂਚਨਾ ਅਤੇ ਤਕਨੀਕ ਅਧਾਰਤ ਹੈ। ਇਸ ਵੇਲੇ ਉਹ ਦੇਸ਼ ਮੁਹਰਲੀ ਕਤਾਰ ਵਿੱਚ ਹਨ ਜੋ ਸੂਚਨਾ ਅਤੇ ਤਕਨੀਕ ਤੋਂ ਪੈਸਾ ਕਮਾ ਰਹੇ ਹਨ। ਜਿਥੇ ਦੁਨੀਆਂ ਭਰ ਵਿੱਚ ਤਕਨਾਲੋਜੀ ਦੀ ਕ੍ਰਾਂਤੀ ਆਈ ਹੈ ਉਥੇ ਭਾਰਤ ਵੀ ਡਿਜੀਟਲਾਈਜੇਸ਼ਨ ਵੱਲ ਵਧ ਰਿਹਾ ਹੈ। ਭਾਵੇਂ ਅਨਪੜ੍ਹਤਾ, ਗਰੀਬੀ ਆਦਿ ਕਾਰਨ ਡਿਜੀਟਲ ਵੰਡ ਵਿੱਚ ਹਾਲੇ ਸਾਡਾ ਦੇਸ਼ ਕਾਫੀ ਪਿਛੇ ਹੈ ਪਰ ਫਿਰ ਵੀ ਅਬਾਦੀ ਜਿਆਦਾ ਹੋਣ ਕਾਰਨ ਡਿਜੀਟਲ ਮਾਰਕੀਟਿੰਗ ਲਈ ਵੱਡਾ ਬਜ਼ਾਰ ਪ੍ਰਦਾਨ ਕਰ ਰਿਹਾ ਹੈ। ਪਰ ਭਾਰਤ ਦੀ ਇਸ ਡਿਜੀਟਲ ਕ੍ਰਾਂਤੀ ਦਾ ਫਾਇਦਾ ਹੋਰ ਦੇਸ਼ ਉਠਾ ਰਹੇ ਹਨ। ਕਿਸੇ ਵੀ ਦੇਸ਼ ਵਿੱਚ ਬਣੀਆਂ ਮੋਬਾਈਲ ਐਪਲੀਕੇਸ਼ਨਾ ਅਤੇ ਗੇਮਾਂ ਨੂੰ ਡਾਉਨਲੋਡ ਕਰ ਕਰ ਕੇ ਅਸੀਂ ਬੜੀ ਛੇਤੀ ਮਸ਼ਹੂਰ ਕਰ ਦਿੰਦੇ ਹਾਂ। ਚੀਨ ਦੀ ਹੀ ਗੱਲ ਲੈ ਲਓ ਟਿਕਟਾਕ, ਯੂ ਸੀ ਵੈਬ, ਵੀ ਚੈਟ ਆਦਿ ਕਿੰਨੀਆ ਹੀ ਐਪਲੀਕੇਸ਼ਨ ਅਸੀਂ ਧੜਾਧੜ ਵਰਤ ਰਹੇ ਹਾਂ। ਕੀ ਤੁਹਾਨੂੰ ਪਤਾ ਹੈ ਇੰਨਾ ਐਪਲੀਕੇਸ਼ਨਾ ਤੋਂ ਚੀਨ ਕਰੋੜਾਂ ਨਹੀਂ ਅਰਬਾਂ ਕਮਾ ਰਿਹਾ ਹੈ। ਇਸੇ ਹੀ ਤਰ੍ਹਾਂ ਅਮਰੀਕਾ ਦੀਆਂ ਫੇਸਬੁੱਕ, ਵੱਟਸਐਪ, ਟਵੀਟਰ ਵਰਗੀਆਂ ਐਪਸ ਵੀ ਇਸੇ ਤਰ੍ਹਾਂ ਧੂਮ ਮਚਾ ਰਹੀਆਂ ਹਨ।

ਕੀ ਅਸੀਂ ਇਨ੍ਹਾਂ ਦੇਸਾਂ ਦੀ ਰੀਸ ਨਹੀਂ ਕਰ ਸਕਦੇ ? ਕੀ ਅਸੀਂ ਭਾਰਤੀਆਂ ਲਈ ਸਵਦੇਸ਼ੀ ਐਪਸ ਨਹੀਂ ਬਣਾ ਸਕਦੇ?

ਜੇਕਰ ਸਰਕਾਰਾਂ ਹੋਰ ਵਿਰੋਧੀ ਪਾਰਟੀ ਬਿਆਨਬਾਜੀ, ਧਾਰਮਿਕ, ਜਾਤੀਗਤ ਮਸਲਿਆਂ ਤੋਂ ਧਿਆਨ ਲਾਂਭੇ ਕਰ ਕੇ ਇਸ ਬਾਰੇ ਸੋਚਣ ਅਤੇ ਤਕਨੀਕੀ ਸਿੱਖਿਆ ਤੇ ਜੋਰ ਦੇਣ ਤਾਂ ਅਸੀਂ ਵੀ ਸੂਚਨਾ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਅੱਗੇ ਵਧ ਸਕਦੇ ਹਾਂ।

ਚੀਨ ਨਾਲ ਪੈਦਾ ਹੋਏ ਤਣਾਅ ਕਾਰਨ ਚੀਨੀ ਸਮਾਨ ਦਾ ਬਾਈਕਾਟ ਕਰਨ ਦੀ ਗੱਲ ਅੱਜ-ਕੱਲ੍ਹ ਚਰਚਾ ਦਾ ਮੁੱਖ ਵਿਸ਼ਾ ਬਣੀ ਹੋਈ ਹੈ। ਸਾਡੇ ਕੁਝ ਤੱਤੇ ਸੁਭਾਅ ਦੇ ਭਾਰਤੀ ਤਾਂ ਚੀਨੀ ਵਸਤੂਆਂ ਨੂੰ ਤੋੜਨ ਭੰਨਣ ਤੇ ਉਤਾਰੂ ਹੋ ਗਏ ਹਨ । ਪਰ ਇਸ ਤਰ੍ਹਾਂ ਚੀਨੀ ਸਮਾਨ ਦਾ ਬਾਈਕਾਟ ਕਰਨ ਨਾਲ ਤਾਂ ਉਨ੍ਹਾਂ ਛੋਟੇ ਦੁਕਾਨਦਾਰਾਂ ਦਾ ਨੁਕਸਾਨ ਹੋਵੇਗਾ ਜੋ ਉਸ ਸਮਾਨ ਨੂੰ ਆਪਣੀ ਰੋਜ਼ੀ ਰੋਟੀ ਕਮਾਉਣ ਲਈ ਖਰੀਦ ਚੁੱਕੇ ਹਨ। ਇਹ ਕੰਮ ਸਰਕਾਰਾਂ ਦੇ ਹਨ ਕਿ ਉਹ ਚੀਨ ਨਾਲ ਵਿਉਪਾਰਕ ਸਾਂਝ ਤੋੜਨ। ਪਰ ਜੇਕਰ ਦੇਖੀਏ ਤਾਂ ਉਹ ਕਿਹੜਾ ਸਮਾਨ ਹੈ ਜੋ ਚੀਨ ਤੋਂ ਨਹੀਂ ਆਉਂਦਾ ਬੱਚਿਆਂ ਦੇ ਖਿਡਾਉਣਿਆਂ ਤੋਂ ਲੈ ਕੇ ਵੱਡੇ ਵੱਡੇ ਔਜ਼ਾਰਾਂ ਤੱਕ ਸਾਰਾ ਸਾਮਾਨ ਚੀਨ ਵਿੱਚ ਬਣਦਾ ਹੈ ਅਤੇ ਉਸ ਦੀ ਕੀਮਤ ਵੀ ਇੰਨੀ ਘੱਟ ਹੁੰਦੀ ਹੈ ਸਾਡੇ ਦੇਸ਼ ਦੀ ਬਹੁਤੀ ਜਨਸੰਖਿਆ ਉਸ ਨੂੰ ਖਰੀਦ ਕੇ ਖੁਸ਼ ਹੈ। ਇਥੇ ਇਹ ਗੱਲ ਵੀ ਲਾਗੂ ਹੁੰਦੀ ਹੈ ਕਿ ਸਰਕਾਰ ਨੂੰ ਉਸ ਸਮਾਨ ਦੀ ਪੂਰਤੀ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ। ਕਿਉਂ ਨਾ ਉਹਨਾਂ ਵਿੱਚੋਂ ਬਹੁਤ ਸਾਰੀਆਂ ਚੀਜਾਂ ਭਾਰਤ ਵਿੱਚ ਬਣਨ ਜਿਸ ਨਾਲ ਕਾਫੀ ਹੱਦ ਤੱਕ ਬੇਰੁਜ਼ਗਾਰੀ ਦੀ ਸਮੱਸਿਆ ਵੀ ਹੱਲ ਹੋ ਸਕਦੀ ਹੈ। ਚੀਨੀ ਸਮਾਨ ਦੇ ਬਾਈਕਾਟ ਅੰਤਰਗਤ ਭਾਰਤ ਸਰਕਾਰ ਇਕੱਲਾ 59 ਚੀਨੀ ਐਪਲੀਕੇਸ਼ਨਾ ਨੂੰ ਬੰਦ ਕਰ ਕੇ ਹੀ ਚੀਨ ਨੂੰ ਸਬਕ ਸਿੱਖਾ ਕੇ ਹੀ ਸੰਤੁਸ਼ਟ ਨਾ ਹੋਵੇ ਸਗੋਂ ਚੀਨ ਤੋਂ ਸਬਕ ਲੈ ਕੇ ਇਸ ਤਰ੍ਹਾਂ ਦੀਆਂ ਐਪਲੀਕੇਸ਼ਨਾ ਭਾਰਤ ਤੋਂ ਚਲਾਵੇ ਤਾਂ ਜੋ ਚੀਨ ਦੀ ਤਰ੍ਹਾਂ ਇਨ੍ਹਾਂ ਦੀ ਕਮਾਈ ਨਾਲ ਸਾਡੇ ਦੇਸ਼ ਦੀ ਅਰਥਚਾਰਾ ਵੀ ਮਜਬੂਤ ਹੋ ਸਕੇ।



**ਚਾਨਣ ਦੀਪ ਸਿੰਘ ਔਲਖ**
91-98768-88177

ਭਾਰਤ ਵਿੱਚ ਨਾ ਤਾਂ ਲੋਕ ਹੀ ਵੋਟ ਪਾਉਣ ਸਮੇਂ ਇਸ ਤਰ੍ਹਾਂ ਦੀ ਮੰਗ ਕਰਦੇ ਹਨ ਅਤੇ ਨਾ ਹੀ ਸਰਕਾਰਾਂ ਜਾਂ ਰਾਜਨੀਤਕ ਪਾਰਟੀਆਂ ਇਹੋ ਜਿਹੇ ਦੇਸ਼ ਨੂੰ ਤਰੱਕੀ ਦੀ ਰਾਹ ਤੇ ਲਿਜਾਣ ਵਾਲੇ ਮੁੱਦਿਆਂ ਬਾਰੇ ਜ਼ਿਆਦਾ ਦਿਲਚਸਪੀ ਦਿਖਾਉਂਦਿਆਂ ਹਨ। ਕਿਉਂਕਿ ਉਨ੍ਹਾਂ ਕੋਲ ਵੋਟਾਂ ਲੈਣ ਲਈ ਹੋਰ ਧਾਰਮਿਕ ਅਤੇ ਜਾਤੀਗਤ ਮੁੱਦੇ ਮੌਜੂਦ ਹਨ ਉਨ੍ਹਾਂ ਨੂੰ ਪਤਾ ਹੈ ਕਿ ਲੋਕ ਇਨ੍ਹਾਂ ਮੁੱਦਿਆਂ ਤੇ ਹੀ ਵੋਟ ਦੇਣਗੇ। ਸਾਡੇ ਦੇਸ਼ ਵਿੱਚ ਸਿੱਖਿਆ ਲਈ ਰੱਖੇ ਜਾਂਦੇ ਸਲਾਨਾ ਬਜਟ ਤੋਂ ਜਿਆਦਾ ਰਾਜਨੀਤਕ ਪਾਰਟੀਆਂ ਚੋਣ ਰੈਲੀਆਂ ਤੇ ਖਰਚ ਕਰ ਦਿੰਦੀਆਂ ਹਨ। ਉਸ ਰੱਖੇ ਗਏ ਬਜਟ ਵਿੱਚ ਵੀ ਅਨੇਕਾਂ ਘੁਟਾਲੇ ਸਾਹਮਣੇ ਆ ਜਾਂਦੇ ਹਨ। ਤਕਨੀਕੀ ਸਿੱਖਿਆ ਇੰਨੀ ਮਹਿੰਗੀ ਹੈ ਕਿ ਪਹਿਲਾਂ ਤਾਂ ਸਧਾਰਨ ਵਿਅਕਤੀ ਉਸ ਨੂੰ ਹਾਸਲ ਨਹੀਂ ਕਰ ਸਕਦਾ ਜੇਕਰ ਪੜ ਲਵੇ ਤਾਂ ਮਾਮੂਲੀ ਤਨਖਾਹ ਤੇ ਨੌਕਰੀ ਮਿਲਦੀ ਹੈ।

ਸੋ ਹੁਣ ਲੋੜ ਹੈ ਭਾਰਤੀ ਵੋਟਰਾਂ ਨੂੰ ਜਾਗਣ ਦੀ ਕਿ ਅੱਗੇ ਤੋਂ ਉਸ ਪਾਰਟੀ ਨੂੰ ਵੋਟ ਦੇਣ ਜੋ ਦੇਸ਼ ਨੂੰ ਸੂਚਨਾ ਤਕਨਾਲੋਜੀ ਤਰੱਕੀ , ਭਰਿਸ਼ਟਾਚਾਰ ਮੁਕਤੀ, ਸਿੱਖਿਆ ਬਜਟ ਵਿੱਚ ਵਾਧਾ ਕਰਨ ਦਾ ਵਾਅਦਾ ਕਰੇ ਨਾ ਕਿ ਮੰਦਰ, ਮਸਜਿਦ, ਹਿੰਦੂ, ਸਿੱਖ, ਮੁਸਲਮਾਨ, ਜਾਤੀ ਆਦਿ ਮੁਦਿਆਂ ਵਿੱਚ ਉਲਝਾਈ ਜਾਵੇ ਅਤੇ ਉਨ੍ਹਾਂ ਵਾਅਦਿਆਂ ਨੂੰ ਅਮਲੀ ਰੂਪ ਦਿਵਾਉਣ ਦੀ ਜ਼ਿੰਮੇਵਾਰੀ ਵੀ ਸਾਡੀ ਸਭ ਦੀ ਬਣਦੀ ਹੈ। ਚੀਨ ਨੂੰ ਸਬਕ ਸਿਖਾਉਣ ਲਈ ਕੇਵਲ ਬੇਤੁਕੀਆਂ ਗੱਲਾਂ ਕਰਨ ਨਾਲ ਕੁੱਝ ਨਹੀਂ ਹੋਣਾ। ਚੀਨ ਤੇ ਨਿਰਭਰਤਾ ਘਟਾਉਣ ਲਈ ਸਾਡੇ ਦੇਸ਼ ਨੂੰ ਆਤਮ ਨਿਰਭਰ ਬਣਨਾ ਚਾਹੀਦਾ ਹੈ। ਖਾਸ ਤੌਰ 'ਤੇ ਤਕਨੀਕੀ ਸਿੱਖਿਆ ਤੇ ਤਕਨੀਕੀ ਕਾਰੋਬਾਰਾਂ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ।

# ਮਿੰਨੀ ਕਹਾਣੀ/ ਸਵੇਰ ਦਾ ਭੁੱਲਿਆ

ਰਮੇਸ਼ ਦਾ ਸੁਖਜਿੰਦਰ ਨਾਲ ਵਿਆਹ ਹੋਏ ਨੂੰ ਪੰਜ ਸਾਲ ਹੋ ਗਏ ਸਨ।ਇਹ ਪੰਜ ਸਾਲ ਰਮੇਸ਼ ਨੇ ਸੁਖਜਿੰਦਰ ਨਾਲ ਨਰਕ ਵਰਗੇ ਬਿਤਾਏ ਸਨ।ਇਸ ਦਾ ਕਾਰਨ ਇਹ ਸੀ ਕਿ ਸੁਖਜਿੰਦਰ ਸਹੁਰੇ ਘਰ ਦੀਆਂ ਸਾਰੀਆਂ ਗੱਲਾਂ ਆਪਣੀ ਮੰਮੀ ਨਾਲ ਸਾਂਝੀਆਂ ਕਰਦੀ ਰਹਿੰਦੀ ਦੀ।ਮੰਮੀ ਉਸ ਨੂੰ ਗਲਤ ਸਲਾਹਾਂ ਦਿੰਦੀ ਰਹਿੰਦੀ ਸੀ,ਜਿਨ੍ਹਾਂ ਨੂੰ ਉਹ ਮੰਨ ਕੇ ਘਰ ਵਿੱਚ ਕਲੇਸ਼ ਪਾਈ ਰੱਖਦੀ ਸੀ।ਪਰ ਪਿਛਲੇ ਇਕ ਮਹੀਨੇ ਤੋਂ ਰਮੇਸ਼ ਸੁਖਜਿੰਦਰ ਦੀ ਬੋਲ-ਚਾਲ ਤੇ ਵਰਤਾਉ ਵਿੱਚ ਹੈਰਾਨ ਕਰਨ ਵਾਲਾ ਪਰਿਵਰਤਨ ਦੇਖ ਰਿਹਾ ਸੀ।ਰਮੇਸ਼ ਨੂੰ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਉਸ ਵਿੱਚ ਇਹ ਪਰਿਵਰਤਨ ਕਿਵੇਂ ਆ ਗਿਆ।

ਅੱਜ ਜਦੋਂ ਸੁਖਜਿੰਦਰ ਦੀ ਮੰਮੀ ਦਾ ਫੋਨ ਆਇਆ, ਤਾਂ ਉਹ ਫੋਨ ਸੁਣਨ ਲਈ ਰਮੇਸ਼ ਕੋਲੋਂ ਉੱਠ ਕੇ ਨਹੀਂ ਗਈ।ਸਗੋਂ ਉਹ ਰਮੇਸ਼ ਕੋਲ ਬੈਠੀ ਹੀ ਉਸ ਦਾ ਫੋਨ ਸੁਣਨ ਲੱਗ ਪਈ,"ਹਾਂ ਮੰਮੀ, ਦੱਸ ਕੀ ਗੱਲ ਆ?"

"ਪੁੱਤ ਗੱਲ ਤਾਂ ਕੁਛ ਨ੍ਹੀ,ਮੈਂ ਤੇਰਾ ਹਾਲ ਪੁੱਛਣ ਲਈ ਫੋਨ ਕੀਤਾ ਆ।"

"ਮੰਮੀ, ਮੈਂ ਆਪਣੇ ਘਰ ਠੀਕ ਠਾਕ ਆਂ।ਜੇ ਮੈਨੂੰ ਕੁਛ ਹੋਇਆ,ਮੈਂ ਤੈਨੂੰ ਆਪ ਫੋਨ ਕਰਕੇ ਦੱਸ ਦਿਆਂਗੀ।ਤੂੰ ਮੈਨੂੰ ਬਹੁਤੇ ਫੋਨ ਨਾ ਕਰਿਆ ਕਰ।ਮਸੀਂ ਸਾਡੇ ਘਰ 'ਚ ਕਲੇਸ਼ ਨੂੰ ਠੱਲ੍ਹ ਪਈ ਆ।ਮੈਂ ਨ੍ਹੀ ਚਾਹੁੰਦੀ ਕਿ ਸਾਡੇ ਘਰ 'ਚ ਦੁਬਾਰਾ ਕਲੇਸ਼ ਪਏ।" ਏਨਾ ਕਹਿ ਕੇ ਸੁਖਜਿੰਦਰ ਨੇ ਫੋਨ ਕੱਟ ਦਿੱਤਾ।ਫਿਰ ਉਹ ਰਮੇਸ਼ ਨੂੰ ਮੁਖ਼ਾਤਬ ਹੋ ਕੇ ਬੋਲੀ, "ਰਮੇਸ਼ ਮੈਨੂੰ ਮਾਫ ਕਰ ਦਈਂ। ਮੈਂ ਪੰਜ ਸਾਲ ਤੈਨੂੰ ਮੰਮੀ ਦੇ ਕਹੇ ਤੇ ਬਹੁਤ ਮੰਦਾ, ਚੰਗਾ ਬੋਲਿਆ ਆ।ਹੁਣ ਮੈਂ ਫੈਸਲਾ ਕੀਤਾ ਆ ਕਿ ਮੈਂ ਤੇਰੇ ਨਾਲ ਚੱਜ ਨਾਲ ਗੱਲ ਕਰਿਆ ਕਰਾਂਗੀ ਤੇ ਤੇਰਾ ਹਰ ਕਹਿਣਾ ਮੰਨਿਆ ਕਰਾਂਗੀ।ਕਿਸੇ ਤੀਜੇ ਬੰਦੇ ਨੂੰ ਆਪਣੇ ਘਰ 'ਚ ਦਖਲ ਨਹੀਂ ਦੇਣ ਦਿਆਂਗੀ।"

"ਸਵੇਰ ਦਾ ਭੁੱਲਿਆ ਜੇ ਸ਼ਾਮ ਨੂੰ ਘਰ ਆ ਜਾਵੇ, ਤਾਂ ਉਸ ਨੂੰ ਭੁੱਲਿਆ ਨਹੀਂ ਕਹਿੰਦੇ।ਸੁਖ-ਜੰਦਰ,ਤੂੰ ਸਹੀ ਸਮੇਂ ਤੇ ਸਹੀ ਫੈਸਲਾ ਕੀਤਾ ਆ।ਮੈਂ ਤੇਰੇ ਇਸ ਫੈਸਲੇ ਤੋਂ ਬਹੁਤ ਖੁਸ਼ ਹਾਂ।" ਰਮੇਸ਼ ਨੇ ਆਖਿਆ।



**- ਮਹਿੰਦਰ ਸਿੰਘ ਮਾਨ**
91-991580-35558

# ਕਰੋਨਾ ਇੱਕ ਸੇਧ

ਮਨੁੱਖੀ ਜੀਵਨ ਵਿੱਚ ਉਤਰਾਅ ਚੜ੍ਹਾਅ ਅਕਸਰ ਆਂਉਦੇ ਜਾਂਦੇ ਹੀ ਰਹੇ ਹਨ, ਕਦੇ ਤਿੱਖੀ ਧੁੱਪ ਅਤੇ ਕਦੇ ਸੰਘਣੀ ਛਾਂ ਵਾਂਗੂ। ਇਸੇ ਤਰ੍ਹਾਂ ਅੱਜ ਵੀ ਪੂਰਾ ਸੰਸਾਰ ਕਰੋਨਾ ਵਾਇਰਸ (ਕੋਵਿਡ-19) ਵਰਗੀ ਬੀਮਾਰੀ ਦੀ ਮਾਰ ਹੇਠੋਂ ਗੁਜਰ ਰਿਹਾ ਹੈ। ਹੈਜਾ ਅਤੇ ਪਲੇਗ ਵਰਗੀਆਂ ਬਿਮਾਰੀਆਂ ਵਾਂਗੂ ਇਹ ਵੀ ਇੱਕ ਮਹਾਮਾਰੀ ਦੇ ਰੂਪ ਵਿੱਚ ਸਾਹਮਣੇ ਆਈ ਹੈ। ਜਿਵੇਂ ਤੁਸੀਂ ਜਾਣਦੇ ਈ ਹੋ ਕੇ ਚੀਨ ਦੇ ਇੱਕ ਸ਼ਹਿਰ ਵੂਹਾਨ ਜਿੱਥੇ ਇਸ ਬੀਮਾਰੀ ਦਾ ਸਭ ਤੋਂ ਪਹਿਲਾ ਕੇਸ ਬਾਹਰ ਆਇਆ ਸੀ ਅਤੇ ਅੱਜ ਪੂਰੇ ਸੰਸਾਰ ਵਿੱਚ ਇਹ ਬੀਮਾਰੀ ਆਪਣੇ ਪੈਰ ਪਸਾਰ ਰਹੀ ਹੈ ਅਤੇ ਹਰ ਰੋਜ਼ ਪਾਜਿਟਿਵ ਕੇਸਾਂ ਦੀ ਗਿਣਤੀ ਵਧ ਰਹੀ ਹੈ। ਜਿੱਥੇ ਇਟਲੀ ਅਮਰੀਕਾ, ਚੀਨ , ਫਰਾਂਸ ਵਰਗੇ ਦੇਸ਼ ਇਸਦੀ ਮਾਰ ਝੱਲ ਰਹੇ ਹਨ ਉਥੇ ਭਾਰਤ ਵਿੱਚ ਵੀ ਇਸ ਦਾ ਪਸਾਰ ਤੇਜੀ ਨਾਲ ਵਧਦਾ ਜਾ ਰਿਹਾ ਹੈ । ਤਕਰੀਬਨ ਪਿਛਲੇ ਤਿੰਨ ਮਹੀਨਿਆਂ ਤੋਂ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਭਾਰਤ ਵਿੱਚ ਚੌਥਾ ਲਾਕਡਾਉਨ ਚਲ ਰਿਹਾ ਹੈ ਤਾਂ ਜੋ ਲੋਕ ਦੂਜੇ ਦੇ ਸੰਪਰਕ ਵਿਚ ਨਾ ਆਉਣ ਅਤੇ ਇਸ ਬੀਮਾਰੀ ਨੂੰ ਇਕ ਵਿਅਕਤੀ ਤੋ ਦੂਜੇ ਅਤੇ ਦੂਜੇ ਤੋਂ ਤੀਜੇ ਅਤੇ ਇਸੇ ਤਰਾ ਅੱਗੇ ਕਈਆਂ ਤੱਕ ਪਹੁੰਚਣ ਤੋਂ ਰੋਕਿਆ ਜਾ ਸਕੇ। ਇਨਾ ਦਿਨਾ ਵਿਚ ਹਰ ਇਕ ਵਰਗ ਦਾ ਵਿਅਕਤੀ ਕਿਤੇ ਨਾ ਕਿਤੇ ਔਖੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਜਿੱਥੇ ਵੱਡੇ ਕਾਰੋਬਾਰੀ ਅਦਾਰੇ ਬੰਦ ਰਹਿਣ ਜਾਂ ਘੱਟ ਸਮਾ ਖੁਲਣ ਕਾਰਨ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਰਹੇ ਹਨ ਉਥੇ ਦੂਜੇ ਪਾਸੇ ਮਜਦੂਰ ਵਰਗ ਰੁਜ਼ਗਾਰ ਖੁੱਸਣ ਜਾਂ ਨਾ ਮਿਲਣ ਕਰਕੇ ਹਰ ਰੋਜ ਦੁੱਖ ਤਕਲੀਫਾਂ ਦਾ ਸਾਹਮਣਾ ਕਰਦੇ ਵੇਖੇ ਜਾ ਸਕਦੇ ਹਨ। ਨਾਲ ਹੀ ਮੈ ਉਨਾ ਪਰਵਾਸੀ ਮਜ਼ਦੂਰਾਂ ਦੀ ਗੱਲ ਕਰਨਾ ਨਹੀਂ ਭੁੱਲਾਂਗਾ ਜੋ ਆਪਣੇ ਘਰ ਵਾਪਸ ਪਰਤਨ ਦੀ ਦੌੜ ਵਿੱਚ ਜੁਟੇ ਹੋਏ ਹਨ, ਸ਼ਲਾਘਾਯੋਗ ਇਹ ਵੀ ਹੈ ਕਿ ਸਰਕਾਰ ਤਾਂ ਕੰਮ ਕਰ ਰਹੀ ਹੈ ਤੇ ਨਾਲ ਹੀ ਸਿਹਤ ਵਿਭਾਗ, ਪੁਲਸ ਪ੍ਰਸ਼ਾਸਨ, ਸਫਾਈ ਕਰਮਚਾਰੀ ਅਤੇ ਹੋਰ ਕਈ ਸਮਾਜ ਸੇਵੀ ਸੰਸਥਾਵਾਂ ਮਦਦ ਕਰਨ ਵਿੱਚ ਜੁਟੀਆਂ ਹੋਈਆਂ ਹਨ ਤਾਂ ਜੋ ਹਰ ਵਰਗ ਨੂੰ ਬਣਦੀ ਮਦਦ ਦਿੱਤੀ ਜਾ ਸਕੇ। ਜਦ ਵੀ ਕਦੇ ਬੁਰਾ ਸਮਾ ਆਂਓਦਾ ਹੈ ਤਾਂ ਉਹ ਸਾਨੂੰ ਕੁਝ ਸਿੱਖਿਆਵਾਂ ਅਤੇ ਸੇਧਾਂ ਜਰੂਰ ਦੇਕੇ ਜਾਂਦਾ ਹੈ। ਵੇਖੀਏ ਤਾਂ ਅਸੀ ਪਹਿਲਾਂ ਕੁਦਰਤ ਦੇ ਨਿਯਮਾਂ ਤੋਂ ਕਿਤੇ ਦੂਰ ਹੀ ਜੀ ਰਹੇ ਸਾਂ। ਇਨਸਾਨਾਂ ਤੋ ਜਿਆਦਾ ਮਸ਼ੀਨਾ ਨਾਲ ਪਿਆਰ ਵਧਾ ਰਹੇ ਸਾਂ। ਇਨਸਾਨੀਅਤ ਨਾ ਦੀ ਚੀਜ਼ ਸਾਡੇ ਅੰਦਰੋਂ ਖਤਮ ਹੁੰਦੀ ਜਾਂਦੀ ਪਰਤੀਤ ਹੋ ਰਹੀ ਸੀ, ਪਰ ਅੱਜ ਅਸੀ ਇੱਕ ਦੂਜੇ ਦੀ ਮਦਦ ਕਰਦੇ ਨਜ਼ਰ ਆ ਰਹੇ ਹਾਂ। ਭਾਵੇਂ ਵੱਡਾ ਸ਼ਹਿਰ ਹੋਵੇ ਜਾਂ ਛੋਟਾ ਕਸਬਾ ਲੋਕ ਕੋਸ਼ਿਸ਼ ਕਰ ਰਹੇ ਹਨ ਕਿ ਘੱਟ ਤੋਂ ਘੱਟ ਕੋਈ ਭੁੱਖਾ ਨਾ ਸੌਂਦੇ। ਦੂਜੇ ਪਾਸੇ ਵੇਖੀਏ ਤਾਂ ਅਸੀਂ ਇੱਕ ਹੀ ਸੜਕਾਂ ਵਾਹਨਾ ਨਾਲ ਭਰੀਆਂ ਹੋਈਆਂ ਰਹਿੰਦੀਆਂ ਸਨ,ਵਾਜਬ ਹੈ ਕਿ ਪ੍ਰਦੂਸ਼ਣ ਦਾ ਵੀ ਮੁੱਖ ਕਾਰਨ ਇਹ ਹੀ ਹੈ ਕੇ ਵਾਹਨ ਜਰੂਰਤ ਅਨੁਸਾਰ ਨਹੀਂ ਸਗੋਂ ਸਮਾਜ ਵਿੱਚ ਆਪਣੇ ਸਟੇਟਸ ਸਿੰਬਲ ਦੇ ਹਿਸਾਬ ਨਾਲ ਚੱਲਦੇ ਹਨ। ਹੋਰ ਚੰਗੀਆਂ ਆਦਤਾਂ ਜਿਵੇਂ ਆਪਣੀ ਅਤੇ ਆਪਣੇ ਆਲੇ ਦੁਆਲੇ ਦੀ ਸਫਾਈ ਰਖਣੀ ਵੀ ਸਾਨੂੰ ਇਸੇ ਸਮੇ ਨੇ ਸਿਖਾਈ ਹੈ। ਬਾਕੀ ਇਸ ਲਾਕਡਾਊਨ ਕਾਰਨ ਅਸੀਂ ਉਹ ਵੀ ਜੀਵਨ ਜੀਕੇ ਦੇਖ ਲਿਆ ਜਿਸ ਦੀ ਕਲਪਨਾ ਵੀ ਨਹੀਂ ਸੀ ਕਰਦੇ। ਵੱਡੇ ਵੱਡੇ ਮਾਲਾਂ ਵਿੱਚ ਸ਼ਾਪਿੰਗ, ਜੰਕ ਫੂਡ ਖਾਣਾ, ਪਾਰਟੀਆਂ ਆਦਿ ਤੋਂ ਪਰੇ ਆਪਣੇ ਪਰਿਵਾਰ ਨਾਲ ਸਮਾ ਬਿਤਾ ਰਹੇ ਹਾਂ ਅਤੇ ਖਾਣ ਪੀਣ ਵੀ ਸਾਦਾ ਹੋ ਗਿਆ ਹੈ। ਇਸ ਦੌੜ ਭੱਜ ਭਰੇ ਜੀਵਨ ਵਿੱਚ ਅਸੀਂ ਆਪਣਿਆ ਤੋਂ ਦੂਰ ਜਾ ਰਹੇ ਸਾਂ ਧੁੰਦਲੇ ਪੈਂਦੇ ਜਾ ਰਹੇ ਪਰਿਵਾਰਕ ਰਿਸ਼ਤਿਆਂ ਵਿਚ ਵੀ ਕਝ ਨਿਖਾਰ ਵੀ ਸ਼ਾਇਦ ਇਸ ਸਮੇ ਸਦਕਾ ਆਇਆ ਹੈ। ਸੱਚ ਹੈ ਕਿ ਇਸ ਤਰ੍ਹਾਂ ਲਾਕ ਡਾਊਨ ਵਿੱਚ ਹਰ ਕੋਈ ਇਨਸਾਨ ਕਿਤੇ ਨਾ ਕਿਤੇ ਆਪਣੇ ਆਪ ਨੂੰ ਚਾਰ ਦਿਵਾਰੀ ਵਿੱਚ ਬੰਦ ਕੈਦੀ ਵਾਂਗ ਮਹਿਸੂਸ ਕਰਦਾ ਹੈ ਤੇ ਕਦੇ ਦਿਮਾਗ ਨਕਾਰਾਤਮਕ ਸੋਚ ਵਿੱਚ ਵੀ ਘਿਰਿਆ ਹੋਇਆ ਪ੍ਰਤੀਤ ਹੁੰਦਾ ਹੈ ਪਰ ਅਸੀ ਆਪਣੇ ਇਸ ਸਮੇਂ ਨੂੰ ਆਪਣੇ ਪਰਿਵਾਰ ਨਾਲ ਬਤੀਤ ਕਰ ਕੇ ਚੰਗੇ ਪਲ ਜੀਅ ਸਕਦੇ ਹਾਂ ਉਨ੍ਹਾਂ ਨਾਲ ਗੱਲਬਾਤ ਕਰ ਸਕਦੇ ਹਾਂ ਜੋ ਕੇ ਕਰਨ ਲਈ ਅਸੀਂ ਚਾਹੁੰਦੇ ਹੋਏ ਕਦੇ ਸਮਾ ਨਹੀਂ ਕੱਢ ਸਕੇ। ਇੰਟਰਨੈੱਟ ਰਾਹੀਂ ਲੋਕਾਂ ਨੂੰ ਚਲ ਰਹੇ ਦੌਰ ਬਾਰੇ ਜਾਗਰੂਕ ਕਰਕੇ ਘਰ ਬੈਠੇ ਹੀ ਮਨੁੱਖਤਾ ਦੇ ਭਲੇ ਲਈ ਕੰਮ ਕਰ ਸਕਦੇ ਹਾਂ। ਇੱਕ ਜਗਾਹ ਰੁਕਿਆ ਹੋਇਆ ਤਾਂ ਪਾਣੀ ਵੀ ਖਰਾਬ ਹੋ ਜਾਂਦਾ ਹੈ,ਅਸੀ ਅੱਗੇ ਵੀ ਕਈ ਮੁਸ਼ਕਲਾਂ ਭਰੇ ਦੌਰ ਹੰਡਾ ਚੁੱਕੇ ਹਾਂ ਇਸਨੂੰ ਵੀ ਇਦਾਂ ਈ ਇੱਕ ਦੂਜੇ ਦਾ ਸਾਥ ਦਿੰਦੇ ਹੋਏ ਪਛਾੜ ਜਾਵਾਂਗੇ ਅਤੇ ਉਸੇ ਖੁਸ਼ਨੁਮਾ ਮਹੌਲ ਵਿਚ ਪਰਤ ਜਾਵਾਂਗੇ। ਬਾਕੀ ਅਖੀਰ ਵਿੱਚ ਮੈ ਇਹੀ ਦਰਖੁਆਸ ਕਰਦਾ ਹਾਂ ਕੇ ਇਹ ਬੀਮਾਰੀ ਜਾਂ ਬੁਰਾ ਸਮਾ ਜਲਦੀ ਚਲਾ ਜਾਵੇ ਪਰ ਇਸ ਤੋ ਮਿਲੀਆਂ ਚੰਗੀਆਂ ਆਦਤਾਂ ਅਤੇ ਸਿੱਖਿਆਵਾਂ ਹਮੇਸ਼ਾ ਸਾਡੇ ਕੋਲ ਰਹਿ ਜਾਣ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹੋ ਜਿਹਾ ਸਮੇ ਦਾ ਸਾਹਮਣਾ ਕਦੇ ਨਾ ਕਰਨਾ ਪਵੇ।



**ਜਸਕਰਨ ਸਿੰਘ**
91-99156-68431

# ਖੀਸੇ ਖ਼ਾਲੀ, ਢਿੱਡ ਭੁੱਖੇ ਅਤੇ ਤਨ ਉੱਤੇ ਲੀਰਾਂ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

**ਡਾ. ਗਿਆਨ ਸਿੰਘ, ਡਾ. ਧਰਮਪਾਲ**
**ਡਾ. ਵੀਰਪਾਲ ਕੌਰ, ਡਾ. ਗੁਰਿੰਦਰ ਕੌਰ, ਡਾ. ਜੋਤੀ**

ਔਰਤਾਂ ਦਾ ਕੁੱਲ ਜਨਸੰਖਿਆ ਵਿੱਚ ਹਿੱਸਾ ਲਗਭਗ ਅੱਧਾ, ਪਰ ਕਿਰਤ-ਸ਼ਕਤੀ ਵਿੱਚ ਸਿਰਫ਼ ਇੱਕ-ਚੌਥਾਈ ਹੈ। ਸਮੇਂ ਦੇ ਨਾਲ ਆਰਥਿਕ ਮਜਬੂਰੀਆਂ ਕਰਕੇ ਉਹਨਾਂ ਦੀ ਕਾਰਜ-ਸਹਿਭਾਗਤਾ ਦਰ ਵਧ ਰਹੀ ਹੈ। ਅਸੰਗਠਿਤ ਖੇਤਰ ਵਿੱਚ ਮਜ਼ਦੂਰਾਂ ਦੀ ਪੂਰਤੀ ਆਮ ਕਰਕੇ ਦਲਿਤ ਜਨਸੰਖਿਆ ਵਿੱਚੋਂ ਹੁੰਦੀ ਹੈ। ਮਜ਼ਦੂਰ ਦਲਿਤ ਔਰਤਾਂ, ਆਪਣੀ ਮਿਹਨਤ ਦੇ ਜ਼ੋਰ ਕਾਰਨ, ਕੰਮ ਦੇ ਸਥਾਨ ਅਤੇ ਘਰੇਲੂ ਪੱਧਰ ਉੱਤੇ ਕਾਫ਼ੀ ਯੋਗਦਾਨ ਪਾਉਂਦੀਆਂ ਹਨ।ਉਹ ਮਰਦਾਂ ਦੇ ਮੁਕਾਬਲੇ ਘੱਟ ਮਜ਼ਦੂਰੀ ਉੱਤੇ ਖੇਤਾਂ ਵਿੱਚ ਕੰਮ ਕਰਦੀਆਂ ਹਨ।ਉਹਨਾਂ ਨੂੰ ਜੀਵਨ ਦੇ ਹਰ ਖੇਤਰ ਵਿੱਚ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ।ਉਹ ਦਲਿਤ, ਗ਼ਰੀਬ, ਅਤੇ ਔਰਤ ਹੋਣ ਦਾ ਤੀਹਰਾ ਸੰਤਾਪ ਹੰਢਾ ਰਹੀਆਂ ਹਨ।ਉਹਨਾਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਬਹੁਤ ਤਰਸਯੋਗ ਹਨ।ਪੇਂਡੂ ਰਾਜਨੀਤੀ ਵਿੱਚ ਮਰਦਾਂ ਦਾ ਦਬਦਬਾ ਹੈ, ਦਲਿਤ ਔਰਤਾਂ ਸੰਵਿਧਾਨਕ ਪ੍ਰਬੰਧਾਂ ਨੂੰ ਪੂਰਾ ਕਰਨ ਲਈ ਖਾਨਾ-ਪੂਰਤੀ ਵਜੋਂ ਕੰਮ ਕਰ ਰਹੀਆਂ ਹਨ। ਉਹ ਪੇਂਡੂ ਪੱਧਰ ਦੀ ਰਾਜਨੀਤੀ ਬਾਰੇ ਵੀ ਜਾਣੂ ਨਹੀਂ ਹਨ।ਬਹੁਤੀਆਂ ਹਾਲਤਾਂ ਵਿੱਚ ਉੱਚ-ਸ਼੍ਰੇਣੀ ਦੇ ਲੋਕ ਉਹਨਾਂ ਨੂੰ ਚੋਣ ਲੜਨ ਲਈ ਨਾਮਜ਼ਦ ਕਰਦੇ ਹਨ ਕਿਉਂਕਿ ਚੋਣ ਪਦਵੀ ਦਲਿਤਾਂ ਲਈ ਰਾਖਵੀਂ ਹੁੰਦੀ ਹੈ, ਪਰ ਅਸਲ ਵਿੱਚ ਇੱਕ ਦਲਿਤ ਦੇ ਨਾਮ ਹੇਠ ਰਾਜਨੀਤੀ ਅਖੌਤੀ ਉੱਚ-ਸ਼੍ਰੇਣੀ ਦੇ ਲੋਕ ਕਰਦੇ ਹਨ।

ਸਾਹਿਤ ਦੀ ਸਮੀਖਿਆ ਤੋਂ ਇਹ ਤੱਥ ਸਾਹਮਣੇ ਆਇਆ ਕਿ ਜ਼ਿਆਦਾਤਰ ਦਲਿਤ ਔਰਤ ਮਜ਼ਦੂਰ ਸਿਰਫ਼ ਆਰਥਿਕ ਤੰਗੀਆਂ-ਤੁਰਸ਼ੀਆਂ ਦੇ ਕਾਰਨ ਹੀ ਦਿਹਾੜੀ ਦਾ ਕੰਮ ਕਰਦੀਆਂ ਹਨ।ਇਸੇ ਕਾਰਨ ਆਰਥਿਕ ਤੌਰ ਉੱਤੇ ਪਿਛੜੇ ਸਮਾਜ ਵਿੱਚ ਔਰਤਾਂ ਦੀ ਕਾਰਜ-ਸਹਿਭਾਗਤਾ ਦਰ ਵੱਧ ਹੁੰਦੀ ਹੈ। ਆਮ ਤੌਰ ਉੱਤੇ ਅਖੌਤੀ ਉੱਚ-ਸ਼੍ਰੇਣੀ ਦੀਆਂ ਔਰਤਾਂ ਨੂੰ ਜੀਵਨ ਦੀਆਂ ਬੁਨਿਆਦੀ ਲੋੜਾਂ ਲਈ ਬਹੁਤ ਸੰਘਰਸ਼ ਕਰਨ ਦੀ ਲੋੜ ਨਹੀਂ ਹੁੰਦੀ।ਨਤੀਜੇ ਵਜੋਂ, ਉਹਨਾਂ ਦੀ ਕਾਰਜ-ਸਹਿਭਾਗਤਾ ਦਰ ਘੱਟ ਰਹਿੰਦੀ ਹੈ।ਦੂਜੇ ਪਾਸੇ, ਹੇਠਲੇ ਵਰਗ ਦੀਆਂ ਔਰਤਾਂ ਵਿੱਚ ਕਾਰਜ-ਸਹਿਭਾਗਤਾ ਦਰ ਉੱਚੀ ਹੁੰਦੀ ਹੈ।ਇਸ ਤੋਂ ਇਲਾਵਾ, ਪੇਂਡੂ ਪੰਜਾਬ ਵਿੱਚ ਦਲਿਤ ਔਰਤ ਮਜ਼ਦੂਰਾਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਅਤੇ ਰਾਜਨੀਤਿਕ ਸ਼ਮੂਲੀਅਤ ਦੇ ਮੁੱਦਿਆਂ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ।ਇਸ ਲਈ, ਇਸ ਅਧਿਐਨ ਵਿੱਚ ਪੇਂਡੂ ਪੰਜਾਬ ਦੀਆਂ ਦਲਿਤ ਔਰਤ ਮਜ਼ਦੂਰਾਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਅਤੇ ਰਾਜਨੀਤਿਕ ਸ਼ਮੂਲੀਅਤ ਦਾ ਮੁਲਾਂਕਣ ਕੀਤਾ ਗਿਆ ਹੈ।ਵਿਸ਼ੇਸ਼ ਰੂਪ ਵਿੱਚ ਇਸ ਖੋਜ ਦੇ ਹੇਠ ਲਿਖੇ ਉਦੇਸ਼ ਹਨ:

1. ਦਲਿਤ ਔਰਤ ਮਜ਼ਦੂਰਾਂ ਦੇ ਸਮਾਜਿਕ ਰੁਤਬੇ ਅਤੇ ਉਹਨਾਂ ਦੇ ਰਹਿਣ ਦੀਆਂ ਹਾਲਤਾਂ ਦਾ ਅਧਿਐਨ ਕਰਨਾ;
2. ਕੰਮ ਵਾਲੀ ਥਾਂ ਅਤੇ ਘਰੇਲੂ ਪੱਧਰ ਉੱਤੇ ਦਲਿਤ ਔਰਤ ਮਜ਼ਦੂਰਾਂ ਨੂੰ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਦਾ ਅਧਿਐਨ ਕਰਨਾ;
3. ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੀ ਆਮਦਨ ਦੇ ਪੱਧਰ, ਬਣਤਰਾਂ, ਅਤੇ ਵੰਡ ਦਾ ਅਧਿਐਨ ਕਰਨਾ;
4. ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਉਪਭੋਗ ਖ਼ਰਚ ਦੇ ਪੱਧਰ, ਬਣਤਰਾਂ, ਅਤੇ ਵੰਡ ਦਾ ਅਧਿਐਨ ਕਰਨਾ;
5. ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵਿੱਚ ਮੌਜੂਦ ਗ਼ਰੀਬੀ ਦੇ ਬੋਝ ਦਾ ਵਿਸ਼ਲੇਸ਼ਣ ਕਰਨਾ;
6. ਦਲਿਤ ਔਰਤ ਮਜ਼ਦੂਰ ਪਰਿਵਾਰਾਂ ਉੱਤੇ ਕਰਜ਼ੇ ਦੇ ਭਾਰ ਅਤੇ ਇਸ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦਾ ਵਿਸ਼ਲੇਸ਼ਣ ਕਰਨਾ;
7. ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਸੰਪੱਤੀ ਦੇ ਮੁੱਲ ਅਤੇ ਬਣਤਰਾਂ ਦਾ ਵਿਸ਼ਲੇਸ਼ਣ ਕਰਨਾ;
8. ਦਲਿਤ ਔਰਤ ਮਜ਼ਦੂਰਾਂ ਵਿੱਚ ਰਾਜਨੀਤਿਕ ਸ਼ਮੂਲੀਅਤ ਦਾ ਮੁਲਾਂਕਣ ਕਰਨਾ; ਅਤੇ ਦਲਿਤ ਔਰਤ ਮਜ਼ਦੂਰਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਬਾਰੇ ਸੁਝਾਅ ਦੇਣਾ।

ਮੌਜੂਦਾ ਅਧਿਐਨ ਬਹੁ-ਪੱਧਰੀ ਯੋਜਨਾਬੱਧ ਅਨਿਯਮਤ ਨਮੂਨਾ (ਮਲਟੀ-ਸਟੇਜ਼ ਸਿਸਟੇਮੈਟਿਕ ਰੈਂਡਮ ਸੈਂਪਲਿੰਗ) ਵਿਧੀ ਉੱਤੇ ਆਧਾਰਿਤ ਹੈ ਜੋ 2016-17 ਨਾਲ ਸੰਬੰਧਿਤ ਹੈ।ਅਧਿਐਨ ਦੇ ਉਦੇਸ਼ ਲਈ,ਪੰਜਾਬ ਦੇ ਤਿੰਨ ਭੂਗੋਲਿਕ ਖੇਤਰਾਂ ਅਰਥਾਤ ਮਾਲਵਾ, ਦੋਆਬਾ, ਅਤੇ ਮਾਝਾ ਵਿੱਚੋਂ ਚਾਰ ਜ਼ਿਲ੍ਹੇ ਚੁਣੇ ਗਏ।ਮਾਝਾ ਵਿੱਚੋਂ ਅੰਮ੍ਰਿਤਸਰ, ਦੋਆਬਾ ਵਿੱਚੋਂ ਜਲੰਧਰ, ਅਤੇ ਮਾਲਵਾ ਵਿੱਚੋਂ ਮਾਨਸਾ ਅਤੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਚੁਣੇ ਗਏ।ਮਾਲਵਾ ਪੰਜਾਬ ਦਾ ਵੱਡਾ ਖੇਤਰ ਹੈ ਜਿਸ ਵਿੱਚ 14 ਜ਼ਿਲ੍ਹੇ ਹਨ, ਇਸ ਲਈ ਇਸ ਖੇਤਰ ਵਿੱਚੋਂ ਦੋ ਜ਼ਿਲ੍ਹੇ ਚੁਣੇ ਗਏ ਹਨ।ਚੁਣੇ ਹੋਏ ਚਾਰੇ ਜ਼ਿਲ੍ਹਿਆਂ ਦੇ ਕੁੱਲ 29 ਵਿਕਾਸ ਖੰਡ ਹਨ, ਜਿਹਨਾਂ ਵਿੱਚੋਂ ਇੱਕ ਇੱਕ ਪਿੰਡ ਦੀ ਚੋਣ ਕੀਤੀ ਗਈ।ਇਹਨਾਂ 29 ਪਿੰਡਾਂ ਵਿੱਚੋਂ 10 ਪਿੰਡ ਮਾਲਵਾ, 10 ਪਿੰਡ ਦੋਆਬਾ ਅਤੇ 9 ਪਿੰਡ ਮਾਝਾ ਨਾਲ ਸੰਬੰਧਿਤ ਹਨ। ਇਹਨਾਂ 29 ਪਿੰਡਾਂ ਦੇ ਕੁੱਲ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ 20 ਪ੍ਰਤਿਸ਼ਤ ਅਰਥਾਤ 927 ਪਰਿਵਾਰਾਂ ਤੋਂ ਅੰਕੜੇ ਇਕੱਠੇ ਕੀਤੇ ਹਨ। ਲੋੜੀਂਦੇ ਮੁਢਲੇ ਅੰਕੜੇ ਚੁਣੇ ਗਏ ਪਰਿਵਾਰਾਂ ਤੋਂ ਪ੍ਰਸ਼ਨ-ਾਵਲੀ ਦੁਆਰਾ ਇਕੱਠੇ ਕੀਤੇ ਗਏ ਹਨ।ਬਹੁਤੇ ਉੱਤਰਦਾਤਾ ਅਨਪੜ੍ਹ ਹੋਣ ਕਰਕੇ ਪ੍ਰਸ਼ਨਾਵਲੀਆਂ ਨੂੰ ਨਿੱਜੀ ਮੁਲਾਕਾਤ ਵਿਧੀ ਰਾਹੀਂ ਹੀ ਭਰਿਆ ਗਿਆ ਹੈ।

ਖੋਜ ਦੇ ਮਹੱਤਵਪੂਰਨ ਨਤੀਜੇ ਮਜ਼ਦੂਰ ਦਲਿਤ ਔਰਤਾਂ ਦੇ ਸਮਾਜਿਕ ਰੁਤਬੇ ਅਤੇ ਉਹਨਾਂ ਦੇ ਰਹਿਣ ਦੀਆਂ ਹਾਲਤਾਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਤਿੰਨ-ਚੌਥਾਈ ਤੋਂ ਜ਼ਿਆਦਾ (76.48 ਪ੍ਰਤਿਸ਼ਤ) ਮਜ਼ਦੂਰ ਦਲਿਤ ਔਰਤਾਂ 30 ਤੋਂ 59 ਸਾਲ ਦੀ ਉਮਰ ਨਾਲ ਸੰਬੰਧਿਤ ਹਨ। ਦੋ-ਤਿਹਾਈ ਤੋਂ ਜ਼ਿਆਦਾ (72.82 ਪ੍ਰਤਿਸ਼ਤ) ਮਜ਼ਦੂਰ ਦਲਿਤ ਔਰਤਾਂ ਅਨਪੜ੍ਹ ਹਨ। ਪੜ੍ਹੀਆਂ-ਲਿਖੀਆਂ ਮਜ਼ਦੂਰ ਦਲਿਤ ਔਰਤਾਂ ਵਿੱਚੋਂ ਜ਼ਿਆਦਾਤਰ ਪ੍ਰਾਇਮਰੀ ਤੱਕ ਪੜ੍ਹੀਆਂ ਹੋਈਆਂ ਹਨ।ਗ੍ਰੈਜੂਏਸ਼ਨ ਕਰਨ ਵਾਲੀ ਕੋਈ ਵੀ ਔਰਤ ਨਹੀਂ ਹੈ।ਜ਼ਿਆਦਾਤਰ (90.83 ਪ੍ਰਤਿਸ਼ਤ) ਦਲਿਤ ਔਰਤ ਮਜ਼ਦੂਰਾਂ ਦੇ ਇਕਹਿਰੇ ਪਰਿਵਾਰ ਹਨ।ਲਗਭਗ ਇੱਕ-ਚੌਥਾਈ (24.70 ਪ੍ਰਤਿਸ਼ਤ) ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵਿੱਚ ਜੀਆਂ ਦੀ ਗਿਣਤੀ 6 ਤੋਂ ਜ਼ਿਆਦਾ ਹੈ।ਇਸ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਬਹੁਤੀਆਂ ਮਜ਼ਦੂਰ ਦਲਿਤ ਔਰਤਾਂ ਛੋਟੇ ਪਰਿਵਾਰਾਂ ਦੇ ਮਹੱਤਵ ਬਾਰੇ ਜਾਗੂਰਕ ਨਹੀਂ ਹਨ।ਦਲਿਤ ਔਰਤ ਮਜ਼ਦੂਰਾਂ ਦੀ ਵੱਡੀ ਗਿਣਤੀ ਅਰਧ-ਪੱਕੇ ਘਰਾਂ ਵਿੱਚ ਰਹਿੰਦੀ ਹੈ, ਜਿਹਨਾਂ ਵਿੱਚੋਂ ਜ਼ਿਆਦਾਤਰ ਘਰ ਖਸਤਾ ਹਾਲਤ ਵਿੱਚ ਹਨ।ਇਸ ਤੋਂ ਸਪਸ਼ਟ ਹੈ ਕਿ ਜ਼ਿਆਦਾਤਰ ਦਲਿਤ ਔਰਤ ਮਜ਼ਦੂਰ ਪਰਿਵਾਰ ਆਰਥਿਕ ਮਜਬੂਰੀਆਂ ਕਾਰਨ ਮਾੜੀਆਂ ਹਾਲਤਾਂ ਵਿੱਚ ਰਹਿੰਦੇ ਹਨ।ਉਹ ਅਕਸਰ ਇਹਨਾਂ ਮਾੜੀ ਹਾਲਤ ਵਾਲੇ ਘਰਾਂ ਦੀ ਮੁਰੰਮਤ ਵੀ ਨਹੀਂ ਕਰਵਾ ਸਕਦੇ।ਜ਼ਿਆਦਾਤਰ (69.47 ਪ੍ਰਤਿਸ਼ਤ) ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਘਰਾਂ ਵਿੱਚ ਰਸੋਈ ਦੀ ਸਹੂਲਤ ਨਹੀਂ ਹੈ।ਭਾਵੇਂ 83.60 ਪ੍ਰਤਿਸ਼ਤ ਪਰਿਵਾਰਾਂ ਦੇ ਘਰਾਂ ਵਿੱਚ ਗੁਸਲਖਾਨੇ/ਪਖਾਨੇ ਦੀ ਸਹੂਲਤ ਹੈ, ਪਰ ਬਹੁਤੇ ਘਰਾਂ ਵਿੱਚ ਇਹਨਾਂ ਦੀ ਹਾਲਤ ਬਹੁਤ ਮਾੜੀ ਹੈ।ਇਹ ਵੀ ਜ਼ਿਕਰਯੋਗ ਹੈ ਕਿ 10.90 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਕੋਲ਼ ਪੀਣ ਵਾਲੇ ਪਾਣੀ ਦੇ ਕਿਸੇ ਵੀ ਸ੍ਰੋਤ ਦਾ ਕੋਈ ਪ੍ਰਬੰਧ ਨਹੀਂ ਹੈ। ਉਹ ਇਸ ਲਈ ਗੁਆਂਢੀਆਂ ਜਾਂ ਹੋਰ ਸ੍ਰੋਤਾਂ ਉੱਤੇ ਨਿਰਭਰ ਹਨ।



ਖੇਤਰ-ਵਾਰ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਤਿੰਨਾਂ ਖੇਤਰਾਂ ਵਿੱਚ ਜ਼ਿਆਦਾਤਰ ਦਲਿਤ ਔਰਤ ਮਜ਼ਦੂਰਾਂ 30 ਤੋਂ 44 ਸਾਲ ਦੀ ਉਮਰ ਨਾਲ ਸੰਬੰਧਿਤ ਹਨ। ਮਾਝਾ ਵਿੱਚ ਇਹ ਅਨੁਪਾਤ 47.77 ਪ੍ਰਤਿਸ਼ਤ, ਦੋਆਬਾ ਵਿੱਚ 44.44 ਪ੍ਰਤਿਸ਼ਤ ਅਤੇ ਮਾਲਵਾ ਵਿੱਚ 43.51 ਪ੍ਰਤਿਸ਼ਤ ਹੈ।ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਅਸੰਗਠਿਤ ਖੇਤਰ ਵਿੱਚ ਕੰਮ ਵਧੇਰੇ ਕਰਕੇ ਮੱਧ ਉਮਰ ਵਾਲੀਆਂ ਔਰਤਾਂ ਨੂੰ ਮਿਲਦਾ ਹੈ। ਮਾਝਾ, ਮਾਲਵਾ, ਅਤੇ ਦੋਆਬਾ ਦੀਆਂ ਕ੍ਰਮਵਾਰ 77.71, 72.43, ਅਤੇ 67.08 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰ ਅਨਪੜ੍ਹ ਹਨ।ਪੜ੍ਹੀਆਂ-ਲਿਖੀਆਂ ਦਲਿਤ ਔਰਤ ਮਜ਼ਦੂਰਾਂ ਵਿੱਚੋਂ ਦੋਆਬਾ, ਮਾਲਵਾ, ਅਤੇ ਮਾਝਾ ਵਿੱਚ ਜ਼ਿਆਦਾਤਰ ਪ੍ਰਾਇਮਰੀ ਤੱਕ ਪੜ੍ਹੀਆਂ ਹੋਈਆਂ ਹਨ।ਇਹਨਾਂ ਤਿੰਨਾਂ ਖੇਤਰਾਂ ਵਿੱਚ ਅਜਿਹੀਆਂ ਔਰਤਾਂ ਦਾ ਪ੍ਰਤਿਸ਼ਤ ਕ੍ਰਮਵਾਰ 18.52, 16.76, ਅਤੇ 9.55 ਹੈ।ਇੱਥੇ ਇਹ ਧਿਆਨ ਦੇਣਯੋਗ ਹੈ ਕਿ ਸਾਰੀਆਂ ਚੁਣੀਆਂ ਗਈਆਂ ਦਲਿਤ ਔਰਤ ਮਜ਼ਦੂਰਾਂ ਵਿੱਚੋਂ ਕੋਈ ਵੀ ਗ੍ਰੈਜੂਏਸ਼ਨ ਪੱਧਰ ਤੱਕ ਨਹੀਂ ਪੜ੍ਹੀ ਹੋਈ।ਭਾਵੇਂ ਤਿੰਨਾਂ ਹੀ ਖੇਤਰਾਂ ਵਿੱਚ ਦਲਿਤ ਔਰਤ ਮਜ਼ਦੂਰਾਂ ਦੇ ਇਕਹਿਰੇ ਪਰਿਵਾਰ ਹਨ, ਪਰ ਮਾਲਵਾ, ਮਾਝਾ, ਅਤੇ ਦੋਆਬਾ ਦੇ ਕ੍ਰਮਵਾਰ 25.67, 24.84, ਅਤੇ 23.05 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰ ਪਰਿਵਾਰ ਅਜਿਹੇ ਹਨ ਜਿਹਨਾਂ ਵਿੱਚ ਜੀਆਂ ਦੀ ਗਿਣਤੀ 6 ਜਾਂ ਇਸ ਤੋਂ ਜ਼ਿਆਦਾ ਹੈ।ਤਿੰਨਾਂ ਖੇਤਰਾਂ ਦੋਆਬਾ, ਮਾਝਾ, ਅਤੇ ਮਾਲਵਾ ਵਿੱਚ ਕ੍ਰਮਵਾਰ 17.70, 17.20, ਅਤੇ 10.27 ਪ੍ਰਤਿਸ਼ਤ ਪਰਿਵਾਰਾਂ ਦੀਆਂ ਮੁਖੀ ਔਰਤਾਂ ਹਨ।ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਦਲਿਤ ਔਰਤ ਮਜ਼ਦੂਰ ਮਰਦ-ਪ੍ਰਧਾਨ ਸਮਾਜ ਵਿੱਚ ਰਹਿ ਰਹੀਆਂ ਹਨ।ਜੇਕਰ ਰਿਹਾਇਸ਼ੀ ਘਰਾਂ ਦੀਆਂ ਹਾਲਤਾਂ ਦੀ ਗੱਲ ਕਰੀਏ ਤਾਂ ਇਹ ਖੋਜ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਤਿੰਨਾਂ ਖੇਤਰਾਂ ਵਿੱਚ ਬਹੁਤੀਆਂ ਦਲਿਤ ਔਰਤ ਮਜ਼ਦੂਰ ਅਰਧ-ਪੱਕੇ ਘਰਾਂ ਵਿੱਚ ਰਹਿੰਦੀਆਂ ਹਨ।ਜ਼ਿਆਦਾਤਰ ਘਰਾਂ ਦੀ ਹਾਲਤ ਖਸਤਾ ਹੈ, ਜੋ ਇਹਨਾਂ ਘਰਾਂ ਵਿੱਚ ਪਸਰੀ ਘੋਰ ਗ਼ਰੀਬੀ ਨੂੰ ਦਰਸਾਉਂਦੀ ਹੈ।ਤਿੰਨਾਂ ਖੇਤਰਾਂ ਵਿੱਚ ਲਗਭਗ ਦੋ-ਤਿਹਾਈ ਦਲਿਤ ਔਰਤ ਮਜ਼ਦੂਰਾਂ ਦੇ ਘਰਾਂ ਵਿੱਚ ਰਸੋਈ ਨਹੀਂ ਹੈ।ਦੋਆਬਾ, ਮਾਝਾ, ਅਤੇ ਮਾਲਵਾ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਕ੍ਰਮਵਾਰ 88.89, 84.39, ਅਤੇ 79.46 ਪ੍ਰਤਿਸ਼ਤ ਘਰਾਂ ਵਿੱਚ ਗੁਸਲਖਾਨੇ/ਪਖਾਨੇ ਦੀ ਸਹੂਲਤ ਹੈ, ਪਰ ਇਹਨਾਂ ਗੁਸਲਖਾਨਿਆਂ/ ਪਖਾਨਿਆਂ ਵਿੱਚੋਂ ਬਹੁਤਿਆਂ ਦੀ ਹਾਲਤ ਬਹੁਤ ਖਸਤਾ ਹੈ।ਇਹ ਵੀ ਜ਼ਿਕਰਯੋਗ ਹੈ ਕਿ ਮਾਲਵਾ, ਮਾਝੇ, ਅਤੇ ਦੋਆਬਾ ਦੇ ਕ੍ਰਮਵਾਰ 19.19, 6.37, ਅਤੇ 4.12 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਕੋਲ਼ ਪੀਣ ਵਾਲੇ ਪਾਣੀ ਦੇ ਕਿਸੇ ਵੀ ਸ੍ਰੋਤ ਦਾ ਕੋਈ ਪ੍ਰਬੰਧ ਨਹੀਂ ਹੈ।

ਪੇਂਡੂ ਪੰਜਾਬ ਦੇ ਦਲਿਤ ਔਰਤ ਮਜ਼ਦੂਰਾਂ ਦੁਆਰਾ ਕੰਮ ਕਰਨ ਦੀ ਥਾਂ ਉੱਤੇ ਭੋਗੀਆਂ ਜਾਂਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਸਾਹਮਣੇ ਲਿਆਉਂਦਾ ਹੈ ਕਿ ਕੁੱਲ 927 ਦਲਿਤ ਔਰਤ ਮਜ਼ਦੂਰਾਂ ਵਿੱਚੋਂ ਅੱਧ ਤੋਂ ਜ਼ਿਆਦਾ (51.67 ਪ੍ਰਤਿਸ਼ਤ) ਦਲਿਤ ਔਰਤ ਮਜ਼ਦੂਰਾਂ ਨੇ 20 ਸਾਲ ਤੋਂ ਘੱਟ ਉਮਰ ਵਿੱਚ ਹੀ ਮਜ਼ਦੂਰੀ ਕਰਨੀ ਸ਼ੁਰੂ ਕਰ ਦਿੱਤੀ ਸੀ। ਅਕਸਰ ਇਹ ਦੇਖਣ ਵਿੱਚ ਆਇਆ ਹੈ ਕਿ ਮਜ਼ਦੂਰਾਂ ਨੂੰ ਦਿਹਾੜੀ ਆਧਾਰਿਤ ਕੰਮ ਜਿਸ ਵੀ ਥਾਂ ਉੱਤੇ ਮਿਲੇ ਉਹ ਕਰ ਲੈਂਦੇ ਹਨ।ਪਰ ਮੌਜੂਦਾ ਅਧਿਐਨ ਦਰਸਾਉਂਦਾ ਹੈ ਕਿ ਕੰਮ ਦੀ ਇੱਛਾ ਅਤੇ ਕੰਮ ਕਰਨ ਥਾਂ ਦੀ ਦੂਰੀ ਵਿੱਚ ਉਲਟਾ ਸੰਬੰਧ ਹੈ,ਜਿਵੇਂ ਜਿਵੇਂ ਕੰਮ ਕਰਨ ਵਾਲੇ ਥਾਂ ਦੀ ਦੂਰੀ ਵਧਦੀ ਹੈ, ਕੰਮ ਕਰਨ ਦੀ ਇੱਛਾ ਘਟਦੀ ਜਾਂਦੀ ਹੈ।ਇਸ ਵਰਤਾਰੇ ਦਾ ਕਾਰਨ ਇਹ ਹੈ ਕਿ ਦਲਿਤ ਔਰਤ ਮਜ਼ਦੂਰਾਂ ਨੂੰ ਘਰੇਲੂ ਕੰਮ, ਦਿਹਾੜੀ ਦੇ ਕੰਮ ਆਪਣੇ ਜੱਦੀ ਪਿੰਡ ਦੇ ਨੇੜੇ ਕਰਨ ਲਈ ਮਜਬੂਰ ਕਰਦੇ ਹਨ।ਕੁੱਲ 927 ਦਲਿਤ ਔਰਤ ਮਜ਼ਦੂਰਾਂ ਵਿੱਚੋਂ, ਬਹੁਤੀਆਂ (93.42 ਪ੍ਰਤਿਸ਼ਤ) ਔਰਤਾਂ ਕੰਮ ਕਰਨ ਦੀ ਥਾਂ ਉੱਤੇ ਮੁਢਲੀਆਂ ਸਹੂਲਤਾਂ ਤੋਂ ਵਾਂਝੀਆਂ ਹੀ ਕੰਮ ਕਰਦੀਆਂ ਹਨ।ਫੀਲਡ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਜੋ ਔਰਤਾਂ ਇਹ ਥੋੜ੍ਹੀਆਂ ਜਿਹੀਆਂ ਸਹੂਲਤਾਂ ਲੈ ਰਹੀਆਂ ਹਨ ਉਹ ਵਧੇਰੇ ਕਰਕੇ ਉਦਯੋਗਿਕ ਇਕਾਈਆਂ ਵਿੱਚ, ਘਰੇਲੂ ਨੌਕਰਾਂ ਜਾਂ ਮੀਡ-ਡੇਅ ਮੀਲ/ਆਂਗਨਵਾੜੀ/ਆਸ਼ਾ ਕਾਮੇ ਵਜੋਂ ਕੰਮ ਕਰਦੀਆਂ ਹਨ।ਭਾਰਤ ਵਿੱਚ 1976 ਦੇ ਕਿਰਤ ਕਾਨੂੰਨ ਲਾਗੂ ਹੋਣ ਦੇ ਬਾਵਜੂਦ ਅਸੰਗਠਤਿ ਖੇਤਰ ਵਿੱਚ ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਸਮਾਨ ਕੰਮ ਲਈ ਸਮਾਨ ਮਜ਼ਦੂਰੀ ਨਹੀਂ ਮਿਲਦੀ ਅਤੇ ਵਿਤਕਰਾ ਜਾਰੀ ਹੈ।ਪੰਜਾਬ ਦੀਆਂ ਇੱਕ-ਤਿਹਾਈ ਤੋਂ ਵੱਧ (37.32 ਪ੍ਰਤਿਸ਼ਤ) ਦਲਿਤ ਔਰਤ ਮਜ਼ਦੂਰਾਂ ਨੇ ਲਿੰਗ ਆਧਾਰ ਉੱਤੇ ਵੇਤਨ ਵਿਤਕਰੇ ਦੀ ਪੁਸ਼ਟੀ ਕੀਤੀ।ਕੁੱਲ ਦਲਿਤ ਔਰਤ ਮਜ਼ਦੂਰਾਂ ਵਿੱਚੋਂ ਜ਼ਿਆਦਾਤਰ ਔਰਤਾਂ (91.91 ਪ੍ਰਤਿਸ਼ਤ) ਨੂੰ ਸਰਕਾਰ ਦੁਆਰਾ ਕਿਰਤੀਆਂ ਲਈ ਕੰਮ ਕਰਨ ਦੇ ਨਿਸ਼ਚਿਤ ਕੀਤੇ ਸਮੇਂ ਬਾਰੇ ਕੋਈ ਜਾਣਕਾਰੀ ਨਹੀਂ ਹੈ।ਸਿਰਫ਼ 8.09 ਪ੍ਰਤਿਸ਼ਤ ਔਰਤਾਂ ਹੀ ਇਸ ਬਾਰੇ ਜਾਗਰੂਕ ਹਨ।ਬੜੇ ਦੁੱਖ ਦੀ ਗੱਲ ਹੈ ਕਿ ਇੱਕ ਵੀ ਔਰਤ ਸਰਕਾਰ ਦੁਆਰਾ ਬਣਾਏ ਗਏ ਘੱਟੋ-ਘੱਟ ਮਜ਼ਦੂਰੀ ਐਕਟ ਬਾਰੇ ਜਾਣਕਾਰੀ ਨਹੀਂ ਰੱਖਦੀ।ਇਸ ਦਾ ਕਾਰਨ ਇਹ ਹੈ ਕਿ ਦਲਿਤ ਔਰਤ ਮਜ਼ਦੂਰ ਅਨਪੜ੍ਹ ਅਤੇ ਆਪਣੇ ਅਧਿਕਾਰਾਂ ਪ੍ਰਤਿ ਜਾਗਰੂਕ ਨਹੀਂ ਹਨ।ਇਹ ਵੀ ਜ਼ਿਕਰਯੋਗ ਹੈ ਕਿ ਕੁੱਲ ਦਲਿਤ ਔਰਤ ਮਜ਼ਦੂਰਾਂ ਵਿੱਚੋਂ, 61.70 ਪ੍ਰਤਿਸ਼ਤ ਕਿਸੇ-ਨਾ-ਕਿਸੇ ਇੱਕ ਜਾਂ ਇੱਕ ਤੋਂ ਵੱਧ ਬਿਮਾਰੀਆਂ/ਰੋਗਾਂ ਜਿਵੇਂ ਸਰੀਰਿਕ ਦਰਦ, ਸ਼ੱਕਰ ਰੋਗ, ਬਲੱਡ ਪ੍ਰੈਸ਼ਰ, ਅੱਖਾਂ, ਚਮੜੀ, ਅਤੇ ਫੋੜਿਆਂ ਦੇ ਰੋਗ, ਸਾਹ ਦੀਆਂ ਬਿਮਾਰੀਆਂ, ਜ਼ਨਾਨਾ ਰੋਗਾਂ, ਯੂਰਿਕ ਐਸਿਡ, ਪੇਟ ਦੀ ਪੱਥਰੀ, ਅਤੇ ਹਿਰਦੇ ਰੋਗ ਦੀਆਂ ਸ਼ਿਕਾਰ ਹਨ।ਫੀਲਡ ਸਰਵੇਖਣ ਦੌਰਾਨ ਇਹ ਵੀ ਦੇਖਿਆ ਗਿਆ ਕਿ ਇਹਨਾਂ ਦਲਿਤ ਔਰਤ ਮਜ਼ਦੂਰਾਂ ਦੇ ਹੋਰ ਪਰਿਵਾਰਕ ਜੀਅ ਵੀ ਵੱਖ ਵੱਖ ਰੋਗਾਂ ਤੋਂ ਪੀੜਤ ਹਨ ਜਿਸ ਦਾ ਕਾਰਨ ਮਾੜੀਆਂ ਕੰਮ ਕਰਨ ਅਤੇ ਰਿਹਾਇਸ਼ੀ ਹਾਲਤਾਂ, ਅਤੇ ਸੰਤੁਲਿਤ ਭੋਜਨ ਦੀ ਘਾਟ ਹੈ।ਪਿੰਡਾਂ ਵਿੱਚ ਪ੍ਰਯੋਗਸ਼ਾਲਾਵਾਂ ਅਤੇ ਡਾਕਟਰਾਂ ਦੀ ਵੀ ਘਾਟ ਹੈ।ਪਿੰਡਾਂ ਦੇ ਲੋਕ ਆਪਣੀ ਘੱਟ ਆਮਦਨ ਅਤੇ ਗ਼ਰੀਬੀ ਕਾਰਨ ਵਧੇਰੇ ਕਰਕੇ ਪਿੰਡ ਦੇ ਸਥਾਨਕ ਝੋਲਾ-ਛਾਪ ਡਾਕਟਰਾਂ, ਨੀਮ-ਹਕੀਮਾਂ ਅਤੇ ਇਸ ਤਰ੍ਹਾਂ ਦੇ ਹੋਰ ਲੋਕਾਂ ਉੱਤੇ ਨਿਰਭਰ ਹਨ।ਇੱਕ-ਚੌਥਾਈ ਦੇ ਕਰੀਬ ਦਲਿਤ ਔਰਤ ਮਜ਼ਦੂਰਾਂ (24.49 ਪ੍ਰਤਿਸ਼ਤ) ਦਾ ਮੰਨਣਾ ਹੈ ਕਿ ਕੰਮ ਕਰਨ ਵਾਲੀ ਥਾਂ ਉੱਤੇ ਉਹਨਾਂ ਨਾਲ ਜਾਤੀ ਆਧਾਰ ਉੱਤੇ ਵਿਤਕਰਾ ਹੁੰਦਾ ਹੈ।ਫੀਲਡ ਸਰਵੇਖਣ ਦੌਰਾਨ ਇਹ ਦੇਖਿਆ ਗਿਆ ਕਿ ਜ਼ਿਆਦਾਤਰ ਦਲਿਤ ਔਰਤ ਮਜ਼ਦੂਰਾਂ ਨੂੰ ਚੂਹੜੀ', ਚਮਿਆਰੀ' ਆਦਿ ਸ਼ਬਦ ਸੁਣਨ ਦੀ ਇੱਕ ਨਕਾਰਾਤਮਿਕ ਆਦਤ ਬਣਾ ਦਿੱਤੀ ਗਈ ਹੈ।ਇਸ ਲਈ ਉਹ ਇਸ ਸੰਬੰਧੀ ਕੋਈ ਸ਼ਿਕਾਇਤ ਨਹੀਂ ਕਰਦੀਆਂ।ਇੱਥੇ ਇਹ ਜ਼ਿਕਰਯੋਗ ਹੈ ਕਿ 5.50 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਨੇ ਮੰਨਿਆ ਕਿ ਉਹ ਜਿਨਸੀ ਸ਼ੋਸ਼ਣ/ਛੇੜ-ਛਾੜ ਤੋਂ ਪੀੜਤ ਹਨ, ਜਦੋਂ ਕਿ 70.55 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰ ਇਸ ਸੰਬੰਧੀ ਚੁੱਪ ਹਨ।ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਇਹ ਇੱਕ ਸਮਾਜਿਕ ਮੁੱਦਾ ਹੈ।ਜਿੱਥੇ ਦਲਿਤ ਔਰਤ ਮਜ਼ਦੂਰਾਂ ਨੂੰ ਕੰਮ ਕਰਨ ਵਾਲੀ ਥਾਂ ਉੱਤੇ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉੱਥੇ ਇਹਨਾਂ ਦੁਆਰਾ ਘਰੇਲੂ ਪੱਧਰ ਉੱਤੇ ਵੀ ਬਹੁਤ ਸਾਰੀਆਂ ਸਮੱਸਿਆਵਾਂ ਸਹਿਣ ਕੀਤੀਆਂ ਜਾਂਦੀਆਂ ਹਨ।ਸਾਰੇ ਦਿਨ ਦੇ ਕੰਮ ਤੋਂ ਬਾਅਦ ਜਦੋਂ ਇਹ ਔਰਤਾਂ ਆਪਣੇ ਘਰ ਆਉਂਦੀਆਂ ਹਨ ਤਾਂ ਘਰ ਵਿੱਚ ਵੀ ਉਹਨਾਂ ਨੂੰ ਬਹੁਤ ਸਾਰੇ ਕੰਮ ਜਿਵੇਂ ਬਾਲਣ ਅਤੇ ਪੱਠੇ ਲਿਆਉਣਾ, ਪਾਣੀ ਭਰਨਾ, ਖਾਣਾ ਬਣਾਉਣਾ, ਸਫ਼ਾਈ ਕਰਨਾ, ਬੱਚੇ ਸੰਭਾਲਣਾ, ਪਸ਼ੂ ਪਾਲਣੇ ਆਦਿ ਕਰਨੇ ਪੈਂਦੇ ਹਨ, ਫਿਰ ਵੀ ਬਹੁਤੀਆਂ ਔਰਤਾਂ ਘਰੇਲੂ ਹਿੰਸਾ ਦਾ ਸ਼ਿਕਾਰ ਬਣਦੀਆਂ ਹਨ।ਕੁਝ ਕੇਸਾਂ ਵਿੱਚ ਬਿਮਾਰ ਹੋਣ ਉੱਤੇ ਵੀ ਇਹਨਾਂ ਦਲਿਤ ਔਰਤ ਮਜ਼ਦੂਰਾਂ ਨਾਲ ਪਤੀਆਂ ਦੁਆਰਾ ਦੁਰ-ਵਿਵਹਾਰ ਕੀਤਾ ਜਾਂਦਾ ਹੈ।ਅਜਿਹਾ ਆਮ ਕਰਕੇ ਉਹਨਾਂ ਪਰਿਵਾਰਾਂ ਵਿੱਚ ਹੁੰਦਾ ਹੈ ਜਿੱਥੇ ਔਰਤਾਂ ਦੇ ਪਤੀ ਨਸ਼ੇੜੀ ਹਨ।ਇੱਕ-ਤਿਹਾਈ ਤੋਂ ਜ਼ਿਆਦਾ (36.46 ਪ੍ਰਤੀਸ਼ਤ) ਦਲਿਤ ਔਰਤ ਮਜ਼ਦੂਰਾਂ ਦੇ ਪਤੀ ਨਸ਼ੇ ਦੇ ਆਦੀ ਹਨ।ਬਿਮਾਰੀ ਦੀ ਹਾਲਤ ਵਿੱਚ ਵੀ ਕੁਝ ਦਲਿਤ ਔਰਤ ਮਜ਼ਦੂਰਾਂ ਨੂੰ ਕੰਮ ਉੱਤੇ ਜਾਣਾ ਪੈਂਦਾ ਹੈ।ਪਰ ਏਨਾ ਕੁਝ ਕਰਨ ਦੇ ਬਾਵਜੂਦ ਘਰੇਲੂ ਫ਼ੈਸਲਿਆਂ ਵਿੱਚ ਇਹਨਾਂ ਔਰਤਾਂ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ।ਜ਼ਿਆਦਾਤਰ ਦਲਿਤ ਔਰਤ ਮਜ਼ਦੂਰਾਂ ਜਿਵੇਂ ਕਿ 89.97, 86.52, ਅਤੇ 78.43 ਪ੍ਰਤਿਸ਼ਤ ਦੇ ਪਰਿਵਾਰਕ ਜੀਅ ਕ੍ਰਮਵਾਰ ਘਰੇਲੂ ਰੋਜ਼ਮਰ੍ਹਾ ਦੀ ਖ਼ਰੀਦਦਾਰੀ, ਬੱਚਿਆਂ ਦੀ ਸਿਹਤ, ਅਤੇ ਬੱਚਿਆਂ ਦੀ ਪੜ੍ਹਾਈ ਸੰਬੰਧੀ ਮੁੱਦਿਆਂ ਉੱਤੇ ਉਹਨਾਂ ਦੀ ਸਲਾਹ ਲੈਂਦੇ ਹਨ, ਪਰ ਟਿਕਾਊ ਵਸਤਾਂ ਦੀ ਖ਼ਰੀਦ-ਦਾਰੀ ਵੇਲ਼ੇ ਸਿਰਫ਼ 30.31 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਦੇ ਪਰਿਵਾਰਕ ਜੀਅ ਉਹਨਾਂ ਦੀ ਸਲਾਹ ਲੈਂਦੇ ਹਨ।ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਜਦੋਂ ਘਰੇਲੂ ਮਸਲਿਆਂ ਦੀ ਗੱਲ ਹੁੰਦੀ ਹੈ ਤਾਂ ਬਹੁਤੀਆਂ ਦਲਿਤ ਔਰਤ ਮਜ਼ਦੂਰਾਂ ਨੂੰ ਫ਼ੈਸਲੇ ਲੈਣ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਕਿਉਂਕਿ ਘਰ ਅਤੇ ਬੱਚੇ ਸੰਭਾਲਣਾ ਔਰਤਾਂ ਦੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ ਅਤੇ ਉਹ ਇਸ ਬਾਰੇ ਬਿਹਤਰ ਸਲਾਹ ਦੇ ਸਕਦੀਆਂ ਹਨ, ਪਰ ਜਦੋਂ ਗੱਲ ਘਰੇਲੂ ਮਸਲਿਆਂ ਤੋਂ ਹਟਕੇ ਹੁੰਦੀ ਹੈ ਜਾਂ ਤਾਂ ਔਰਤਾਂ ਦੀ ਸਲਾਹ ਲੈਣੀ ਜ਼ਰੂਰੀ ਨਹੀਂ ਸਮਝੀ ਜਾਂਦੀ ਜਾਂ ਉਹਨਾਂ ਨੂੰ ਅਜਿਹੀ ਸਲਾਹ ਦੇਣ ਦੇ ਯੋਗ ਹੀ ਨਹੀਂ ਸਮਝਿਆ ਜਾਂਦਾ। ਇਸ ਤੋਂ ਇਲਾਵਾ, ਸਮਾਜਿਕ ਅਤੇ ਧਾਰਮਿਕ ਸਮਾਗਮਾਂ ਵਿੱਚ ਦਲਿਤ ਔਰਤ ਮਜ਼ਦੂਰਾਂ ਦੇ ਸ਼ਾਮਲ ਹੋਣ ਸੰਬੰਧੀ ਫ਼ੈਸਲੇ ਜ਼ਿਆਦਾਤਰ ਪਰਿਵਾਰ ਦਾ ਮੁਖੀ ਲੈਂਦਾ ਹੈ।ਇਸ ਵਿਸ਼ੇਲਸ਼ਣ ਤੋਂ ਸਪਸ਼ਟ ਹੈ ਕਿ ਭਾਵੇਂ ਔਰਤਾਂ ਸਾਰਾ ਦਿਨ ਹੱਡ-ਭੰਨਵੀਂ ਮਿਹਨਤ ਕਰਕੇ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰ ਰਹੀਆਂ ਹਨ, ਪਰ ਉਹਨਾਂ ਨੂੰ ਫ਼ੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਫਿਰ ਵੀ ਪੂਰਨ ਤੌਰ ਉੱਤੇ ਸ਼ਾਮਲ ਨਹੀਂ ਕੀਤਾ ਜਾਂਦਾ।

ਫੀਲਡ ਸਰਵੇਖਣ ਦੌਰਾਨ ਇਹ ਸਪਸ਼ਟ ਹੋ ਗਿਆ ਹੈ ਕਿ ਪੇਂਡੂ ਪੰਜਾਬ ਦੀਆਂ ਦਲਿਤ ਔਰਤ ਮਜ਼ਦੂਰ ਬਹੁਤ ਮਾੜੀਆਂ ਹਾਲਤਾਂ ਵਿੱਚ ਰਹਿੰਦੀਆਂ ਹਨ ਅਤੇ ਉਹਨਾਂ ਦਾ ਜੀਵਨ-ਪੱਧਰ ਬਹੁਤ ਤਰਸਯੋਗ ਹੈ।ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਣ ਲਈ ਇਹ ਔਰਤਾਂ ਬਹੁਤ ਛੋਟੀ ਉਮਰ ਵਿੱਚ ਹੀ ਕੰਮ ਕਰਨਾ ਸ਼ੁਰੂ ਕਰ ਦਿੰਦੀਆਂ ਹਨ।ਮੌਜੂਦਾ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਤਿੰਨਾਂ ਖੇਤਰਾਂ ਵਿੱਚ ਬਹੁਤੀਆਂ ਦਲਿਤ ਔਰਤ ਮਜ਼ਦੂਰਾਂ ਨੇ 20 ਸਾਲ ਤੋਂ ਘੱਟ ਉਮਰ ਵਿੱਚ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ।20 ਸਾਲ ਤੋਂ ਘੱਟ ਉਮਰ ਵਿੱਚ ਕੰਮ ਕਰਨ ਵਾਲੀਆਂ ਦਲਿਤ ਔਰਤ ਮਜ਼ਦੂਰਾਂ ਦਾ ਪ੍ਰਤਿਸ਼ਤ ਮਾਲਵਾ, ਦੋਆਬਾ, ਅਤੇ ਮਾਝਾ ਵਿੱਚ ਕ੍ਰਮਵਾਰ 69.73, 39.51, ਅਤੇ 39.81 ਹੈ।ਮਾਲਵਾ ਵਿੱਚ ਜ਼ਿਆਦਾ ਅਨੁਪਾਤ ਹੋਣ ਦਾ ਕਾਰਨ ਇਹ ਹੈ ਕਿ ਇਸ ਖੇਤਰ ਵਿੱਚ ਬਹੁਤੀਆਂ ਔਰਤਾਂ ਨੂੰ ਪੜ੍ਹਨ ਦਾ ਮੌਕਾ ਨਹੀਂ ਮਿਲਿਆ ਅਤੇ ਉਹਨਾਂ ਨੇ ਕੁਆਰੀ ਉਮਰੇ ਮਾਂ-ਬਾਪ ਨਾਲ ਕੰਮ ਉੱਤੇ ਜਾਣਾ ਸ਼ੁਰੂ ਕਰ ਦਿੱਤਾ ਸੀ।ਮਾਲਵੇ ਵਿੱਚ ਅਜਿਹੀਆਂ 3 ਔਰਤਾਂ ਵੀ ਮਿਲੀਆਂ ਜਿਹਨਾਂ ਨੇ ਮਜ਼ਦੂਰੀ 50 ਸਾਲ ਤੋਂ ਵੱਧ ਉਮਰ ਵਿੱਚ ਕਰਨੀ ਸ਼ੁਰੂ ਕੀਤੀ।ਤਿੰਨਾਂ ਖੇਤਰਾਂ ਵਿੱਚ ਜ਼ਿਆਦਾਤਰ ਦਲਿਤ ਔਰਤ ਮਜ਼ਦੂਰਾਂ ਨੂੰ ਕੰਮ ਕਰਨ ਵਾਲੀ ਥਾਂ ਉੱਤੇ ਕਿਸੇ ਕਿਸਮ ਦੀ ਕੋਈ ਸਹੂਲਤ ਨਹੀਂ ਮਿਲਦੀ ਅਤੇ ਅਜਿਹੀਆਂ ਔਰਤਾਂ ਦੋਆਬਾ, ਮਾਲਵਾ, ਅਤੇ ਮਾਝਾ ਵਿੱਚ ਕ੍ਰਮਵਾਰ 97.53, 92.16, ਅਤੇ 91.72 ਪ੍ਰਤਿਸ਼ਤ ਹਨ। ਦੋਆਬਾ, ਮਾਲਵਾ, ਅਤੇ ਮਾਝਾ ਦੀਆਂ ਕ੍ਰਮਵਾਰ 30.04, 38.11, ਅਤੇ 42.04 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਦਾ ਕਹਿਣਾ ਹੈ ਕਿ ਉਹਨਾਂ ਨਾਲ ਮਜ਼ਦੂਰੀ ਸੰਬੰਧੀ ਮਰਦਾਂ ਦੇ ਮੁਕਾਬਲੇ ਵਿਤਕਰਾ ਹੁੰਦਾ ਹੈ। ਤਿੰਨਾਂ ਖੇਤਰਾਂ ਵਿੱਚ ਜ਼ਿਆਦਾਤਰ ਦਲਿਤ ਔਰਤ ਮਜ਼ਦੂਰਾਂ ਨੂੰ ਸਰਕਾਰ ਦੁਆਰਾ ਮਜ਼ਦੂਰਾਂ ਦੇ ਕੰਮ ਕਰਨ ਲਈ ਨਿਸ਼ਚਿਤ ਕੀਤੇ ਸਮੇਂ ਬਾਰੇ ਕੋਈ ਜਾਣਕਾਰੀ ਨਹੀਂ ਹੈ, ਅਜਿਹੀਆਂ ਔਰਤਾਂ ਦੋਆਬਾ, ਮਾਲਵਾ, ਅਤੇ ਮਾਝਾ ਵਿੱਚ ਕ੍ਰਮਵਾਰ 93.42, 92.70, ਅਤੇ 89.81 ਪ੍ਰਤਿਸ਼ਤ ਹਨ।ਦੁੱਖ ਦੀ ਗੱਲ ਇਹ ਹੈ ਕਿ ਪੇਂਡੂ ਪੰਜਾਬ ਦੇ ਤਿੰਨਾਂ ਖੇਤਰਾਂ ਵਿੱਚੋਂ ਇੱਕ ਵੀ ਦਲਿਤ ਔਰਤ ਮਜ਼ਦੂਰ ਅਜਿਹੀ ਨਹੀਂ ਮਿਲੀ ਜਿਸ ਨੂੰ ਸਰਕਾਰ ਦੁਆਰਾ ਘੱਟੋ-ਘੱਟ ਮਜ਼ਦੂਰੀ ਨਿਰਧਾਰਨ ਕਰਨ ਵਾਲੇ ਨਿਊਨਤਮ ਮਜ਼ਦੂਰੀ ਐਕਟ ਦੀ ਜਾਣਕਾਰੀ ਹੋਵੇ। ਮੌਜੂਦਾ ਅਧਿਐਨ ਵਿੱਚ ਇਹ ਤੱਥ ਸਾਹਮਣੇ ਆਇਆ ਕਿ ਮਾਲਵਾ, ਮਾਝਾ, ਅਤੇ ਦੋਆਬਾ ਦੀਆਂ

**(ਬਾਕੀ ਅਗਲੇ ਸਫੇ 'ਤੇ)**

# ਖੀਸੇ ਖਾਲ਼ੀ, ਢਿੱਡ ਭੁੱਖੇ ਅਤੇ ਤਨ ਉੱਤੇ ਲੀਰਾਂ

ਕ੍ਰਮਵਾਰ 65.41, 59.55, ਅਤੇ 57.20 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰ ਕਿਸੇ-ਨਾ-ਕਿਸੇ ਰੋਗ ਨਾਲ਼ ਗ੍ਰਸਤ ਹਨ।ਮਾਝਾ, ਮਾਲਵਾ, ਅਤੇ ਦੋਆਬਾ ਦੀਆਂ ਕ੍ਰਮਵਾਰ 31.21, 22.70, ਅਤੇ 18.52 ਪ੍ਰਤਿਸ਼ਤ ਔਰਤਾਂ ਦੀ ਸ਼ਿਕਾਇਤ ਹੈ ਕਿ ਕੰਮ ਕਰਨ ਵਾਲੀ ਥਾਂ ਉੱਤੇ ਉਹਨਾਂ ਨਾਲ ਜਾਤੀ ਵਿਤਕਰਾ ਹੁੰਦਾ ਹੈ ਅਤੇ ਜੇਕਰ ਰੁਜ਼ਗਾਰਦਾਤਾ ਅਖੌਤੀ ਉੱਚੀ-ਜਾਤੀ ਦਾ ਹੋਵੇ ਤਾਂ ਉਹਨਾਂ ਨੂੰ ੨ਚੂਹੜੀ', ੨ਚਮਿਆਰੀ' ਸ਼ਬਦਾਂ ਨਾਲ਼ ਸੰਬੋਧਨ ਕੀਤਾ ਜਾਂਦਾ ਹੈ।ਮਾਲਵਾ ਦੀਆਂ 5.95 ਪ੍ਰਤਿਸ਼ਤ, ਮਾਝਾ ਦੀਆਂ 5.41 ਪ੍ਰਤਿਸ਼ਤ ਅਤੇ ਦੋਆਬਾ ਦੀਆਂ 4.94 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਨਾਲ਼ ਜਿਨਸੀ ਸ਼ੋਸ਼ਣ/ਛੇੜ-ਛਾੜ ਕੀਤੀ ਗਈ, ਤਿੰਨਾਂ ਖੇਤਰਾਂ ਦੀਆਂ ਕ੍ਰਮਵਾਰ 26.22, 22.93 ਅਤੇ 21.81 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਨੂੰ ਅਜਿਹੀ ਕੋਈ ਸ਼ਿਕਾਇਤ ਨਹੀਂ, ਜਦੋਂ ਕਿ ਤਿੰਨਾਂ ਖੇਤਰਾਂ ਦੀਆਂ ਕ੍ਰਮਵਾਰ 67.83, 71.66 ਅਤੇ 73.25 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਨੇ ਇਸ ਸੰਬੰਧੀ ਚੁੱਪੀ ਧਾਰੀ ਹੋਈ ਹੈ।

ਪੇਂਡੂ ਪੰਜਾਬ ਵਿੱਚ ਦਲਿਤ ਔਰਤ ਮਜ਼ਦੂਰਾਂ ਨੂੰ ਕੰਮ ਕਰਨ ਦੀ ਥਾਂ ਤੋਂ ਇਲਾਵਾ ਘਰੇਲੂ ਪੱਧਰ ਉੱਤੇ ਵੀ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੌਜੂਦਾ ਅਧਿਐਨ ਇਹ ਸਾਹਮਣੇ ਲਿਆਇਆ ਹੈ ਕਿ ਮਾਲਵਾ, ਮਾਝਾ, ਅਤੇ ਦੋਆਬਾ ਦੀਆਂ ਕ੍ਰਮਵਾਰ 38.65, 37.90, ਅਤੇ 31.28 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਦੇ ਪਤੀ ਨਸ਼ੇ ਕਰਨ/ਲੈਣ ਦੇ ਆਦੀ ਹਨ।ਮਾਲਵਾ, ਦੋਆਬਾ, ਅਤੇ ਮਾਝਾ ਦੀਆਂ ਕ੍ਰਮਵਾਰ 11.08, 20.58, ਅਤੇ 23.25 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਦੇ ਆਪਣੇ ਪਤੀਆਂ ਨਾਲ ਸੰਬੰਧ ਤਣਾਅ ਵਾਲੇ ਹਨ।ਮਾਲਵਾ, ਦੋਆਬਾ, ਅਤੇ ਮਾਝਾ ਦੀਆਂ ਕ੍ਰਮਵਾਰ 17.30, 12.35, ਅਤੇ 9.88 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਦੇ ਪਤੀ ਉਹਨਾਂ ਦੇ ਬਿਮਾਰ ਹੋਣ ਵੇਲੇ ਹਮਲਾਵਰ ਤਰੀਕੇ ਨਾਲ ਵਿਵਹਾਰ ਕਰਦੇ ਹਨ।ਮਾਲਵਾ ਦੀਆਂ 92.16 ਪ੍ਰਤਿਸ਼ਤ, ਦੋਆਬਾ ਦੀਆਂ 90.12 ਪ੍ਰਤਿਸ਼ਤ ਅਤੇ ਮਾਝਾ ਦੀਆਂ 87.26 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਦੇ ਪਰਿਵਾਰਕ ਮਰਦ ਜੀਅ ਰੋਜ਼ਮਰ੍ਹਾ ਦੀ ਖ਼ਰੀਦਦਾਰੀ ਬਾਰੇ ਫ਼ੈਸਲੇ ਲੈਣ ਵੇਲੇ ਹਮੇਸ਼ਾਂ ਉਹਨਾਂ ਨੂੰ ਸ਼ਾਮਲ ਕਰਦੇ ਹਨ।ਬੱਚਿਆਂ ਦੀ ਸਿੱਖਿਆ ਨਾਲ ਸੰਬੰਧਿਤ ਫ਼ੈਸਲਿਆਂ ਵਿੱਚ ਦੋਆਬਾ, ਮਾਲਵਾ, ਅਤੇ ਮਾਝਾ ਦੀਆਂ ਕ੍ਰਮਵਾਰ 81.48, 80.54, ਅਤੇ 73.57 ਪ੍ਰਤਿਸ਼ਤ ਔਰਤਾਂ ਦੀ ਹਮੇਸ਼ਾਂ ਰਾਏ ਲਈ ਜਾਂਦੀ ਹੈ। ਇਸੇ ਪ੍ਰਕਾਰ ਬੱਚਿਆਂ ਦੀ ਸਿਹਤ ਨਾਲ ਸੰਬੰਧਿਤ ਫ਼ੈਸਲਿਆਂ ਵਿੱਚ ਮਾਲਵਾ, ਦੋਆਬਾ, ਅਤੇ ਮਾਝਾ ਦੀਆਂ ਕ੍ਰਮਵਾਰ 90.81, 85.60, ਅਤੇ 82.17 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰ ਹਮੇਸ਼ਾਂ ਸ਼ਾਮਲ ਹੁੰਦੀਆਂ ਹਨ। ਦੂਜੇ ਪਾਸੇ, ਇਹ ਦੇਖਣ ਵਿੱਚ ਆਇਆ ਹੈ ਜਦੋਂ ਘਰੇਲੂ ਟਿਕਾਊ ਵਸਤਾਂ ਦੀ ਖ਼ਰੀਦਦਾਰੀ ਦੀ ਗੱਲ ਹੁੰਦੀ ਹੈ ਤਾਂ ਦੋਆਬਾ, ਮਾਲਵਾ, ਅਤੇ ਮਾਝਾ ਦੀਆਂ ਕ੍ਰਮਵਾਰ 37.45, 28.65, ਅਤੇ 26.75 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਕੋਲ਼ੋਂ ਹੀ ਉਹਨਾਂ ਦੀ ਰਾਇ ਲਈ ਜਾਂਦੀ ਹੈ।ਦਲਿਤ ਔਰਤ ਮਜ਼ਦੂਰਾਂ ਨੂੰ ਧਾਰਮਿਕ ਸਮਾਗਮਾਂ ਵਿੱਚ ਸ਼ਾਮਲ ਕਰਨ ਦਾ ਫ਼ੈਸਲਾ ਮਾਲਵਾ ਦੇ 45.41 ਪ੍ਰਤਿਸ਼ਤ, ਦੋਆਬਾ ਦੇ 38.27 ਪ੍ਰਤਿਸ਼ਤ ਅਤੇ ਮਾਝਾ ਦੇ 25.80 ਪ੍ਰਤਿਸ਼ਤ ਪਰਿਵਾਰਾਂ ਵਿੱਚ ਪਰਿਵਾਰ ਦਾ ਮੁਖੀ ਕਰਦਾ ਹੈ, ਜਦੋਂ ਕਿ ਮਾਲਵਾ, ਮਾਝਾ, ਅਤੇ ਦੋਆਬਾ ਦੀਆਂ ਕ੍ਰਮਵਾਰ 75.68, 68.79, ਅਤੇ 59.67 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਦੀ ਸਮਾਜਿਕ ਸਮਾਗਮਾਂ ਵਿੱਚ ਸ਼ਮੂਲੀਅਤ ਦਾ ਫ਼ੈਸਲਾ ਪਰਿਵਾਰ ਦਾ ਮੁਖੀ ਲੈਂਦਾ ਹੈ।

ਪੇਂਡੂ ਪੰਜਾਬ ਵਿੱਚ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੀ ਔਸਤਨ ਸਾਲਾਨਾ ਆਮਦਨ 75682.14 ਰੁਪਏ ਹੈ।ਭਾਵੇਂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੀ ਆਮਦਨ ਦਾ ਮੁੱਖ ਸੋਮਾ ਖੇਤੀਬਾੜੀ ਖੇਤਰ ਵਿੱਚ ਠੇਕਾ ਅਤੇ ਦਿਹਾੜੀ ਆਧਾਰਿਤ ਮਜ਼ਦੂਰੀ ਤੋਂ ਕਮਾਈ ਗਈ ਆਮਦਨ ਹੈ, ਪਰ ਇਸ ਦਾ ਕੁੱਲ ਆਮਦਨ ਵਿੱਚ ਹਿੱਸਾ ਸਿਰਫ਼ 25.09 ਪ੍ਰਤਿਸ਼ਤ ਹੈ।ਇਸ ਤੋਂ ਸਪਸ਼ਟ ਹੈ ਕਿ ਖੇਤੀਬਾੜੀ ਉਤਪਾਦਨ ਵਿੱਚ ਮਸ਼ੀਨੀਕਰਨ ਅਤੇ ਨਦੀਨਨਾਸ਼ਕਾਂ ਦੀ ਵੱਡੀ ਵਰਤੋਂ ਅਤੇ ਖੇਤੀਬਾੜੀ ਖੇਤਰ ਵਿੱਚ ਆਈ ਖੜੋਤ ਕਾਰਨ ਇਹਨਾਂ ਪਰਿਵਾਰਾਂ ਨੂੰ ਆਪਣੀ ਆਮਦਨ ਵਧਾਉਣ ਲਈ ਕਈ ਹੋਰ ਸ੍ਰੋਤਾਂ ਉੱਤੇ ਵੀ ਨਿਰਭਰ ਹੋਣਾ ਪੈਂਦਾ ਹੈ।ਹੋਰ ਸ੍ਰੋਤਾਂ ਤੋਂ ਕੁੱਲ ਆਮਦਨ ਦਾ 71.27 ਪ੍ਰਤਿਸ਼ਤ ਹਿੱਸਾ ਪ੍ਰਾਪਤ ਹੁੰਦਾ ਹੈ, ਜੋ ਔਰਤ ਅਤੇ ਮਰਦ ਦੋਵੇਂ ਮਜ਼ਦੂਰਾਂ ਦੁਆਰਾ ਮਿਲ ਕੇ ਕਮਾਈ ਜਾਂਦੀ ਹੈ। ਹੋਰ ਸ੍ਰੋਤਾਂ ਵਿੱਚ ਭਾਵੇਂ ਕਿ ਬਹੁਤ ਸਾਰੇ ਸ੍ਰੋਤ ਆ ਜਾਂਦੇ ਹਨ, ਪਰ ਉਸਾਰੀ ਦੇ ਕੰਮਾਂ ਵਿੱਚ ਮਜ਼ਦੂਰੀ, ਤਨਖਾਹਾਂ, ਮਨਰੇਗਾ ਅਧੀਨ ਮਜ਼ਦੂਰੀ, ਸਵੈ-ਰੁਜ਼ਗਾਰ, ਘਰੇਲੂ ਨੌਕਰ ਵਜੋਂ ਮਜ਼ਦੂਰੀ, ਰੰਗ-ਰੋਗਨ ਕਰਨ, ਰਿਕਸ਼ਾ ਜਾਂ ਆਟੋਰਿਕਸ਼ਾ ਚਲਾਉਣ, ਇੱਟਾਂ ਦੇ ਭੱਠੇ ਉੱਤੇ ਮਜ਼ਦੂਰੀ ਕਰਨ ਆਦਿ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਮਹੱਤਵਪੂਰਨ ਸਥਾਨ ਰੱਖਦੀ ਹੈ।ਦਲਿਤ ਔਰਤ ਮਜ਼ਦੂਰ ਪਰਿਵਾਰਾਂ ਨੂੰ ਕੁੱਲ ਆਮਦਨ ਦਾ 3.64 ਪ੍ਰਤਿਸ਼ਤ ਹਿੱਸਾ ਹਸਤਾਂਤਰਣ ਭੁਗਤਾਨ ਦੇ ਰੂਪ ਵਿੱਚ ਪ੍ਰਾਪਤ ਹੁੰਦਾ ਹੈ।ਇਸ ਸ੍ਰੋਤ ਵਿੱਚ ਪੈਨਸ਼ਨਾਂ ਦਾ ਮਹੱਤਵਪੂਰਨ ਹਿੱਸਾ ਹੈ, ਇਸ ਤੋਂ ਬਾਅਦ ਦਾ ਸਥਾਨ ਵਜੀਫ਼ੇ, ਅਤੇ ਰਿਸ਼ਤੇਦਾਰਾਂ ਅਤੇ ਦੋਸਤਾਂ ਤੋਂ ਪ੍ਰਾਪਤ ਮਦਦ ਦਾ ਹੈ। ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵਿੱਚ ਪਰਿਵਾਰਕ ਆਮਦਨ ਦੀ ਵੰਡ ਦੇ ਮੁਕਾਬਲੇ ਪ੍ਰਤਿ ਵਿਅਕਤੀ ਆਮਦਨ ਦੀ ਵੰਡ ਵਿੱਚ ਜ਼ਿਆਦਾ ਅਸਮਾਨਤਾਵਾਂ ਪਾਈਆਂ ਗਈਆਂ ਹਨ।

ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੀ ਔਸਤਨ ਸਾਲਾਨਾ ਆਮਦਨ ਸਭ ਤੋਂ ਘੱਟ 72919.62 ਰੁਪਏ ਮਾਝਾ ਵਿੱਚ ਹੈ, ਜਦੋਂ ਕਿ ਸਭ ਤੋਂ ਜ਼ਿਆਦਾ ਦੋਆਬਾ ਵਿੱਚ ਹੈ ਜੋ ਕਿ 80113.53 ਰੁਪਏ ਹੈ।ਇਹ ਆਮਦਨ ਮਾਲਵਾ ਵਿੱਚ 75116.21 ਰੁਪਏ ਹੈ। ਦੋਆਬਾ ਵਿੱਚ ਮੁਕਾਬਲਤਨ ਜ਼ਿਆਦਾ ਆਮਦਨ ਹੋਣ ਦਾ ਕਾਰਨ ਇਹ ਹੈ ਕਿ ਇੱਥੋਂ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੁਆਰਾ ਆਮਦਨ ਦੇ ਹੋਰ ਸ੍ਰੋਤਾਂ ਜਿਵੇਂ ਕਿ ਉਸਾਰੀ ਦੇ ਕੰਮਾਂ ਵਿੱਚ ਮਜ਼ਦੂਰੀ ਕਰਨ, ਸਵੈ-ਰੁਜ਼ਗਾਰ, ਰੰਗ-ਰੋਗਨ ਕਰਨ, ਡਰਾਈਵਰ ਵਜੋਂ ਕੰਮ ਕਰਨ, ਦੁੱਧ ਅਤੇ ਦੁੱਧ ਪਦਾਰਥ ਵੇਚਣ, ਕੱਪੜੇ ਸਿਊਣ, ਅਤੇ ਬਾਹਰੀ ਜੀਆਂ ਰਾਹੀਂ ਭੇਜੀ ਕਮਾਈ ਤੋਂ ਸਥਿਰ ਅਤੇ ਵੱਧ ਆਮਦਨ ਦੀ ਪ੍ਰਾਪਤੀ ਹੁੰਦੀ ਹੈ।ਦਲਿਤ ਔਰਤ ਮਜ਼ਦੂਰ ਪਰਿਵਾਰਾਂ ਲਈ ਖੇਤੀਬਾੜੀ ਖੇਤਰ ਤੋਂ ਪ੍ਰਾਪਤ ਮਜ਼ਦੂਰੀ ਦਾ ਕੁੱਲ ਆਮਦਨ ਵਿੱਚ ਸਭ ਤੋਂ ਵੱਧ ਹਿੱਸਾ ਮਾਲਵਾ ਵਿੱਚ 27.55 ਪ੍ਰਤਿਸ਼ਤ ਅਤੇ ਇਸ ਤੋਂ ਬਾਅਦ ਮਾਝਾ ਵਿੱਚ 25.74 ਪ੍ਰਤਿਸ਼ਤ ਅਤੇ ਦੋਆਬਾ ਵਿੱਚ 20.81 ਪ੍ਰਤਿਸ਼ਤ ਹੈ।ਇਸ ਦਾ ਕਾਰਨ ਮਾਲਵਾ ਵਿੱਚ ਖੇਤੀਬਾੜੀ ਖੇਤਰ ਵਿੱਚ ਠੇਕਾ-ਆਧਾਰਿਤ ਮਜ਼ਦੂਰੀ ਤੋਂ ਪ੍ਰਾਪਤ ਆਮਦਨ ਹੈ, ਜਿਸ ਤੋਂ ਇਹਨਾਂ ਪਰਿਵਾਰਾਂ ਨੂੰ ਆਮਦਨ ਦਾ ਨਿਯਮਤ ਆਧਾਰ ਪ੍ਰਾਪਤ ਹੁੰਦਾ ਹੈ। ਤਿੰਨਾਂ ਖੇਤਰਾਂ ਦੇ ਦਲਿਤ ਔਰਤ ਮਜ਼ਦੂਰਾਂ ਦੀ ਪਰਿਵਾਰਕ ਆਮਦਨ ਦੀ ਵੰਡ ਦੇ ਮੁਕਾਬਲੇ ਪ੍ਰਤਿ ਵਿਅਕਤੀ ਆਮਦਨ ਦੀ ਵੰਡ ਵਿੱਚ ਜ਼ਿਆਦਾ ਅਸਮਾਨਤਾਵਾਂ ਪਾਈਆਂ ਗਈਆਂ ਹਨ।ਮਾਲਵਾ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵਿੱਚ ਦੂਜੇ ਦੋਵਾਂ ਖੇਤਰਾਂ ਦੇ ਮੁਕਾਬਲਤਨ ਪਰਿਵਾਰਕ ਅਤੇ ਪ੍ਰਤਿ ਵਿਅਕਤੀ ਆਮਦਨ ਦੀ ਵੰਡ ਵਧੇਰੇ ਅਸਮਾਨਤਾਵਾਂ ਪਾਈਆਂ ਗਈਆਂ।

ਉਪਭੋਗ ਖ਼ਰਚ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਦਲਿਤ ਔਰਤ ਮਜ਼ਦੂਰਾਂ ਦਾ ਔਸਤਨ ਸਾਲਾਨਾ ਪਰਿਵਾਰਕ ਉਪਭੋਗ ਖ਼ਰਚ 85040.14 ਰੁਪਏ ਹੈ।ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਉਪਭੋਗ ਖ਼ਰਚ ਵਿੱਚ ਇੱਕ ਵੱਡਾ ਹਿੱਸਾ ਗ਼ੈਰ-ਟਿਕਾਊ ਵਸਤਾਂ ਦਾ ਹੈ ਜਿਹੜਾ ਕਿ 57.32 ਪ੍ਰਤਿਸ਼ਤ ਹੈ। ਇਸ ਤੋਂ ਬਾਅਦ ਸਮਾਜਿਕ-ਧਾਰਮਿਕ ਰਸਮਾਂ, ਸੇਵਾਵਾਂ, ਅਤੇ ਟਿਕਾਊ ਵਸਤਾਂ ਉੱਤੇ ਹੋਣ ਵਾਲੇ ਖ਼ਰਚ ਦਾ ਕੁੱਲ ਉਪਭੋਗ ਵਿੱਚ ਹਿੱਸਾ ਕ੍ਰਮਵਾਰ 14.51, 14.16, ਅਤੇ 14.01 ਪ੍ਰਤਿਸ਼ਤ ਹੈ।ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵੱਲੋਂ ਆਪਣੇ ਕੁੱਲ ਉਪਭੋਗ ਖ਼ਰਚ ਦਾ 13.65 ਪ੍ਰਤਿਸ਼ਤ ਹਿੱਸਾ ਇਕੱਲੇ ਅਨਾਜ-ਪਦਾਰਥਾਂ ਉੱਤੇ ਖ਼ਰਚ ਕੀਤਾ ਜਾਂਦਾ ਹੈ, ਇਸ ਤੋਂ ਇਹਨਾਂ ਪਰਿਵਾਰਾਂ ਦੀਆਂ ਮਾੜੀਆਂ ਆਰਥਿਕ ਹਾਲਤਾਂ ਦੀ ਤਸਵੀਰ ਪੂਰੀ ਤਰ੍ਹਾਂ ਉਜਾਗਰ ਹੋ ਜਾਂਦੀ ਹੈ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਪੇਂਡੂ ਪੰਜਾਬ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦਾ ਜੀਵਨ-ਪੱਧਰ ਸਿਰਫ਼ ਜਿਊਣ ਤੱਕ ਹੀ ਸੀਮਿਤ ਹੈ। ਪੰਜਾਬ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੀ ਔਸਤ ਉਪਭੋਗ ਪ੍ਰਵਿਰਤੀ 1.12 ਹੈ।ਔਸਤ ਉਪਭੋਗ ਪ੍ਰਵਿਰਤੀ ਦਾ ਇੱਕ ਤੋਂ ਜ਼ਿਆਦਾ ਹੋਣਾ ਸਪਸ਼ਟ ਕਰਦਾ ਹੈ ਕਿ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਨੂੰ ਔਸਤਨ 9358.00 ਰੁਪਏ ਦਾ ਸਾਲਾਨਾ ਘਾਟਾ ਸਹਿਣਾ ਪੈਂਦਾ ਹੈ।ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਪਰਿਵਾਰ ਉਪਭੋਗ ਖ਼ਰਚ ਦੇ ਇੱਕ ਘੱਟ ਤੋਂ ਘੱਟ ਪੱਧਰ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹਨ, ਭਾਵੇਂ ਉਹ ਖ਼ਰਚ ਕਰਨ ਦੀ ਗੁੰਜਾਇਸ਼ ਰੱਖਦੇ ਹੋਣ ਜਾਂ ਨਹੀਂ। ਪੇਂਡੂ ਪੰਜਾਬ ਦੇ ਦਲਿਤ ਔਰਤ ਮਜ਼ਦੂਰਾਂ ਦੇ ਪਰਿਵਾਰਕ ਉਪਭੋਗ ਖ਼ਰਚ ਅਤੇ ਪ੍ਰਤਿ ਵਿਅਕਤੀ ਉਪਭੋਗ ਖ਼ਰਚ ਦੀ ਵੰਡ ਲਈ ਗਿੰਨੀ ਗੁਣਾਂਕ ਦਾ ਮੁੱਲ ਕ੍ਰਮਵਾਰ 0.1693 ਅਤੇ 0.1987 ਹੈ, ਜਿਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਹਨਾਂ ਦੇ ਪਰਿਵਾਰਕ ਉਪਭੋਗ ਖ਼ਰਚ ਦੀ ਵੰਡ ਦੇ ਮੁਕਾਬਲੇ ਪ੍ਰਤਿ ਵਿਅਕਤੀ ਉਪਭੋਗ ਖ਼ਰਚ ਦੀ ਵੰਡ ਵਿੱਚ ਜ਼ਿਆਦਾ ਅਸਮਾਨਤਾਵਾਂ ਹਨ।

ਉਪਭੋਗ ਖ਼ਰਚ ਦੇ ਖੇਤਰ-ਵਾਰ ਅਧਿਐਨ ਤੋਂ ਇਹ ਸਾਹਮਣੇ ਆਇਆ ਕਿ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦਾ ਔਸਤਨ ਉਪਭੋਗ ਖ਼ਰਚ ਦੋਆਬਾ ਵਿੱਚ ਸਭ ਤੋਂ ਵੱਧ (88218.21 ਰੁਪਏ) ਅਤੇ ਮਾਝਾ ਵਿੱਚ ਸਭ ਤੋਂ ਘੱਟ (82090.14 ਰੁਪਏ) ਹੈ। ਮਾਲਵਾ ਵਿੱਚ ਉਪਭੋਗ ਖ਼ਰਚ 85456.44 ਰੁਪਏ ਹੈ।ਗ਼ੈਰ-ਟਿਕਾਊ ਵਸਤਾਂ ਉੱਤੇ ਉਪਭੋਗ ਖ਼ਰਚ ਦਾ ਸਭ ਤੋਂ ਵੱਧ ਹਿੱਸਾ ਮਾਝਾ ਵਿੱਚ 59.08 ਪ੍ਰਤਿਸ਼ਤ, ਜਦੋਂ ਕਿ ਦੋਆਬਾ ਅਤੇ ਮਾਲਵਾ ਵਿੱਚ ਇਹ ਖ਼ਰਚ ਕ੍ਰਮਵਾਰ 56.53 ਅਤੇ 56.42 ਪ੍ਰਤਿਸ਼ਤ ਹੈ।ਕੁੱਲ ਉਪਭੋਗ ਖ਼ਰਚ ਵਿੱਚੋਂ ਸਮਾਜਿਕ-ਧਾਰਮਿਕ ਰਸਮਾਂ ਉੱਪਰ ਹੋਣ ਵਾਲੇ ਖ਼ਰਚ ਦਾ ਹਿੱਸਾ ਮਾਲਵਾ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਲਈ ਸਭ ਤੋਂ ਵੱਧ (14.93 ਪ੍ਰਤਿਸ਼ਤ) ਅਤੇ ਇਸ ਤੋਂ ਬਾਅਦ ਦੋਆਬਾ ਅਤੇ ਮਾਝਾ ਲਈ ਇਸ ਉਪਭੋਗ ਖ਼ਰਚ ਦਾ ਹਿੱਸਾ ਕ੍ਰਮਵਾਰ 14.38 ਅਤੇ 14.10 ਪ੍ਰਤਿਸ਼ਤ ਹੈ।ਮਾਲਵਾ ਵਿੱਚ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵੱਲੋਂ ਆਪਣੇ ਕੁੱਲ ਉਪਭੋਗ ਖ਼ਰਚ ਦਾ 14.95 ਪ੍ਰਤਿਸ਼ਤ ਹਿੱਸਾ ਸੇਵਾਵਾਂ ਉੱਤੇ ਖ਼ਰਚ ਕੀਤਾ ਜਾਂਦਾ ਹੈ, ਜਦੋਂ ਕਿ ਇਹ ਹਿੱਸਾ ਦੋਆਬਾ ਅਤੇ ਮਾਝਾ ਵਿੱਚ ਕ੍ਰਮਵਾਰ 13.80 ਅਤੇ 13.49 ਪ੍ਰਤਿਸ਼ਤ ਹੈ।ਟਿਕਾਊ ਵਸਤਾਂ ਦਾ ਕੁੱਲ ਉਪਭੋਗ ਵਿੱਚੋਂ ਸਭ ਤੋਂ ਵੱਧ ਹਿੱਸਾ ਦੋਆਬਾ ਵਿੱਚ 15.29 ਪ੍ਰਤਿਸ਼ਤ ਅਤੇ ਇਸ ਤੋਂ ਬਾਅਦ ਮਾਲਵਾ ਵਿੱਚ 13.70 ਪ੍ਰਤਿਸ਼ਤ ਅਤੇ ਮਾਝਾ ਵਿੱਚ 13.33 ਪ੍ਰਤਿਸ਼ਤ ਹੈ।ਤਿੰਨਾਂ ਖੇਤਰਾਂ ਵਿੱਚ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੀ ਔਸਤ ਉਪਭੋਗ ਪ੍ਰਵਿਰਤੀ ਇੱਕ ਤੋਂ ਜ਼ਿਆਦਾ ਹੈ।ਸਭ ਤੋਂ ਵੱਧ ਔਸਤ ਉਪਭੋਗ ਪ੍ਰਵਿਰਤੀ ਮਾਲਵਾ ਵਿੱਚ 1.14, ਜਦੋਂ ਕਿ ਸਭ ਤੋਂ ਘੱਟ ਦੋਆਬਾ ਵਿੱਚ 1.10 ਹੈ।ਮਾਝਾ ਵਿੱਚ ਔਸਤ ਉਪਭੋਗ ਪ੍ਰਵਿਰਤੀ 1.13 ਹੈ।ਤਿੰਨਾਂ ਖੇਤਰਾਂ ਵਿੱਚ ਔਸਤ ਉਪਭੋਗ ਪ੍ਰਵਿਰਤੀ ਦਾ ਇੱਕ ਤੋਂ ਜ਼ਿਆਦਾ ਹੋਣਾ ਸਪਸ਼ਟ ਕਰਦਾ ਹੈ ਕਿ ਸਾਰੇ ਦਲਿਤ ਔਰਤ ਮਜ਼ਦੂਰ ਪਰਿਵਾਰ ਸਾਲਾਨਾ ਘਾਟਾ ਸਹਿੰਦੇ ਹਨ।ਸਭ ਤੋਂ ਵੱਧ ਸਾਲਾਨਾ ਘਾਟਾ ਮਾਲਵਾ ਵਿੱਚ 10340.22 ਰੁਪਏ, ਜਦੋਂ ਕਿ ਸਭ ਤੋਂ ਘੱਟ ਸਾਲਾਨਾ ਘਾਟਾ ਦੋਆਬਾ ਵਿੱਚ 8104.68 ਰੁਪਏ ਹੈ।ਮਾਝਾ ਵਿੱਚ ਸਾਲਾਨਾ ਘਾਟਾ 9170.53 ਰੁਪਏ ਹੈ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਸਾਰੇ ਖੇਤਰਾਂ ਦੇ ਦਲਿਤ ਔਰਤ ਮਜ਼ਦੂਰ ਪਰਿਵਾਰ ਉਪਭੋਗ ਖ਼ਰਚ ਦੇ ਇੱਕ ਘੱਟੋ-ਘੱਟ ਪੱਧਰ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹੋਏ ਵੱਖ ਵੱਖ ਸ੍ਰੋਤਾਂ ਤੋਂ ਕਰਜ਼ਾ ਲੈਂਦੇ ਹਨ।ਇਹਨਾਂ ਦਲਿਤ ਪਰਿਵਾਰਾਂ ਨੂੰ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਬਹੁਤ ਸੰਘਰਸ਼ ਕਰਨਾ ਪੈਂਦਾ ਹੈ।ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵਿੱਚ ਉਪਭੋਗ ਖ਼ਰਚ ਦੀ ਵੰਡ ਸੰਬੰਧੀ ਗਿੰਨੀ ਗੁਣਾਂਕ ਦਾ ਮੁੱਲ ਵੀ ਮਾਲਵਾ ਲਈ ਸਭ ਤੋਂ ਵੱਧ 0.1947, ਜਦੋਂ ਕਿ ਦੋਆਬਾ ਲਈ ਸਭ ਤੋਂ ਘੱਟ 0.1428 ਹੈ। ਮਾਝਾ ਲਈ ਇਹ ਮੁੱਲ 0.1704 ਹੈ।ਇਸ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਦੂਜੇ ਖੇਤਰਾਂ ਦੇ ਮੁਕਾਬਲਤਨ ਮਾਲਵਾ ਵਿੱਚ ਪਰਿਵਾਰਕ ਉਪਭੋਗ ਖ਼ਰਚ ਦੀ ਵੰਡ ਵਿੱਚ ਜ਼ਿਆਦਾ ਅਸਮਾਨ-ਤਾਵਾਂ ਹਨ।ਇਸੇ ਪ੍ਰਕਾਰ ਪ੍ਰਤਿ ਵਿਅਕਤੀ ਉਪਭੋਗ ਖ਼ਰਚ ਦੀ ਵੰਡ ਦਾ ਗਿੰਨੀ ਗੁਣਾਂਕ ਦਾ ਮੁੱਲ ਸਭ ਤੋਂ ਵੱਧ (0.2237) ਮਾਲਵਾ, ਜਦੋਂ ਕਿ ਸਭ ਤੋਂ ਘੱਟ (0.1729) ਦੋਆਬਾ ਵਿੱਚ ਹੈ।ਮਾਝਾ ਵਿੱਚ ਗਿੰਨੀ ਗੁਣਾਂਕ ਦਾ ਮੁੱਲ 0.1995 ਹੈ। ਭਾਵੇਂ ਪੰਜਾਬ ਇੱਕ ਖੁਸ਼ਹਾਲ ਸੂਬਾ ਹੈ, ਪਰ ਬਹੁਤ ਸਾਰੇ ਦਲਿਤ ਔਰਤ ਮਜ਼ਦੂਰ ਪਰਿਵਾਰ ਗ਼ਰੀਬੀ ਵਿੱਚ ਰਹਿ ਰਹੇ ਹਨ।ਮਾਹਰ ਗਰੁੱਪ ਮਾਪਦੰਡ ਅਨੁਸਾਰ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਕੁੱਲ ਜੀਆਂ ਵਿੱਚੋਂ 92.52 ਪ੍ਰਤਿਸ਼ਤ ਜੀਅ ਆਮਦਨ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।ਤੇਂਦੂਲਕਰ ਮਾਪਦੰਡ ਅਨੁਸਾਰ ਕੁੱਲ ਪਰਿਵਾਰਕ ਜੀਆਂ ਵਿੱਚੋਂ 57.71 ਪ੍ਰਤਿਸ਼ਤ ਜੀਅ ਆਮਦਨ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਰੰਗਰਾਜਨ ਮਾਪਦੰਡ ਅਨੁਸਾਰ ਦਲਿਤ ਔਰਤ ਮਜ਼ਦੂਰਾਂ ਦੇ 72.71 ਪ੍ਰਤਿਸ਼ਤ ਜੀਅ ਆਮਦਨ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।ਜੇਕਰ ਸੂਬੇ ਦੀ ਪ੍ਰਤਿ ਵਿਅਕਤੀ ਆਮਦਨ ਦੇ 50 ਅਤੇ 40 ਪ੍ਰਤਿਸ਼ਤ ਮਾਪਦੰਡਾਂ ਦੀ ਗੱਲ ਕਰੀਏ ਤਾਂ ਦਲਿਤ ਔਰਤ ਮਜ਼ਦੂਰਾਂ ਦੇ ਲਗਭਗ ਸਾਰੇ ਪਰਿਵਾਰਕ ਜੀਅ ਆਮਦਨ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।ਵਿਸ਼ਵ ਬੈਂਕ ਦੁਆਰਾ ਦਿੱਤੇ ਗਏ ਘੋਰ ਅਤੇ ਸਾਧਾਰਨ ਗ਼ਰੀਬੀ ਮਾਪਦੰਡਾਂ ਅਨੁਸਾਰ ਦਲਿਤ ਔਰਤ ਮਜ਼ਦੂਰਾਂ ਦੇ ਕ੍ਰਮਵਾਰ 33.29 ਅਤੇ 76.42 ਪ੍ਰਤਿਸ਼ਤ ਪਰਿਵਾਰਕ ਜੀਅ ਆਮਦਨ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।ਜੇਕਰ ਉਪਭੋਗ ਖ਼ਰਚ ਉੱਪਰ ਆਧਾਰਿਤ ਗ਼ਰੀਬੀ ਦਾ ਵਿਚਾਰ ਕੀਤਾ ਜਾਵੇ ਤਾਂ, ਮਾਹਰ ਗਰੁੱਪ ਮਾਪਦੰਡ ਅਨੁਸਾਰ ਦਲਿਤ ਔਰਤ ਮਜ਼ਦੂਰਾਂ ਦੇ 86.57 ਪ੍ਰਤਿਸ਼ਤ ਪਰਿਵਾਰਕ ਜੀਅ ਉਪਭੋਗ ਖ਼ਰਚ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।ਤੇਂਦੂਲਕਰ ਮਾਪਦੰਡ ਅਨੁਸਾਰ, ਦਲਿਤ ਔਰਤ ਮਜ਼ਦੂਰਾਂ ਦੇ 44.07 ਪ੍ਰਤਿਸ਼ਤ ਪਰਿਵਾਰਕ ਜੀਅ ਉਪਭੋਗ ਖ਼ਰਚ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।ਰੰਗਰਾਜਨ ਕਮੇਟੀ ਦੇ ਮਾਪਦੰਡ ਅਨੁਸਾਰ, ਉਪਭੋਗ ਖ਼ਰਚ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਦਲਿਤ ਔਰਤ ਮਜ਼ਦੂਰਾਂ ਦੇ ਪਰਿਵਾਰਕ ਜੀਆਂ ਦੀ ਪ੍ਰਤਿਸ਼ਤਤਾ 56.68 ਹੈ।ਸੂਬੇ ਦੀ ਪ੍ਰਤਿ ਵਿਅਕਤੀ ਆਮਦਨ ਦੇ 50 ਅਤੇ 40 ਪ੍ਰਤਿਸ਼ਤ ਮਾਪਦੰਡਾਂ ਅਨੁਸਾਰ ਦਲਿਤ ਔਰਤ ਮਜ਼ਦੂਰਾਂ ਦੇ ਕ੍ਰਮਵਾਰ 99.93 ਅਤੇ 98.41 ਪ੍ਰਤਿਸ਼ਤ ਪਰਿਵਾਰਕ ਜੀਅ ਉਪਭੋਗ ਖ਼ਰਚ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।ਦਲਿਤ ਔਰਤ ਮਜ਼ਦੂਰਾਂ ਦੇ 13.03 ਪ੍ਰਤਿਸ਼ਤ ਪਰਿਵਾਰਕ ਜੀਅ ਵਿਸ਼ਵ ਬੈਂਕ ਦੀ ਘੋਰ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਜਦੋਂ ਕਿ 61.65 ਪ੍ਰਤਿਸ਼ਤ ਜੀਅ ਵਿਸ਼ਵ ਬੈਂਕ ਦੀ ਸਾਧਾਰਨ ਗ਼ਰੀਬੀ ਰੇਖਾਂ ਤੋਂ ਹੇਠਾਂ ਰਹਿ ਰਹੇ ਹਨ। ਇੱਥੇ ਇਹ ਜ਼ਿਕਰਯੋਗ ਹੈ ਕਿ ਵਿਸ਼ਵ ਬੈਂਕ ਦੇ ਘੋਰ ਗ਼ਰੀਬੀ ਰੇਖਾ ਮਾਪਦੰਡ ਅਨੁਸਾਰ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਦਲਿਤ ਔਰਤ ਮਜ਼ਦੂਰਾਂ ਦੇ ਪਰਿਵਾਰਕ ਜੀਆਂ ਦੀ ਗਿਣਤੀ ਹੋਰ ਸਾਰੇ ਮਾਪਦੰਡਾਂ ਤੋਂ ਬਹੁਤ ਘੱਟ ਹੈ, ਜਿਸ ਦਾ ਕਾਰਨ ਇਹ ਹੈ ਕਿ ਵਿਸ਼ਵ ਬੈਂਕ ਇਹ ਸਾਬਤ ਕਰਨਾ ਚਾਹੁੰਦਾ ਹੈ ਕਿ ਨਿਗਮ ਖੇਤਰ ਦੇ ਵਿਕਾਸ ਦੇ ਨਾਲ਼ ਵਿਸ਼ਵ ਪੱਧਰ ਉੱਤੇ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਪ੍ਰਤਿਸ਼ਤਤਾ ਘਟਦੀ ਜਾ ਰਹੀ ਹੈ।

ਗ਼ਰੀਬੀ ਦੇ ਬੋਝ ਦੇ ਖੇਤਰ-ਵਾਰ ਅਧਿਐਨ ਤੋਂ ਪਤਾ ਲੱਗਿਆ ਕਿ ਮਾਹਰ ਗਰੁੱਪ ਮਾਪਦੰਡ ਅਨੁਸਾਰ, ਆਮਦਨ ਉੱਪਰ ਆਧਾਰਿਤ ਗ਼ਰੀਬੀ ਸਭ ਤੋਂ ਵੱਧ ਮਾਝਾ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵਿੱਚ ਹੈ, ਇਸ ਤੋਂ ਬਾਅਦ ਮਾਲਵਾ ਅਤੇ ਦੋਆਬਾ ਦੇ ਦਲਿਤ ਔਰਤ ਮਜ਼ਦੂਰ ਪਰਿਵਾਰ ਹਨ।ਇਸ ਮਾਪਦੰਡ ਅਨੁਸਾਰ ਮਾਝਾ, ਮਾਲਵਾ, ਅਤੇ ਦੋਆਬਾ ਦੇ ਦਲਿਤ ਔਰਤ ਮਜ਼ਦੂਰਾਂ ਦੇ ਕ੍ਰਮਵਾਰ 94.78, 91.85, ਅਤੇ 90.47 ਪ੍ਰਤਿਸ਼ਤ ਪਰਿਵਾਰਕ ਜੀਅ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।ਤੇਂਦੂਲਕਰ ਮਾਪਦੰਡ ਅਨੁਸਾਰ ਮਾਝਾ, ਮਾਲਵਾ, ਅਤੇ ਦੋਆਬਾ ਦੀਆਂ ਦਲਿਤ ਔਰਤ ਮਜ਼ਦੂਰਾਂ ਦੇ ਕ੍ਰਮਵਾਰ 69.50, 52.20, ਅਤੇ 49.59 ਪ੍ਰਤਿਸ਼ਤ ਪਰਿਵਾਰਕ ਜੀਅ ਆਮਦਨ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਰੰਗਰਾਜਨ ਮਾਪਦੰਡ ਅਨੁਸਾਰ ਉਪਰੋਕਤ ਤਿੰਨਾਂ ਖੇਤਰਾਂ ਦੇ ਕ੍ਰਮਵਾਰ 80.80, 71.31, ਅਤੇ 63.79 ਪ੍ਰਤਿਸ਼ਤ ਪਰਿਵਾਰਕ ਜੀਅ ਆਮਦਨ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।ਸੂਬੇ ਦੀ ਪ੍ਰਤਿ ਵਿਅਕਤੀ ਆਮਦਨ ਦੇ 50 ਅਤੇ 40 ਪ੍ਰਤਿਸ਼ਤ ਮਾਪਦੰਡਾਂ ਅਨੁਸਾਰ ਸਾਰੇ ਤਿੰਨਾਂ ਖੇਤਰਾਂ ਦੇ ਦਲਿਤ ਔਰਤ ਮਜ਼ਦੂਰਾਂ ਦੇ ਲਗਭਗ ਸਾਰੇ ਪਰਿਵਾਰਕ ਜੀਅ ਇਸ ਗ਼ਰੀਬੀ ਰੇਖਾ ਤੋਂ ਹੇਠਾਂ ਹਨ।ਵਿਸ਼ਵ ਬੈਂਕ ਦੇ ਘੋਰ ਗ਼ਰੀਬੀ ਮਾਪਦੰਡ ਅਨੁਸਾਰ ਮਾਝਾ, ਮਾਲਵਾ, ਅਤੇ ਦੋਆਬਾ ਦੇ ਦਲਿਤ ਔਰਤ ਮਜ਼ਦੂਰਾਂ ਪਰਿਵਾਰਕ ਦੇ ਕ੍ਰਮਵਾਰ 42.94, 29.11, ਅਤੇ 26.49 ਪ੍ਰਤਿਸ਼ਤ ਜੀਅ ਇਸ ਘੋਰ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਜਦੋਂ ਕਿ ਤਿੰਨਾਂ ਖੇਤਰਾਂ ਦੇ ਕ੍ਰਮਵਾਰ 84.35, 75.06, ਅਤੇ 67.64 ਪ੍ਰਤਿਸ਼ਤ ਪਰਿਵਾਰਕ ਜੀਅ ਵਿਸ਼ਵ ਬੈਂਕ ਦੀ ਸਾਧਾਰਨ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਉਪਭੋਗ ਖ਼ਰਚ ਉੱਪਰ ਆਧਾਰਿਤ ਗ਼ਰੀਬੀ ਦੇ ਬੋਝ ਦੇ ਖੇਤਰ-ਵਾਰ ਅਧਿਐਨ ਤੋਂ ਇਹ ਸਾਹਮਣੇ ਆਇਆ ਕਿ ਮਾਹਰ ਗਰੁੱਪ ਮਾਪਦੰਡ ਅਨੁਸਾਰ ਉਪਭੋਗ ਖ਼ਰਚ ਉੱਪਰ ਆਧਾਰਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਦਲਿਤ ਔਰਤ ਮਜ਼ਦੂਰਾਂ ਦੇ ਪਰਿਵਾਰਕ ਜੀਆਂ ਦੀ ਗਿਣਤੀ ਸਭ ਤੋਂ ਵੱਧ ਮਾਝਾ ਵਿੱਚ 90.03 ਪ੍ਰਤਿਸ਼ਤ, ਜੋ ਕਿ ਮਾਲਵਾ ਅਤੇ ਦੋਆਬਾ ਲਈ ਕ੍ਰਮਵਾਰ 85.95 ਅਤੇ 82.77 ਪ੍ਰਤਿਸ਼ਤ ਹੈ। ਤੇਂਦੂਲਕਰ ਮਾਪਦੰਡ ਅਨੁਸਾਰ ਵੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਦਲਿਤ ਔਰਤ ਮਜ਼ਦੂਰਾਂ ਦੇ ਪਰਿਵਾਰਕ ਜੀਆਂ ਦੀ ਗਿਣਤੀ ਸਭ ਤੋਂ ਵੱਧ ਮਾਝਾ ਵਿੱਚ 51.44 ਪ੍ਰਤਿਸ਼ਤ ਹੈ ਅਤੇ ਇਹ ਪ੍ਰਤਿਸ਼ਤ ਮਾਲਵਾ ਅਤੇ ਦੋਆਬਾ ਲਈ ਕ੍ਰਮਵਾਰ 42.74 ਅਤੇ 36.02 ਹੈ।ਰੰਗਰਾਜਨ ਮਾਪਦੰਡ ਅਨੁਸਾਰ ਮਾਝਾ, ਦੋਆਬਾ, ਅਤੇ ਮਾਲਵਾ ਵਿੱਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਦਲਿਤ ਔਰਤ ਮਜ਼ਦੂਰਾਂ ਦੇ ਪਰਿਵਾਰਕ ਜੀਆਂ ਦੀ ਗਿਣਤੀ ਕ੍ਰਮਵਾਰ 69.43, 52.56, ਅਤੇ 45.55 ਪ੍ਰਤਿਸ਼ਤ ਹੈ। ਮਾਲਵਾ, ਮਾਝਾ, ਅਤੇ ਦੋਆਬਾ ਦੀਆਂ ਦਲਿਤ ਔਰਤ ਮਜ਼ਦੂਰਾਂ ਦੇ ਲਗਭਗ ਸਾਰੇ ਪਰਿਵਾਰਕ ਜੀਅ ਸੂਬੇ ਦੀ 50 ਪ੍ਰਤਿਸ਼ਤ ਪ੍ਰਤਿ ਵਿਅਕਤੀ ਆਮਦਨ ਵਾਲੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਜਦੋਂ ਕਿ ਇਹ ਅਨੁਪਾਤ ਸੂਬੇ ਦੀ 40 ਪ੍ਰਤਿਸ਼ਤ ਆਮਦਨ ਵਾਲੀ ਗ਼ਰੀਬੀ ਰੇਖਾ ਮਾਪਦੰਡ ਅਨੁਸਾਰ ਮਾਝਾ, ਮਾਲਵਾ, ਅਤੇ ਦੋਆਬਾ ਲਈ ਕ੍ਰਮਵਾਰ 98.53, 98.63, ਅਤੇ 97.89 ਪ੍ਰਤਿਸ਼ਤ ਹੈ।ਵਿਸ਼ਵ ਬੈਂਕ ਦੀ ਘੋਰ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਦਲਿਤ ਔਰਤ ਮਜ਼ਦੂਰਾਂ ਦੇ ਪਰਿਵਾਰਕ ਜੀਅ ਮਾਝਾ, ਮਾਲਵਾ, ਅਤੇ ਦੋਆਬਾ ਵਿੱਚ ਕ੍ਰਮਵਾਰ 15.52, 12.32, ਅਤੇ 10.72 ਪ੍ਰਤਿਸ਼ਤ, ਜਦੋਂ ਕਿ ਵਿਸ਼ਵ ਬੈਂਕ ਦੀ ਸਾਧਾਰਨ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਕ ਜੀਅ ਤਿੰਨਾਂ ਖੇਤਰਾਂ ਲਈ ਕ੍ਰਮਵਾਰ 73.38, 59.29, ਅਤੇ 49.22 ਪ੍ਰਤਿਸ਼ਤ ਹਨ।

ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ ਕਰਜ਼ੇ ਦੇ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਪੇਂਡੂ ਪੰਜਾਬ ਦੇ 96.33 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰ ਪਰਿਵਾਰ ਕਰਜ਼ੇ ਥੱਲੇ ਹਨ।ਪੇਂਡੂ ਪੰਜਾਬ ਵਿੱਚ ਕਰਜ਼ਈ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ ਕਰਜ਼ੇ ਦੀ ਔਸਤਨ ਰਕਮ 54342.98 ਰੁਪਏ ਅਤੇ ਚੁਣੇ ਗਏ ਸਾਰੇ ਪਰਿਵਾਰਾਂ ਸਿਰ ਕਰਜ਼ੇ ਦੀ ਔਸਤਨ ਰਕਮ 52378.03 ਰੁਪਏ ਹੈ।ਦੇਖਣ ਲਈ ਕੁਝ ਹਜ਼ਾਰ ਰੁਪਈਆਂ ਵਿੱਚ ਇਹ ਕਰਜ਼ਾ ਬਹੁਤ ਹੀ ਥੋੜ੍ਹਾ ਹੋਣ ਕਰਕੇ ਮਹੱਤਵਹੀਣ ਲੱਗਦਾ ਹੈ, ਪਰ ਇਹਨਾਂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਲਈ ਇਸ ਕਰਜ਼ੇ ਦਾ ਬੋਝ ਬਹੁਤ ਹੀ ਜ਼ਿਆਦਾ ਹੋਣ ਕਰਕੇ ਇਹ ਕਰਜ਼ਾ ਅਸਹਿ ਹੈ ਕਿਉਂਕਿ ਇਸ ਕਰਜ਼ੇ ਕਾਰਨ ਇਹਨਾਂ ਪਰਿਵਾਰਾਂ ਨੂੰ ਅਨੇਕਾਂ ਤਿਆਗ ਕਰਨੇ ਅਤੇ ਤਸੀਹੇ ਝੱਲਣੇ ਪੈਂਦੇ ਹਨ। ਇਹਨਾਂ ਤਿਆਗਾਂ ਅਤੇ ਤਸੀਹਿਆਂ ਦੀ ਸਾਫ਼ ਤਸਵੀਰ ਇਹਨਾਂ ਦੇ ਬੱਚਿਆਂ ਨੂੰ ਆਪਣੀ ਪੜ੍ਹਾਈ ਵਿਚਕਾਰ ਛੱਡ ਕੇ ਮੁਕਾਬਲਤਨ ਅਮੀਰ ਘਰਾਂ ਦੇ ਬੱਚਿਆਂ ਦੀ ਦੇਖਭਾਲ ਅਤੇ ਹੋਰ ਅਨੇਕਾਂ ਕੰਮ ਕਰਨੇ ਪੈਂਦੇ ਹਨ।ਵੱਡੇ ਹੋ ਕੇ ਇਹ ਬੱਚੇ ਵੀ ਆਪਣੇ ਮਾਪਿਆਂ ਦੀ ਤਰ੍ਹਾਂ ਮਜ਼ਦੂਰਾਂ ਦੀ ਫੌਜ ਵਿੱਚ ਮਜਬੂਰੀਵਸ ਸ਼ਾਮਲ ਹੋ ਜਾਂਦੇ ਹਨ।ਦਲਿਤ ਔਰਤ ਮਜ਼ਦੂਰ ਪਰਿਵਾਰ ਆਪਣੀ ਖੁਰਾਕ ਵਿੱਚ ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤਾਂ ਦੇ ਹਿੱਸੇ ਨੂੰ ਵਧਾਉਣ ਲਈ ਮੁਕਾਬਲਤਨ ਅਮੀਰ ਘਰਾਂ ਦੀਆਂ ਕੱਟੀਆਂ/ਬੱਛੀਆਂ ਅਧਿਆਰੇ ਉੱਪਰ ਲੈ ਕੇ ਦਿਨ-ਰਾਤ ਉਹਨਾਂ ਦੀ ਦੇਖਭਾਲ ਕਰਦੇ ਹਨ।ਜਦੋਂ ਇਹ ਕੱਟੀਆਂ/ ਬੱਛੀਆਂ ਵੱਡੀਆਂ ਹੋ ਕੇ ਝੋਟੀਆਂ/ਬਹਿੜੀਆਂ ਬਣਦੀਆਂ ਹਨ ਤਾਂ ਮੁਕਾਬਲਤਨ ਅਮੀਰ ਘਰ ਇਹਨਾਂ ਦਾ ਮੁੱਲ ਪਾ ਕੇ ਇਹਨਾਂ ਨੂੰ ਲੈ ਜਾਂਦੇ ਹਨ। ਦਲਿਤ ਔਰਤ ਮਜ਼ਦੂਰ ਪਰਿਵਾਰਾਂ ਨੂੰ ਕਰਜ਼ੇ ਦੀ ਮਜਬੂਰੀ ਵਿੱਚ ਅਜਿਹਾ ਕਰਨਾ ਪੈਂਦਾ ਹੈ ਅਤੇ ਇਸ ਦੇ ਨਤੀਜੇ ਵਜੋਂ ਇਸ ਸੰਬੰਧ ਵਿੱਚ ਵੀ ਉਹਨਾਂ ਦੀਆਂ ਆਸਾਂ ਉੱਪਰ ਪਾਣੀ ਫਿਰ ਜਾਂਦਾ ਹੈ।ਕਰਜ਼ੇ ਕਾਰਨ ਕੁਝ ਪਰਿਵਾਰਾਂ ਵਿੱਚ ਬੰਧੂਆ ਮਜ਼ਦੂਰੀ, ਜੋ ਕਿ ਗ਼ੈਰ-ਕਾਨੂੰਨੀ ਹੈ, ਵੀ ਦਿਖਾਈ ਦਿੰਦੀ ਹੈ ਅਤੇ ਕੁਝ ਪੇਂਡੂ ਦਲਿਤ ਔਰਤਾਂ ਅਤੇ ਉਹਨਾਂ ਦੀਆਂ ਕੁੜੀਆਂ ਨੂੰ ਅਨੇਕਾਂ ਨਪੀੜਨ ਸਹਿਣੇ ਪੈਂਦੇ ਹਨ।ਦਲਿਤ ਔਰਤ ਮਜ਼ਦੂਰ ਪਰਿਵਾਰਾਂ ਲਈ ਗ਼ੈਰ-ਸੰਸਥਾਗਤ ਸ੍ਰੋਤ ਕਰਜ਼ੇ ਦੇ ਮੁੱਖ ਸ੍ਰੋਤ ਹਨ। ਇਹਨਾਂ ਪਰਿਵਾਰਾਂ ਦੁਆਰਾ ਆਪਣੇ ਔਸਤਨ ਕੁੱਲ ਕਰਜ਼ੇ ਦਾ 80.40 ਪ੍ਰਤਿਸ਼ਤ ਹਿੱਸਾ ਗ਼ੈਰ-ਸੰਸਥਾਗਤ ਸ੍ਰੋਤਾਂ ਤੋਂ ਲਿਆ ਗਿਆ ਹੈ, ਜਦੋਂ ਕਿ ਸੰਸਥਾਗਤ ਸ੍ਰੋਤਾਂ ਤੋਂ ਲਏ ਕਰਜ਼ੇ ਦਾ ਪ੍ਰਤਿਸ਼ਤ ਹਿੱਸਾ ਸਿਰਫ਼ 19.60 ਹੈ।ਗ਼ੈਰ-ਸੰਸਥਾਗਤ ਸ੍ਰੋਤਾਂ ਵਿੱਚੋਂ ਵੱਡੇ ਕਿਸਾਨਾਂ ਦੁਆਰਾ ਦਿੱਤਾ ਕਰਜ਼ਾ ਪ੍ਰਮੁੱਖ ਸਥਾਨ ਰੱਖਦਾ ਹੈ।ਅਸਲ ਵਿੱਚ ਦਲਿਤ ਔਰਤ ਮਜ਼ਦੂਰ ਪਰਿਵਾਰ ਲੋੜ ਵੇਲੇ ਵੱਡੇ ਕਿਸਾਨਾਂ ਕੋਲ਼ ਕਰਜ਼ੇ ਲਈ ਪਹੁੰਚ ਕਰਦੇ ਹਨ।ਵੱਡੇ ਕਿਸਾਨ ਸਿਰਫ਼ ਉਹਨਾਂ ਨੂੰ ਕਰਜ਼ਾ ਦਿੰਦੇ ਹਨ ਜਿਹੜੇ ਉਹਨਾਂ ਲਈ ਮੁਫ਼ਤ ਜਾਂ ਘੱਟ ਮਜ਼ਦੂਰੀ ਦਰਾਂ ਉੱਪਰ ਕੰਮ ਕਰਨ। ਅਜਿਹੇ ਕੰਮ ਦੀ ਆਸ ਸਿਰਫ਼ ਸੰਬੰਧਿਤ ਮਜ਼ਦੂਰ ਤੋਂ ਹੀ ਨਹੀਂ, ਸਗੋਂ ਉਸ ਦੇ ਪੂਰੇ ਪਰਿਵਾਰ ਤੋਂ ਰੱਖੀ ਜਾਂਦੀ ਹੈ। ਫੀਲਡ ਸਰਵੇਖਣ ਦੌਰਾਨ ਇਹ ਪਤਾ ਲੱਗਿਆ ਹੈ ਕਿ ਦਲਿਤ ਔਰਤ ਮਜ਼ਦੂਰ ਪਰਿਵਾਰ

(ਬਾਕੀ ਅਗਲੇ ਸਫੇ 'ਤੇ)

# ਖੀਸੇ ਖ਼ਾਲੀ, ਢਿੱਡ ਭੁੱਖੇ ਅਤੇ ਤਨ ਉੱਤੇ ਲੀਰਾਂ

ਸੰਸਥਾਗਤ ਸ੍ਰੋਤਾਂ ਤੋਂ ਕਰਜ਼ਾ ਲੈਣ ਤੋਂ ਝਿਜਕਦੇ ਹਨ, ਇਸ ਦੇ ਕਾਰਨ ਹੇਠਾਂ ਲਿਖੇ ਹਨ:

* ਇਹਨਾਂ ਪਰਿਵਾਰਾਂ ਕੋਲ਼ ਕੋਈ ਸੰਪੱਤੀ ਨਹੀਂ ਹੈ ਜਿਸ ਨੂੰ ਕਿ ਸੰਸਥਾਗਤ ਸ੍ਰੋਤਾਂ ਕੋਲੋਂ ਕਰਜ਼ਾ ਲੈਣ ਲਈ ਜ਼ਮਾਨਤ ਦੇ ਰੂਪ ਵਿੱਚ ਰੱਖ ਸਕਣ;
* ਅਨਪੜ੍ਹ ਹੋਣ ਕਰਕੇ ਇਹ ਪਰਿਵਾਰ ਸੰਸਥਾਗਤ ਸ੍ਰੋਤਾਂ ਦੁ-ਆਰਾ ਅਪਣਾਏ ਜਾਂਦੇ ਪ੍ਰਬੰਧ ਨੂੰ ਸਮਝ ਨਹੀਂ ਸਕਦੇ;
* ਇਹ ਪਰਿਵਾਰ ਦਫ਼ਤਰੀ ਕਰਮਚਾਰੀਆਂ/ਅਫ਼ਸਰਾਂ ਦੇ ਵਿਵਹਾਰ ਤੋਂ ਦੁਖੀ ਹੋ ਜਾਂਦੇ ਹਨ; ਅਤੇ
* ਸਾਮੰਤਵਾਦੀ ਪ੍ਰਬੰਧ, ਜੋ ਕਿ ਪਿੰਡਾਂ ਵਿੱਚ ਹਾਲੇ ਵੀ ਜਾਰੀ ਹੈ, ਵਿੱਚ ਵੱਡੇ ਕਿਸਾਨ ਇਹਨਾਂ ਪਰਿਵਾਰਾਂ ਨੂੰ ਕਰਜ਼ਾ ਸੌਖਿਆਂ ਦੇ ਦਿੰਦੇ ਹਨ ਜਿਸ ਪਿੱਛੇ ਉਹਨਾਂ ਦਾ ਇਹ ਸੁਆਰਥ ਹੁੰਦਾ ਹੈ ਕਿ ਖੇਤੀਬਾੜੀ ਦੇ ਰੁਝੇਵੇਂ ਵਾਲੇ ਸਮੇਂ ਵਿੱਚ ਮਜ਼ਦੂਰਾਂ ਦੀ ਪੂਰਤੀ ਪੱਕੀ ਹੋ ਜਾਵੇ ਅਤੇ ਉਹਨਾਂ ਤੋਂ ਜਾਂ ਤਾਂ ਮੁਫ਼ਤ ਜਾਂ ਬਹੁਤ ਹੀ ਘੱਟ ਮਜ਼ਦੂਰੀ ਦਰਾਂ ਉੱਪਰ ਕੰਮ ਕਰਵਾਇਆ ਜਾ ਸਕੇ।

ਕਰਜ਼ੇ ਦੀ ਇਸ ਗੰਭੀਰ ਸਮੱਸਿਆ ਦਾ ਇੱਕ ਚੰਗਾ ਪੱਖ ਇਹ ਸਾਹਮਣੇ ਆਇਆ ਕਿ ਦਲਿਤ ਔਰਤ ਮਜ਼ਦੂਰ ਪਰਿਵਾਰ ਕੁੱਲ ਕਰਜ਼ੇ ਦਾ 76.26 ਪ੍ਰਤਿਸ਼ਤ ਹਿੱਸਾ ਉਤਪਾਦਕ ਉਦੇਸ਼ਾਂ ਲਈ ਵਰਤਦੇ ਹਨ, ਜਦੋਂ ਕਿ ਬਾਕੀ 23.74 ਪ੍ਰਤਿਸ਼ਤ ਗ਼ੈਰ-ਉਤਪਾਦਕ ਉਦੇਸ਼ਾਂ ਵਾਸਤੇ। ਇੱਕ ਬਹੁਤ ਚਿੰਤਾ ਦਾ ਵਿਸ਼ਾ ਇਹ ਹੈ ਕਿ ਦਲਿਤ ਔਰਤ ਮਜ਼ਦੂਰ ਪਰਿਵਾਰ ਕੁੱਲ ਕਰਜ਼ੇ ਦਾ ਦੋ-ਤਿਹਾਈ ਤੋਂ ਵੱਧ ਕਰਜ਼ਾ 24 ਪ੍ਰਤਿਸ਼ਤ ਤੋਂ ਵੱਧ, ਸਾਲਾਨਾ ਵਿਆਜ ਦਰ ਉੱਤੇ ਲੈਂਦੇ ਹਨ। ਇਸ ਦਾ ਕਾਰਨ ਇਹ ਹੈ ਕਿ ਇਹਨਾਂ ਪਰਿਵਾਰਾਂ ਨੂੰ ਕਰਜ਼ਾ ਲੈਣ ਲਈ ਗ਼ੈਰ-ਸੰਸਥਾਗਤ ਸ੍ਰੋਤਾਂ ਉੱਤੇ ਨਿਰਭਰ ਰਹਿਣਾ ਪੈਂਦਾ ਹੈ।

ਕਰਜ਼ੇ ਦੇ ਪੱਧਰ ਦੇ ਖੇਤਰ-ਵਾਰ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਮਾਲਵਾ ਦੇ 97.57 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰ ਪਰਿਵਾਰ ਕਰਜ਼ੇ ਥੱਲੇ ਹਨ, ਜਦੋਂ ਕਿ ਕਰਜ਼ੇ ਹੇਠਲੇ ਪਰਿਵਾਰਾਂ ਦਾ ਪ੍ਰਤਿਸ਼ਤ ਮਾਝਾ ਅਤੇ ਦੋਆਬਾ ਵਿੱਚ ਕ੍ਰਮਵਾਰ 96.18 ਅਤੇ 94.65 ਹੈ।ਮਾਲਵਾ ਵਿੱਚ ਕਰਜ਼ੇ ਦੀ ਔਸਤਨ ਰਕਮ ਕਰਜ਼ਈ ਦਲਿਤ ਔਰਤ ਮਜ਼ਦੂਰ ਪਰਿਵਾਰ ਅਤੇ ਚੁਣੇ ਗਏ ਦਲਿਤ ਔਰਤ ਮਜ਼ਦੂਰ ਪਰਿਵਾਰ ਸਿਰ ਸਭ ਤੋਂ ਜ਼ਿਆਦਾ ਹੈ।ਇਹ ਰਕਮ ਕ੍ਰਮਵਾਰ 57433.24 ਅਤੇ 56036.22 ਰੁਪਏ ਹੈ।ਇਸ ਤੋਂ ਬਾਅਦ ਮਾਝਾ ਅਤੇ ਦੋਆਬਾ ਆਉਂਦੇ ਹਨ।ਦੋਆਬਾ ਵਿੱਚ ਇਹ ਰਕਮ ਕ੍ਰਮਵਾਰ 51579.13 ਅਤੇ 48819.75 ਰੁਪਏ ਹੈ।ਮਾਝਾ ਵਿੱਚ ਇਹ ਰਕਮ ਕ੍ਰਮਵਾਰ 52840.50 ਅਤੇ 50821.12 ਰੁਪਏ ਹੈ।ਦੂਜੇ ਖੇਤਰਾਂ ਦੇ ਮੁਕਾਬਲਤਨ, ਮਾਲਵਾ ਵਿੱਚ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ ਕਰਜ਼ੇ ਦੀ ਔਸਤਨ ਰਕਮ ਦਾ ਜ਼ਿਆਦਾ ਹੋਣ ਦਾ ਇੱਕ ਕਾਰਨ ਇਹ ਹੈ ਕਿ ਮਾਲਵਾ ਦੇ ਖੇਤੀਬਾੜੀ ਖੇਤਰ ਵਿੱਚ ਠੇਕਾ-ਆਧਾਰਿਤ ਮਜ਼ਦੂਰੀ ਦਾ ਪ੍ਰਚਲਣ ਹੋਣ ਕਰਕੇ ਵੱਡੇ ਕਿਸਾਨਾਂ ਦੀ ਕਰਜ਼ਾ ਦੇਣ ਵਿੱਚ ਭੂਮਿਕਾ ਜ਼ਿਆਦਾ ਹੈ।ਫੀਲਡ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਮਾਲਵਾ ਵਿੱਚ ਕੁਝ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਨੇ ਜ਼ਮੀਨ ਠੇਕੇ ਉੱਪਰ ਲੈ ਕੇ ਖੇਤੀਬਾੜੀ ਦਾ ਕੰਮ ਸ਼ੁਰੂ ਕੀਤਾ, ਪਰ ਫ਼ਸਲ ਦੇ ਖ਼ਰਾਬ ਹੋ ਜਾਣ ਕਾਰਨ ਇਸ ਉਦੇਸ਼ ਲਈ ਲਿਆ ਉਧਾਰ ਨਾ ਮੋੜੇ ਜਾਣ ਕਾਰਨ ਕਰਜ਼ੇ ਦਾ ਰੂਪ ਧਾਰ ਗਿਆ ਅਤੇ ਇਹ ਪਰਿਵਾਰ ਦੁਬਾਰਾ ਤੋਂ ਖੇਤੀਬਾੜੀ ਕਰਨ ਦੀ ਸਥਿਤੀ ਵਿੱਚ ਨਹੀਂ ਰਹੇ। ਮਾਲਵਾ ਵਿੱਚ ਦਲਿਤ ਪਰਿਵਾਰਾਂ ਨੂੰ ਵੱਡੇ ਕਿਸਾਨਾਂ ਨਾਲ਼ ਸਮਾਜਿਕ ਮਿ-ਲਵਰਤਨ ਵੀ ਹੋਰ ਖੇਤਰਾਂ ਦੇ ਮੁਕਾਬਲਤਨ ਚੰਗਾ ਹੋਣ ਕਰਕੇ ਕਰਜ਼ਾ ਮਿਲ ਜਾਂਦਾ ਹੈ। ਔਸਤ ਉਪਭੋਗ ਪ੍ਰਵਿਰਤੀ ਦੋਆਬਾ ਤੋਂ ਮਾਲਵਾ ਵੱਲ ਵਧ ਰਹੀ ਹੈ, ਇਸ ਤਰ੍ਹਾਂ ਕਰਜ਼ੇ ਦੀ ਔਸਤਨ ਰਕਮ ਵੀ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ ਦੋਆਬਾ ਤੋਂ ਮਾਲਵਾ ਵੱਲ ਵਧ ਰਹੀ ਹੈ।ਪੇਂਡੂ ਪੰਜਾਬ ਦੇ ਸਾਰੇ ਤਿੰਨਾਂ ਖੇਤਰਾਂ ਵਿੱਚ ਦਲਿਤ ਔਰਤ ਮਜ਼ਦੂਰ ਪਰਿਵਾਰ ਗ਼ੈਰ-ਸੰਸਥਾਗਤ ਸ੍ਰੋਤਾਂ ਦੇ ਵਧੇਰੇ ਕਰਜ਼ਈ ਹਨ।ਗ਼ੈਰ-ਸੰਸਥਾਗਤ ਸ੍ਰੋਤਾਂ ਤੋਂ ਲਏ ਕਰਜ਼ੇ ਦਾ ਹਿੱਸਾ ਸਭ ਤੋਂ ਜ਼ਿਆਦਾ ਮਾਲਵਾ ਵਿੱਚ 81.86 ਪ੍ਰਤਿਸ਼ਤ, ਜਦੋਂ ਕਿ ਸਭ ਤੋਂ ਘੱਟ ਦੋਆਬਾ ਵਿੱਚ 76.84 ਪ੍ਰਤਿਸ਼ਤ ਹੈ। ਦੂਜੇ ਪਾਸੇ, ਸੰਸਥਾਗਤ ਸ੍ਰੋਤਾਂ ਤੋਂ ਲਏ ਕਰਜ਼ੇ ਦਾ ਪ੍ਰਤਿਸ਼ਤ ਸਭ ਤੋਂ ਵੱਧ ਦੋਆਬਾ ਵਿੱਚ 23.16 ਅਤੇ ਸਭ ਤੋਂ ਘੱਟ ਮਾਲਵਾ ਵਿੱਚ 18.14 ਹੈ। ਮਾਝਾ ਵਿੱਚ ਦਲਿਤ ਔਰਤ ਮਜ਼ਦੂਰ ਪਰਿਵਾਰ ਕੁੱਲ ਕਰਜ਼ੇ ਦਾ 81.17 ਪ੍ਰਤਿਸ਼ਤ ਹਿੱਸਾ ਗ਼ੈਰ-ਸੰਸਥਾਗਤ ਸ੍ਰੋਤਾਂ ਤੋਂ ਲੈਂਦੇ ਹਨ, ਜਦੋਂ ਕਿ ਸੰਸਥਾਗਤ ਸ੍ਰੋਤਾਂ ਤੋਂ ਲਏ ਕਰਜ਼ੇ ਦਾ ਪ੍ਰਤਿਸ਼ਤ ਹਿੱਸਾ ਸਿਰਫ਼ 18.83 ਹੈ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਮਾਲਵਾ ਵਿੱਚ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਨੂੰ ਕਰਜ਼ਾ ਦੇਣ ਵਿੱਚ ਗ਼ੈਰ-ਸੰਸਥਾਗਤ ਸ੍ਰੋਤਾਂ ਦੀ ਭੂਮਿਕਾ ਵਧੇਰੇ ਹੈ ਜਿਸ ਦਾ ਕਾਰਨ ਇਹ ਹੈ ਕਿ ਇਸ ਖੇਤਰ ਵਿੱਚ ਵੱਡੇ ਕਿਸਾਨਾਂ ਅਤੇ ਸ਼ਾਹੂਕਾਰਾਂ ਦੁਆਰਾ ਦਿੱਤੇ ਕਰਜ਼ੇ ਦੀ ਭੂਮਿਕਾ ਵਧੇਰੇ ਹੈ। ਸੰਸਥਾਗਤ ਸ੍ਰੋਤਾਂ ਵਿੱਚੋਂ ਸਾਰੇ ਹੀ ਖੇਤਰਾਂ ਵਿੱਚ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਲਈ ਕਰਜ਼ੇ ਦਾ ਮੁੱਖ ਸ੍ਰੋਤ ਸੂਖਮ ਵਿੱਤੀ ਸੰਸਥਾਵਾਂ ਹਨ। ਤਿੰਨਾਂ ਹੀ ਖੇਤਰਾਂ ਵਿੱਚ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵੱਲੋਂ ਕੁੱਲ ਕਰਜ਼ੇ ਦਾ ਜ਼ਿਆਦਾ ਹਿੱਸਾ ਉਤਪਾਦਕ ਉਦੇਸ਼ਾਂ ਲਈ ਲਿਆ ਗਿਆ ਹੈ। ਉਤਪਾਦਕ ਉਦੇਸ਼ਾਂ ਵਾਸਤੇ ਲਏ ਕਰਜ਼ੇ ਦਾ ਕੁੱਲ ਕਰਜ਼ੇ ਵਿੱਚ ਸਭ ਤੋਂ ਵੱਧ ਹਿੱਸਾ ਮਾਝਾ ਵਿੱਚ 78.84 ਪ੍ਰਤਿਸ਼ਤ ਹੈ।ਇਸ ਤੋਂ ਬਾਅਦ ਦੋਆਬਾ ਅਤੇ ਮਾਲਵਾ ਵਿੱਚ ਉਤਪਾਦਕ ਉਦੇਸ਼ਾਂ ਵਾਸਤੇ ਲਏ ਕਰਜ਼ੇ ਦਾ ਹਿੱਸਾ ਕ੍ਰਮਵਾਰ 77.66 ਅਤੇ 73.47 ਪ੍ਰਤਿਸ਼ਤ ਹੈ। ਮਾਝਾ, ਦੋਆਬਾ, ਅਤੇ ਮਾਲਵਾ ਵਿੱਚ ਗ਼ੈਰ-ਉਤਪਾਦਕ ਉਦੇਸ਼ਾਂ ਵਾਸਤੇ ਲਏ ਕਰਜ਼ੇ ਦਾ ਹਿੱਸਾ ਕ੍ਰਮਵਾਰ 21.16, 22.34, ਅਤੇ 26.53 ਪ੍ਰਤਿਸ਼ਤ ਹੈ।ਇੱਥੇ ਇਹ ਵੀ ਜ਼ਿਕਰਯੋਗ ਹੈ ਸਾਰੇ ਤਿੰਨਾਂ ਖੇਤਰਾਂ ਵਿੱਚ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੁਆਰਾ ਕੁੱਲ ਕਰਜ਼ੇ ਦਾ 65 ਪ੍ਰਤਿਸ਼ਤ ਤੋਂ ਵੱਧ ਹਿੱਸਾ 24 ਪ੍ਰਤਿਸ਼ਤ ਤੋਂ ਵੱਧ ਸਾਲਾਨਾ ਵਿਆਜ ਦਰ ਉੱਤੇ ਲਿਆ ਗਿਆ ਹੈ, ਜਦੋਂ ਕਿ ਭਾਰਤੀ ਬੈਂਕਾਂ ਵਿੱਚ ਵਿਆਜ ਦਰਾਂ ਵਿੱਚ ਲਗਾਤਾਰ ਕਟੌਤੀ ਕੀਤੀ ਜਾ ਰਹੀ ਹੈ।ਇਸ ਦਾ ਕਾਰਨ ਇਹ ਹੈ ਕਿ ਇਹਨਾਂ ਪਰਿਵਾਰਾਂ ਨੂੰ ਕਰਜ਼ਾ ਲੈਣ ਲਈ ਗ਼ੈਰ-ਸੰਸਥਾਗਤ ਸ੍ਰੋਤਾਂ ਉੱਤੇ ਵਧੇਰੇ ਨਿਰਭਰ ਰਹਿਣਾ ਪੈਂਦਾ ਹੈ। ਸੰਪੱਤੀ ਦੇ ਮੁੱਲ ਅਤੇ ਬਣਤਰਾਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੀ ਘਰੇਲੂ ਸੰਪੱਤੀ ਦਾ ਅਨੁਮਾਨਿਤ ਔਸਤਨ ਮੁੱਲ 128750.98 ਰੁਪਏ ਬਣਦਾ ਹੈ।ਇਸ ਵਿੱਚ ਟਿਕਾਊ ਸੰਪੱਤੀ ਦਾ ਪ੍ਰਤਿ ਪਰਿਵਾਰ ਅਨੁਮਾਨਿਤ ਔਸਤਨ ਮੁੱਲ 116924.54 ਰੁਪਏ, ਜਦੋਂ ਕਿ ਪਸ਼ੂ-ਧਨ ਦਾ ਪ੍ਰਤਿ ਪਰਿਵਾਰ ਅਨੁਮਾਨਿਤ ਔਸਤਨ ਮੁੱਲ 11826.44 ਰੁਪਏ ਹੈ।ਘਰੇਲੂ ਸੰਪੱਤੀ ਦੀ ਬਣਤਰ ਤੋਂ ਪਤਾ ਲੱਗਿਆ ਹੈ ਕਿ ਟਿਕਾਊ ਸੰਪੱਤੀ ਦਾ ਕੁੱਲ ਸੰਪੱਤੀ ਵਿੱਚ ਹਿੱਸਾ 90.81 ਪ੍ਰਤਿਸ਼ਤ, ਜਦੋਂ ਕਿ ਪਸ਼ੂ-ਧਨ ਦਾ ਹਿੱਸਾ 9.19 ਪ੍ਰਤਿਸ਼ਤ ਹੈ।ਫੀਲਡ ਸਰਵੇਖਣ ਦੌਰਾਨ ਇੱਕ ਬਹੁਤ ਹੀ ਦੁੱਖਦਾਈ ਤੱਥ ਦਾ ਪਤਾ ਲੱਗਿਆ ਹੈ ਕਿ ਸਾਰੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਕੋਲ਼ ਭੂਮੀ ਦੀ ਕੋਈ ਮਲਕੀਅਤ ਨਹੀਂ ਹੈ।ਇਹਨਾਂ ਪਰਿਵਾਰਾਂ ਕੋਲ਼ ਕਮਾਈ ਦਾ ਸਾਧਨ ਸਿਰਫ਼ ਕਮਾਊ ਪਰਿਵਾਰਕ ਜੀਆਂ ਦੀ ਮਜ਼ਦੂਰੀ ਹੀ ਹੈ।ਪੇਂਡੂ ਪੰਜਾਬ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਲਈ ਕਰਜ਼ੇ ਦਾ ਪਰਿਵਾਰਕ ਸੰਪੱਤੀ ਨਾਲ ਅਨੁਪਾਤ 0.41 ਹੈ, ਜਿਸ ਦਾ ਅਰਥ ਹੈ ਕਿ ਵਰਤਮਾਨ ਕਰਜ਼ੇ ਨੂੰ ਚੁਕਾਉਣ ਲਈ ਇਹਨਾਂ ਪਰਿਵਾਰਾਂ ਨੂੰ ਆਪਣੀ ਥੋੜ੍ਹੀ ਜਿਹੀ ਪਰਿਵਾਰਕ ਸੰਪੱਤੀ ਵਿੱਚੋਂ ਵੀ 41 ਪ੍ਰਤਿਸ਼ਤ ਨੂੰ ਵੇਚਣਾ ਪਵੇਗਾ।ਪੇਂਡੂ ਪੰਜਾਬ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੀ ਟਿਕਾਊ ਸੰਪੱਤੀ ਵਿੱਚੋਂ ਰਿਹਾਇਸ਼ੀ ਘਰ ਦਾ ਔਸਤਨ ਮੁੱਲ ਸਭ ਤੋਂ ਵੱਧ 81865.35 ਰੁਪਏ ਹੈ।ਇਸ ਸੰਪੱਤੀ ਦੇ ਇੰਨੇ ਘੱਟ ਮੁੱਲ ਇਹਨਾਂ ਦੇ ਛੋਟੇ ਘਰਾਂ ਦੀ ਖਸਤਾ ਹਾਲਤ ਵੱਲ ਸੰਕੇਤ ਕਰਦੇ ਹਨ।ਅਜਿਹੇ ਘਰਾਂ ਵਿੱਚ ਰਹਿਣਾ ਇਹਨਾਂ ਪਰਿਵਾਰਾਂ ਦੀ ਮਜਬੂਰੀ ਹੈ, ਆਰਥਿਕ ਥੁੜ੍ਹਾਂ ਕਾਰਨ ਉਹ ਅਕਸਰ ਆਪਣੇ ਘਰਾਂ ਦੀ ਮੁਰੰਮਤ ਵੀ ਨਹੀਂ ਕਰਵਾ ਸਕਦੇ।ਬਹੁਤੇ ਘਰਾਂ ਵਿੱਚ ਸਿਰਫ਼ ਇੱਕ ਹੀ ਕਮਰਾ ਹੈ ਅਤੇ ਕੋਈ ਵੱਖਰੀ ਰਸੋਈ ਵੀ ਨਹੀਂ।ਭਾਵੇਂ ਗੁਸਲਖਾਨੇ/ਪਖਾਨੇ ਤਾਂ ਬਣੇ ਹਨ, ਪਰ ਇਹਨਾਂ ਦੀ ਹਾਲਤ ਬਹੁਤ ਮਾੜੀ ਹੈ।ਫੀਲਡ ਸਰਵੇਖਣ ਦੌਰਾਨ ਇਹ ਦੇਖਿਆ ਗਿਆ ਕਿ ਪਿੰਡਾਂ ਵਿੱਚ ਜਿਹਨਾਂ ਥਾਵਾਂ ਉੱਤੇ ਦਲਿਤ ਰਹਿੰਦੇ ਹਨ, ਉਹ ਵਿਕਸਿਤ ਥਾਂ ਨਹੀਂ ਹਨ ਅਤੇ ਉੱਥੇ ਸਹੂਲਤਾਂ ਦੀ ਘਾਟ ਹੁੰਦੀ ਹੈ।ਕਈ ਪਿੰਡਾਂ ਵਿੱਚ ਇਹ ਘਰ ਉਸ ਛੱਪੜ ਦੇ ਨੇੜੇ ਹਨ ਜਿੱਥੇ ਪਿੰਡ ਦਾ ਗੰਦਾ ਪਾਣੀ ਇਕੱਠਾ ਹੁੰਦਾ ਹੈ।ਇੱਥੇ ਗੰਦੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਨਹੀਂ ਹੁੰਦਾ। ਘਰਾਂ ਦੇ ਨੇੜੇ ਇਕੱਠਾ ਹੁੰਦਾ ਗੰਦਾ ਪਾਣੀ ਬੁਦਬੂ ਅਤੇ ਮੱਛਰ ਦਾ ਕਾਰਨ ਬਣਦਾ ਹੈ। ਇਹਨਾਂ ਥਾਵਾਂ/ਬਸਤੀਆਂ ਵਿੱਚ ਗ਼ਲੀਆਂ ਭੀੜੀਆਂ ਹਨ ਅਤੇ ਅਜਿਹੀਆਂ ਭੀੜੀਆਂ ਗ਼ਲੀਆਂ ਵਿੱਚੋਂ ਹੀ ਪਾਣੀ ਦੇ ਨਿਕਾਸ ਵਾਲੀਆਂ ਖੁੱਲ੍ਹੀਆਂ ਨਾ਼ਲੀਆਂ ਚੱਲਦੀਆਂ ਹਨ। ਇਹਨਾਂ ਹੀ ਗ਼ਲੀਆਂ ਵਿੱਚ ਦਲਿਤ ਪਰਿਵਾਰਾਂ ਦੇ ਪਸ਼ੂ ਵੀ ਬੰਨੇ ਹੋਏ ਨਜ਼ਰ ਆਉਂਦੇ ਹਨ। ਇਹਨਾਂ ਸਾਰੇ ਕਾਰਨਾਂ ਕਰਕੇ ਅਜਿਹੇ ਦਲਿਤ ਪਰਿਵਾਰਾਂ ਦੇ ਘਰਾਂ ਦਾ ਮੁੱਲ ਬਹੁਤ ਘੱਟ ਹੈ ਕਿਉਂਕਿ ਕੋਈ ਵੀ ਮੁਕਾਬਲਤਨ ਅਮੀਰ ਵਿਅਕਤੀ ਅਜਿਹੀਆਂ ਥਾਵਾਂ ਉੱਤੇ ਨਾ ਤਾਂ ਘਰ ਬਣਾਉਂਦਾ ਹੈ ਅਤੇ ਨਾ ਹੀ ਬਣੇ ਹੋਏ ਘਰ ਖ਼ਰੀਦਦਾ ਹੈ। ਅਸਲ ਵਿੱਚ, ਇਹ ਘਰ ਪਿੰਡ ਦੀਆਂ ਗੰਦੀਆਂ ਬਸਤੀਆਂ ਹਨ। ਟਿਕਾਊ ਸੰਪੱਤੀ ਵਿੱਚ ਦੂਜੀ ਵੱਡੀ ਵਸਤ ਮਟੋਰ ਸਾਈਕਲ/ਸਕੂਟਰ/ਮਪੋਡ/ਸਾਈਕਲ/ਰਿਕਸ਼ਾ/ਆਟੋਰਿਕਸ਼ਾ ਹੈ ਅਤੇ ਇਸ ਦਾ ਔਸਤਨ ਅਨੁਮਾਨਿਤ ਮੁੱਲ 8219.96 ਰੁਪਏ ਹੈ। ਅਸਲ ਵਿੱਚ, ਗ਼ੈਰ-ਖੇਤੀਬਾੜੀ ਖੇਤਰ ਵਧੇਰੇ ਕਰਕੇ ਸ਼ਹਿਰੀ/ਅਰਧ-ਸ਼ਹਿਰੀ ਖੇਤਰਾਂ ਵਿੱਚ ਹੈ। ਇਹਨਾਂ ਕਾਰਨਾਂ ਕਰਕੇ ਦਲਿਤ ਪਰਿਵਾਰਾਂ ਨੂੰ ਦੋ-ਪਹੀਆ ਵਾਹਨ ਖ਼ਰੀਦਣੇ ਪੈ ਰਹੇ ਹਨ ਤਾਂ ਜੋ ਉਹ ਸਮੇਂ-ਸਿਰ ਕਸਬਿਆਂ/ਸ਼ਹਿਰਾਂ ਵਿੱਚ ਆਪਣੇ ਕੰਮ ਉੱਤੇ ਪੰਹੁਚ ਸਕਣ। ਜ਼ਿਆਦਾਤਰ ਘਰਾਂ ਦੇ ਵਾਹਨ ਪੁਰਾਣੇ ਹਨ ਅਤੇ ਜਕੇਰ ਕਿਧਰੇ ਕਿਸੇ ਪਰਿਵਾਰ ਕੋਲ ਨਵਾਂ ਵਾਹਨ ਹੈ ਤਾਂ ਉਹ ਕਿਸ਼ਤਾਂ ਉੱਤੇ ਖ਼ਰੀਦਿਆ ਗਿਆ ਜੋ ਅੱਗੋਂ ਦੇਣਦਾਰੀਆਂ ਵਿੱਚ ਵਾਧਾ ਕਰਦਾ ਹੈ। ਗਹਿਣੇ ਤੀਜੇ ਸਥਾਨ ਉੱਤੇ ਹਨ ਅਤੇ ਇਹਨਾਂ ਦਾ ਪ੍ਰਤਿ ਪਰਿਵਾਰ ਔਸਤਨ ਮੁੱਲ 6938.62 ਰੁਪਏ ਹੈ। ਮੋਬਾਈਲ ਫੋਨ ਟਿਕਾਊ ਸੰਪੱਤੀ ਵਿੱਚੋਂ ਚੌਥੇ ਸਥਾਨ ਉੱਤੇ ਹੈ ਜਿਸ ਦਾ ਔਸਤਨ ਮੁੱਲ ਪ੍ਰਤਿ ਪਰਿਵਾਰ ਲਈ 3012.03 ਰੁਪਏ ਹੈ। ਇਸ ਤੋਂ ਬਾਅਦ ਟਿਕਾਊ ਸੰਪੱਤੀ ਵਿੱਚ ਭਾਂਡੇ, ਫਰਿੱਜ, ਮੰਜੇ, ਸਟੋਵ /ਰਸੋਈ ਗੈਸ, ਟੈਲੀਵਿਜ਼ਨ, ਬੈੱਡ, ਪੱਖੇ, ਕੂਲਰ, ਕੁਰਸੀਆਂ/ਮੇਜ਼ ਆਦਿ ਆਉਂਦੇ ਹਨ। ਕੁੱਲ ਪਸ਼ੂ-ਧਨ ਵਿੱਚੋਂ ਮੱਝਾਂ ਦਾ ਮੁੱਲ ਸਭ ਤੋਂ ਜ਼ਿਆਦਾ 7550.69 ਰੁਪਏ ਹੈ। ਇਸ ਤੋਂ ਬਾਅਦ ਗਾਵਾਂ (3290.61 ਰੁਪਏ), ਕੱਟੇ/ਕੱਟੀਆਂ/ਵੱਛੇ/ਵੱਛੀਆਂ (592.66 ਰੁਪਏ), ਮੁਰਗੇ-ਮੁਰਗੀਆਂ/ਮੱਛੀਆਂ/ਸੂਰਾਂ (243.48 ਰੁਪਏ) ਅਤੇ ਬਕਰੀਆਂ/ਭੇਡਾਂ (149.00 ਰੁਪਏ) ਦਾ ਮੁੱਲ ਆਉਂਦਾ ਹੈ। ਖੇਤਰ-ਵਾਰ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੀ ਘਰੇਲੂ ਸੰਪੱਤੀ ਦਾ ਪ੍ਰਤਿ ਪਰਿਵਾਰ ਔਸਤਨ ਅਨੁਮਾਨਿਤ ਮੁੱਲ ਦੋਆਬਾ, ਮਾਲਵਾ, ਅਤੇ ਮਾਝਾ ਲਈ ਕ੍ਰਮਵਾਰ 139037.84, 126762.14, ਅਤੇ 123133.67 ਰੁਪਏ ਹੈ। ਤਿੰਨਾਂ ਹੀ ਖੇਤਰਾਂ ਵਿੱਚ ਕੁੱਲ ਸੰਪੱਤੀ ਵਿੱਚੋਂ ਟਿਕਾਊ ਸੰਪੱਤੀ ਦਾ ਮੁੱਲ ਮੁਕਾਬਲਤਨ ਵਧੇਰੇ ਹੈ। ਟਿਕਾਊ ਸੰਪੱਤੀ ਦਾ ਅਨੁਮਾਨਿਤ ਮੁੱਲ ਉਪਰੋਕਤ ਤਿੰਨਾਂ ਖੇਤਰਾਂ ਲਈ ਕ੍ਰਮਵਾਰ 93.43, 89.97, ਅਤੇ 89.56 ਪ੍ਰਤਿਸ਼ਤ, ਜਦੋਂ ਕਿ ਪਸ਼ੂ-ਧਨ ਦਾ ਅਨੁਮਾਨਤਿ ਮੁੱਲ ਕ੍ਰਮਵਾਰ 6.57, 10.03, ਅਤੇ 10.44 ਪ੍ਰਤਿਸ਼ਤ ਹੈ।ਸਾਰੇ ਤਿੰਨਾਂ ਖੇਤਰਾਂ ਵਿੱਚ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਲਈ ਰਿਹਾਇਸ਼ੀ ਘਰ ਸਭ ਤੋਂ ਵੱਧ ਅਨੁਮਾਨਿਤ ਮੁੱਲ ਵਾਲੀ ਟਿਕਾਊ ਸੰਪੱਤੀ ਹੈ, ਜਿਸ ਦਾ ਔਸਤਨ ਮੁੱਲ ਦੋਆਬਾ, ਮਾਲਵਾ, ਅਤੇ ਮਾਝਾ ਲਈ ਕ੍ਰਮਵਾਰ 92181.82, 82851.35, ਅਤੇ 72719.75 ਰੁਪਏ ਹੈ।ਸਾਰੇ ਤਿੰਨਾਂ ਖੇਤਰਾਂ ਵਿੱਚ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਲਈ ਪਸ਼ੂ-ਧਨ ਵਿੱਚੋਂ ਸਭ ਤੋਂ ਵੱਧ ਅਨੁਮਾਨਿਤ ਮੁੱਲ ਮੱਝਾਂ ਦਾ ਹੈ ਜੋ ਕਿ ਮਾਝਾ, ਮਾਲਵਾ, ਅਤੇ ਦੋਆਬਾ ਲਈ ਕ੍ਰਮਵਾਰ 8350.96, 7702.70, ਅਤੇ 6285.12 ਰੁਪਏ ਹੈ।ਮਾਲਵਾ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਲਈ ਕਰਜ਼ੇ ਦਾ ਪਰਿਵਾਰਕ ਸੰਪੱਤੀ ਨਾਲ ਅਨੁਪਾਤ ਸਭ ਤੋਂ ਜ਼ਿਆਦਾ 0.44 ਹੈ, ਜਿਸ ਦਾ ਅਰਥ ਹੈ ਕਿ ਵਰਤਮਾਨ ਕਰਜ਼ੇ ਨੂੰ ਚੁਕਾਉਣ ਲਈ ਇਹਨਾਂ ਪਰਿਵਾਰਾਂ ਨੂੰ ਆਪਣੀ ਥੋੜ੍ਹੀ ਜਿਹੀ ਪਰਿਵਾਰਕ ਸੰਪੱਤੀ ਵਿੱਚੋਂ ਵੀ 44 ਪ੍ਰਤਿਸ਼ਤ ਨੂੰ ਵੇਚਣਾ ਪਵੇਗਾ। ਇਹ ਅਨੁਪਾਤ ਦੋਆਬਾ ਵਿੱਚ 0.35 ਅਤੇ ਮਾਝਾ ਲਈ 0.41 ਹੈ। ਇਸ ਤੱਥ ਤੋਂ ਤਿੰਨਾਂ ਖੇਤਰਾਂ ਦੀਆਂ ਦਲਿਤ ਔਰਤ ਮਜ਼ਦੂਰਾਂ ਦੀਆਂ ਮਾੜੀਆਂ ਆਰਥਿਕ ਹਾਲਤਾਂ ਪ੍ਰਗਟ ਹੋ ਜਾਂਦੀਆਂ ਹਨ। ਪੇਂਡੂ ਪੰਜਾਬ ਦੀਆਂ ਦਲਿਤ ਔਰਤ ਮਜ਼ਦੂਰਾਂ ਦੀ ਰਾਜਨੀਤਿਕ ਸ਼ਮੂਲੀਅਤ ਦੇ ਅਧਿਐਨ ਤੋਂ ਇਹ ਸਾਹਮਣੇ ਆਇਆ ਕਿ ਕੁੱਲ ਦਲਿਤ ਔਰਤ ਮਜ਼ਦੂਰਾਂ ਵਿੱਚੋਂ ਬਹੁਤ ਜ਼ਿਆਦਾ ਔਰਤਾਂ (95.90 ਪ੍ਰਤਿਸ਼ਤ) ਨੂੰ ਰਾਜਨੀਤੀ ਵਿੱਚ ਕਿਸੇ ਕਿਸਮ ਦੀ ਕੋਈ ਵੀ ਦਿਲਚਸਪੀ ਨਹੀਂ ਹੈ। ਇਸੇ ਤਰ੍ਹਾਂ ਬਹੁਤ ਜ਼ਿਆਦਾ ਦਲਿਤ ਔਰਤ ਮਜ਼ਦੂਰਾਂ (94.50 ਪ੍ਰਤਿਸ਼ਤ) ਨੂੰ ਖ਼ਬਰਾਂ ਨੂੰ ਪੜ੍ਹਨ, ਸੁਣਨ ਜਾਂ ਦੇਖਣ ਵਿੱਚ ਕੋਈ ਦਿਲਚਸਪੀ ਨਹੀਂ। ਫੀਲਡ ਸਰਵੇਖਣ ਦੌਰਾਨ ਇਹ ਦੇਖਿਆ ਗਿਆ ਹੈ ਕਿ ਦਲਿਤ ਔਰਤ ਮਜ਼ਦੂਰਾਂ ਕੋਲ਼ ਖ਼ਬਰਾਂ ਨੂੰ ਪੜ੍ਹਨ, ਸੁਣਨ ਜਾਂ ਦੇਖਣ ਦਾ ਕੋਈ ਸਮਾਂ ਨਹੀਂ ਕਿਉਂਕਿ ਦਿਹਾੜੀ ਦੇ ਕੰਮਾਂ ਤੋਂ ਬਾਅਦ ਉਹ ਘਰ ਦੇ ਕੰਮਾਂ ਵਿੱਚ ਰੁਝੀਆਂ ਰਹਿੰਦੀਆਂ ਹਨ। ਅਨਪੜ੍ਹ ਹੋਣ ਕਰਕੇ ਬਹੁਤੀਆਂ ਔਰਤਾਂ ਅਖ਼ਬਾਰ ਪੜ੍ਹਨ ਦੇ ਵੀ ਯੋਗ ਨਹੀਂ ਹਨ।ਦਲਿਤ ਔਰਤ ਮਜ਼ਦੂਰਾਂ ਦੀ ਰਾਜਨੀਤਿਕ ਜਾਗਰੂਕਤਾ ਬਹੁਤ ਹੀ ਨੀਵੇਂ ਪੱਧਰ ਦੀ ਹੋਣ ਦਾ ਪਤਾ ਇਸ ਤੱਥ ਤੋਂ ਲੱਗਦਾ ਹੈ ਕਿ 92.45 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਨੂੰ ਸੂਬੇ ਦੇ ਮੁੱਖ ਮੰਤਰੀ ਦੇ ਨਾਮ ਬਾਰੇ ਪਤਾ ਨਹੀਂ। ਕੁੱਲ ਦਲਿਤ ਔਰਤ ਮਜ਼ਦੂਰਾਂ ਵਿੱਚੋਂ 94.50 ਪ੍ਰਤਿਸ਼ਤ ਨੂੰ ਦੇਸ ਦੇ ਪ੍ਰਧਾਨ ਮੰਤਰੀ ਦੇ ਨਾਮ ਬਾਰੇ ਪਤਾ ਨਹੀਂ। ਲਗਭਗ ਸਾਰੀਆਂ (99.57 ਪ੍ਰਤਿਸ਼ਤ) ਦਲਿਤ ਔਰਤ ਮਜ਼ਦੂਰਾਂ ਨੂੰ ਦੇਸ ਦੇ ਰਾਸ਼ਟਰਪਤੀ ਦੇ ਨਾਮ ਬਾਰੇ ਕੋਈ ਜਾਣਕਾਰੀ ਨਹੀਂ, 86.19 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਨੂੰ ਕੋਈ ਦੋ ਔਰਤ ਰਾਜਨੀਤਿਕ ਨੇਤਾਵਾਂ ਦਾ ਨਾਮ ਪਤਾ ਨਹੀਂ ਅਤੇ 81.23 ਪ੍ਰਤਿਸ਼ਤ ਔਰਤਾਂ ਨੂੰ ਦੇਸ ਦੀਆਂ ਰਾਜਨੀਤਿਕ ਪਾਰਟੀਆਂ ਦੇ ਨਾਮਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਬਹੁਤ ਜ਼ਿਆਦਾ (96.22 ਪ੍ਰਤਿਸ਼ਤ) ਦਲਿਤ ਔਰਤ ਮਜ਼-ਦੂਰਾਂ ਨੇ ਦੱਸਿਆ ਕਿ ਉਹ ਚੋਣਾਂ ਵਿੱਚ ਆਪਣੀ ਵੋਟ ਪਾਉਂਦੀਆਂ ਹਨ। ਜ਼ਿਆਦਾਤਰ (77.89 ਪ੍ਰਤਿਸ਼ਤ) ਦਲਿਤ ਔਰਤ ਮਜ਼-ਦੂਰਾਂ ਨੇ ਦੱਸਿਆ ਕਿ ਉਹਨਾਂ ਨੇ ਵੋਟ ਪਰਿਵਾਰ ਦੇ ਵਡੇਰੇ ਮਰਦ ਦੀ ਹਦਾਇਤ ਅਨੁਸਾਰ ਪਾਈ। ਆਮ ਤੌਰ ਉੱਤੇ ਪੇਂਡੂ ਖੇਤਰ ਦੇ ਪਰਿਵਾਰਾਂ ਵਿੱਚ ਰਾਜਨੀਤਿਕ ਮੁੱਦਿਆਂ ਉੱਤੇ ਇੱਕਮੱਤ ਫ਼ੈਸਲੇ ਹੁੰਦੇ ਹਨ ਜਿਹੜੇ ਕਿ ਪਰਿਵਾਰਾਂ ਦੇ ਵਡੇਰੇ ਮਰਦਾਂ ਦੁਆਰਾ ਲਏ ਜਾਂਦੇ ਹਨ।ਇਹ ਮਰਦ ਅੱਗੋਂ ਦੁਕਾਨ ਦਾਰਾਂ/ ਵਪਾਰੀਆਂ/ ਸ਼ਾਹੂਕਾਰਾਂ/ ਰੁਜ਼ਗਾਰਦਾਤਾਵਾਂ/ ਭੂਮੀਪਤੀਆਂ, ਧਾਰਮਿਕ ਆਗੂਆਂ ਦੇ ਦਬਾਅ ਅਧੀਨ ਵੋਟ ਦਾ ਫ਼ੈਸਲਾ ਕਰਦੇ ਹਨ ਅਤੇ ਬਾਕੀ ਸਾਰੇ ਜੀਅ ਬਿਨਾਂ ਕਿਸੇ ਸਵਾਲ ਦੇ ਇਸ ਨੂੰ ਸਵੀਕਾਰ ਕਰਦੇ ਹਨ।ਔਰਤਾਂ ਵਧੇਰੇ ਕਰਕੇ ਰਾਜਨੀਤਿਕ ਮੁੱਦਿਆਂ ਬਾਰੇ ਫ਼ੈਸਲਿਆਂ ਵਿੱਚ ਕਿਰਿਆਹੀਣ ਜੀਅ ਹਨ ਜਿਹਨਾਂ ਦੀ ਨਾ ਕੋਈ ਪੁੱਛ ਹੁੰਦੀ ਹੈ ਅਤੇ ਨਾ ਹੀ ਉਹ ਆਪ ਸਾਰੇ ਰਾਜਨੀਤਿਕ ਘਟ-ਨਾਕ੍ਰਮ ਵਿੱਚ ਕੋਈ ਦਿਲਚਸਪੀ ਲੈਂਦੀਆਂ ਹਨ।ਪੰਜਾਬ ਦੀਆਂ 97.30 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਨੂੰ ਮੌਕਾ ਮਿਲਣ।

ਉੱਤੇ ਵੀ ਚੋਣਾਂ ਵਿੱਚ ਉਮੀਦਵਾਰ ਵਜੋਂ ਚੁਣੇ ਜਾਣ ਦੀ ਕੋਈ ਇੱਛਾ ਨਹੀਂ ਹੈ।ਫੀਲਡ ਸਰਵੇਖਣ ਦੌਰਾਨ ਇਹ ਦੇਖਿਆ ਗਿਆ ਕਿ ਇਸ ਪੱਖ ਸੰਬੰਧੀ ਦਲਿਤ ਔਰਤ ਮਜ਼ਦੂਰ ਬਹੁਤ ਹੀ ਨਿਰਾਸ਼ਾਵਾਦੀ ਸਨ ਅਤੇ ਕਈਆਂ ਨੇ ਅਸੀਂ ਏਨੇ ਜੋਗੇ ਕਿੱਥੇ'', ‘‘ਹੁਣ ਤਾਂ ਅਗਲੇ ਜਨਮ ਵਿੱਚ ਦੇਖਾਂਗੇ'', ‘‘ਗ਼ਰੀਬਾਂ ਨੂੰ ਮੌਕਾ ਕੋਣ ਦਿੰਦਾ'', ਆਦਿ ਜਵਾਬ ਦਿੱਤੇ। ਇਸ ਤੋਂ ਸਪਸ਼ਟ ਹੈ ਕਿ ਭਾਰਤੀ ਰਾਜਨੀਤਿਕ ਪ੍ਰਬੰਧ ਵਿੱਚੋਂ ਦਲਿਤ ਔਰਤ ਮਜ਼ਦੂਰਾਂ ਨੂੰ ਬੇਦਖ਼ਲ ਕੀਤਾ ਹੋਇਆ ਹੈ।ਪੰਜਾਬ ਦੀਆਂ 98.27 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰ ਕਿਸੇ ਵੀ ਰਾਜਨੀਤਿਕ ਮੁਹਿੰਮ/ਜਨਤਕ ਸਭਾ ਵਿੱਚ ਸ਼ਾਮਲ ਨਹੀਂ ਹੋਈਆਂ, 96.55 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਦੀ ਆਪਣੇ ਭਾਈਚਾਰੇ/ਖੇਤਰ ਦੀਆਂ ਸਮੱਸਿਆਵਾਂ ਦੇ ਹੱਲ ਲਈ ਕਿਸੇ ਰਾਜਨੀਤਿਕ ਨੇਤਾ ਤੱਕ ਕੋਈ ਪਹੁੰਚ ਨਹੀਂ ਹੈ। ਇੱਕ-ਤਿਹਾਈ ਤੋਂ ਵੱਧ (34.41 ਪ੍ਰਤਿਸ਼ਤ) ਦਲਿਤ ਔਰਤ ਮਜ਼ਦੂਰਾਂ ਦਾ ਵਿਚਾਰ ਹੈ ਕਿ ਔਰਤਾਂ ਨੂੰ ਦੇਸ ਦੀ ਰਾਸ਼ਟਰਪਤੀ/ਪ੍ਰਧਾਨ ਮੰਤਰੀ ਨਹੀਂ ਬਣਨਾ ਚਾਹੀਦਾ।ਹੈਰਾਨੀਜਨਕ ਤੱਥ ਇਹ ਹੈ ਕਿ 97.20 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਇਹ ਮੰਨਦੀਆਂ ਹਨ ਕਿ ਔਰਤਾਂ ਨੂੰ ਰਾਜਨੀਤਿਕ ਸੇਵਕ ਵਜੋਂ ਕੰਮ ਨਹੀਂ ਕਰਨਾ ਚਾਹੀਦਾ।

ਰਾਜਨੀਤਿਕ ਸ਼ਮੂਲੀਅਤ ਦੇ ਖੇਤਰ-ਵਾਰ ਅਧਿਐਨ ਤੋਂ ਇਹ ਸਾਹਮਣੇ ਆਇਆ ਕਿ ਮਾਲਵਾ, ਦੋਆਬਾ, ਅਤੇ ਮਾਝਾ ਦੇ ਕੁੱਲ ਦਲਿਤ ਔਰਤ ਮਜ਼ਦੂਰਾਂ ਵਿੱਚੋਂ ਕ੍ਰਮਵਾਰ 96.49, 96.30, ਅਤੇ 94.90 ਪ੍ਰਤਿਸ਼ਤ ਨੂੰ ਰਾਜਨੀਤੀ ਵਿੱਚ ਕੋਈ ਦਿਲਚਸਪੀ ਨਹੀਂ ਹੈ।ਦੋਆਬਾ, ਮਾਝਾ, ਅਤੇ ਮਾਲਵਾ ਦੀਆਂ ਬਹੁਤ ਜ਼ਿਆਦਾ ਦਲਿਤ ਔਰਤ ਮਜ਼ਦੂਰਾਂ ਕ੍ਰਮਵਾਰ 95.47, 94.27, ਅਤੇ 94.05 ਪ੍ਰਤਿਸ਼ਤ ਨੂੰ ਖ਼ਬਰਾਂ ਪੜ੍ਹਨ, ਸੁਣਨ ਅਤੇ ਦੇਖਣ ਵਿੱਚ ਦਿਲਚਸਪੀ ਨਹੀਂ ਹੈ। ਤਿੰਨਾਂ ਹੀ ਖੇਤਰਾਂ ਦੀਆਂ ਬਹੁਤ ਜ਼ਿਆਦਾ ਦਲਿਤ ਔਰਤ ਮਜ਼ਦੂਰਾਂ ਨੂੰ ਸੂਬੇ ਅਤੇ ਕੇਂਦਰ ਦੀਆਂ ਰਾਜਨੀਤਿਕ ਪਦਵੀਆਂ ਉੱਤੇ ਬਿਰਾਜਮਾਨ ਮਹੱਤਵਪੂਰਨ ਵਿਅਕਤੀਆਂ ਦੇ ਨਾਮ ਬਾਰੇ ਵੀ ਪਤਾ ਨਹੀਂ। ਦੋਆਬਾ, ਮਾਝਾ, ਅਤੇ ਮਾਲਵਾ ਦੀਆਂ 92.18, 92.36, ਅਤੇ 92.70 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਨੂੰ ਸੂਬੇ ਦੇ ਮੁੱਖ ਮੰਤਰੀ ਦੇ ਨਾਮ ਦਾ ਪਤਾ ਨਹੀਂ। ਇਸੇ ਪ੍ਰਕਾਰ ਹੀ ਜ਼ਿਆਦਾਤਰ ਦਲਿਤ ਔਰਤ ਮਜ਼ਦੂਰਾਂ ਨੂੰ ਦੇਸ ਦੇ ਪ੍ਰਧਾਨ ਮੰਤਰੀ ਦੇ ਨਾਮ ਬਾਰੇ ਕੋਈ ਜਾਣਕਾਰੀ ਨਹੀਂ, ਅਜਿਹੀਆਂ ਔਰਤਾਂ ਦੀ ਗਿਣਤੀ ਮਾਲਵਾ, ਮਾਝਾ, ਅਤੇ ਦੋਆਬਾ ਵਿੱਚ ਕ੍ਰਮਵਾਰ 94.86, 94.27, ਅਤੇ 94.24 ਪ੍ਰਤਿਸ਼ਤ ਹੈ। ਸਾਰੇ ਤਿੰਨਾਂ ਖੇਤਰਾਂ ਦੀਆਂ ਲਗਭਗ ਸਾਰੀਆਂ ਹੀ ਦਲਿਤ ਔਰਤ ਮਜ਼ਦੂਰਾਂ ਨੂੰ ਦੇਸ ਦੇ ਰਾਸ਼ਟਰਪਤੀ ਦੇ ਨਾਮ ਦੀ ਕੋਈ ਜਾਣਕਾਰੀ ਨਹੀਂ। ਮਾਲਵਾ, ਦੋਆਬਾ, ਅਤੇ ਮਾਝਾ ਦੀਆਂ ਕ੍ਰਮਵਾਰ 89.19, 84.36, ਅਤੇ 84.08 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰ ਕਿਸੇ ਦੋ ਔਰਤ ਰਾਜਨੀਤਿਕ ਨੇਤਾਵਾਂ ਦੇ ਨਾਮ ਨਹੀਂ ਜਾਣਦੀਆਂ। ਇਸ ਤੋਂ ਇਲਾਵਾ, ਮਾਝਾ ਦੀਆਂ 85.03 ਪ੍ਰਤਿਸ਼ਤ, ਮਾਲਵਾ ਦੀਆਂ 80.54 ਪ੍ਰਤਿਸ਼ਤ ਅਤੇ ਦੋਆਬਾ ਦੀਆਂ 77.37 ਪ੍ਰਤਿਸ਼ਤ ਔਰਤਾਂ ਭਾਰਤੀ ਰਾਜਨੀਤਿਕ ਪਾਰਟੀਆਂ ਦੇ ਨਾਮਾਂ ਬਾਰੇ ਕੁੱਝ ਨਹੀਂ ਜਾਣਦੀਆਂ।

ਇਸ ਸੰਬੰਧੀ ਇੱਕ ਚੰਗਾ ਪੱਖ ਇਹ ਸਾਹਮਣੇ ਆਇਆ ਕਿ ਦੋਆਬਾ ਦੀਆਂ 95.88 ਪ੍ਰਤਿਸ਼ਤ, ਮਾਝਾ ਦੀਆਂ 96.18 ਪ੍ਰਤਿਸ਼ਤ ਅਤੇ ਮਾਲਵਾ ਦੀਆਂ 96.49 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰ ਵੋਟ ਪਾਉਂਦੀਆਂ ਹਨ।ਫੀਲਡ ਸਰਵੇਖਣ ਦੌਰਾਨ ਪਤਾ ਲੱਗਿਆ ਹੈ ਕਿ ਬਹੁਤੀਆਂ ਦਲਿਤ ਔਰਤ ਮਜ਼ਦੂਰ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਪਰਿਵਾਰ ਦੇ ਵਡੇਰੇ ਮਰਦ ਦੀ ਹਦਾਇਤ ਅਨੁਸਾਰ ਕਰਦੀਆਂ ਹਨ, ਪਰ ਇਹ ਮਰਦ ਅੱਗੋਂ ਹੋਰ ਬਹੁਤ ਸਾਰੇ ਲੋਕਾਂ ਦੇ ਦਬਾਅ ਅਧੀਨ ਇਹ ਫ਼ੈਸਲਾ ਕਰਦੇ ਹਨ ਕਿ ਵੋਟ ਕਿਸ ਨੂੰ ਪਾਈ ਜਾਵੇ।ਇਸ ਤੋਂ ਇਲਾਵਾ ਬਹੁਤ ਸਾਰੀਆਂ ਔਰਤਾਂ ਨੂੰ ਮੌਕਾ ਮਿਲਣ ਉੱਤੇ ਵੀ ਚੋਣਾਂ ਵਿੱਚ ਉਮੀਦਵਾਰ ਵਜੋਂ ਚੁਣੇ ਜਾਣ ਦੀ ਕੋਈ ਇੱਛਾ ਨਹੀਂ ਹੈ, ਅ-ਜਹੀਆਂ ਔਰਤਾਂ ਮਾਝਾ, ਦੋਆਬਾ, ਅਤੇ ਮਾਲਵਾ ਵਿੱਚ ਕ੍ਰਮਵਾਰ 97.77, 97.53, ਅਤੇ 96.76 ਪ੍ਰਤਿਸ਼ਤ ਹਨ। ਮਾਝਾ, ਦੋਆਬਾ, ਅਤੇ ਮਾਲਵਾ ਦੀਆਂ ਕ੍ਰਮਵਾਰ 98.41, 98.35, ਅਤੇ 98.11 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰ ਕਿਸੇ ਰਾਜਨੀ-ਤਿਕ ਮੁਹਿੰਮ/ਜਨਤਕ ਸਭਾ ਵਿੱਚ ਕਦੇ ਵੀ ਸ਼ਾਮਲ ਨਹੀਂ ਹੋਈਆਂ। ਮਾਝਾ ਦੀਆਂ 40.13 ਪ੍ਰਤਿਸ਼ਤ, ਮਾਲਵਾ ਦੀਆਂ 35.95 ਪ੍ਰਤਿਸ਼ਤ ਅਤੇ ਦੋਆਬਾ ਦੀਆਂ 24.69 ਪ੍ਰਤਿਸ਼ਤ ਦਲਿਤ ਔਰਤ ਮਜ਼ਦੂਰਾਂ ਦਾ ਮੰਨਣਾ ਹੈ ਕਿ ਔਰਤ ਦੇਸ ਦੀ ਰਾਸ਼ਟਰਪਤੀ/ਪ੍ਰਧਾਨ ਮੰਤਰੀ ਨਹੀਂ ਬਣਨੀ ਚਾਹੀਦੀ। ਰਾਜਨੀ-ਤਿਕ ਪਾਰਟੀਆਂ ਵਿੱਚ ਕੰਮ ਕਰਨ ਦੇ ਮੁੱਦੇ ਉੱਤੇ ਵੀ ਤਿੰਨਾਂ ਖੇਤਰਾਂ ਦੀਆਂ ਜ਼ਿਆਦਾਤਰ ਦਲਿਤ ਔਰਤ ਮਜ਼ਦੂਰਾਂ ਦਾ ਇਹ ਕਹਿਣਾ ਹੈ ਕਿ ਔਰਤਾਂ ਨੂੰ ਰਾਜਨੀਤਿਕ ਸੇਵਕ ਵਜੋਂ ਕੰਮ ਨਹੀਂ ਕਰਨਾ ਚਾਹੀਦਾ, ਅਜਿਹਾ ਕਹਿਣ ਵਾਲੀਆਂ ਔਰਤਾਂ ਦਾ ਅਨੁਪਾਤ ਦੋਆਬਾ, ਮਾਲਵਾ, ਅਤੇ ਮਾਝਾ ਲਈ ਕ੍ਰਮਵਾਰ 14 97.94, 97.84, ਅਤੇ 95.86 ਪ੍ਰਤਿਸ਼ਤ ਹੈ।

### ਨੀਤੀਗਤ ਸੁਝਾਅ

ਪੇਂਡੂ ਪੰਜਾਬ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਸੰਬੰਧ ਵਿੱਚ ਕੀਤੇ ਗਏ ਫੀਲਡ ਸਰਵੇਖਣ ਦੇ ਅਧਿਐਨ ਦੇ ਨਤੀਜਿਆਂ ਦੇ ਆਧਾਰ ਉੱਪਰ ਇਸ ਵਰਗ ਦੀਆਂ ਸਮਾਜਿਕ-ਆਰਥਿਕ ਹਾਲਤਾਂ ਨੂੰ ਸੁਧਾਰਨ ਅਤੇ ਉਹਨਾਂ ਦੀ ਰਾਜਨੀਤਿਕ ਸ਼ਮੂਲੀਅਤ ਨੂੰ ਵਧਾਉਣ ਲਈ ਹੇਠਾਂ ਲਿਖੇ ਨੀਤੀਗਤ ਸੁਝਾਅ ਹਨ:

* ਜ਼ਿਆਦਾਤਰ ਦਲਿਤ ਔਰਤ ਮਜ਼ਦੂਰ ਪਰਿਵਾਰ ਅਰਧ-ਪੱਕੇ ਅਤੇ ਮਾੜੀ ਹਾਲਤ ਵਾਲੇ ਘਰਾਂ ਵਿੱਚ ਰਹਿੰਦੇ ਹਨ।ਅਕਸਰ ਉਹਨਾਂ ਵਿੱਚ ਘਰਾਂ ਦੀ ਮੁਰੰਮਤ ਕਰਵਾਉਣ ਦੀ ਵੀ ਗੁੰਜਾਇਸ਼ ਨਹੀਂ।ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਦਲਿਤ ਔਰਤ ਮਜ਼ਦੂਰ ਬਹੁਤ ਤਰਸਯੋਗ ਹਾਲਤਾਂ ਵਿੱਚ ਜ਼ਿੰਦਗੀ ਬਸਰ ਕਰ ਰਹੀਆਂ ਹਨ।ਇਸ ਸਮੱਸਿਆ ਦੇ ਹੱਲ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਗ਼ਰੀਬ ਅਤੇ ਲੋੜੀਵੰਦ ਪਰਿਵਾਰਾਂ, ਖ਼ਾਸ ਕਰਕੇ ਦਲਿਤ ਔਰਤ ਮਜ਼ਦੂਰਾਂ ਲਈ ਰਿਹਾਇਸ਼ੀ ਪ੍ਰੋਗਰਾਮਾਂ ਨੂੰ ਤਰਜੀਹ ਨਾਲ ਲਾਗੂ ਕਰੇ।
* ਅਧਿਐਨ ਦੇ ਵਿਸ਼ਲੇਸ਼ਣ ਤੋਂ ਇੱਕ ਪ੍ਰੇਸ਼ਾਨ ਕਰਨ ਵਾਲਾ ਤੱਥ ਸਾਹਮਣੇ ਆਇਆ ਕਿ ਦਲਿਤ ਔਰਤ ਮਜ਼ਦੂਰਾਂ ਵਿੱਚੋਂ 72.82 ਪ੍ਰਤਿਸ਼ਤ ਅਨਪੜ੍ਹ ਹਨ, ਜਿਸ ਕਰਕੇ ਬਾਲਗ ਸਿੱਖਿਆ ਪ੍ਰੋਗਰਾਮਾਂ ਨੂੰ ਪਹਿਲ ਦੇ ਆਧਾਰ ਉੱਤੇ ਪੇਂਡੂ ਦਲਿਤ ਖੇਤਰਾਂ ਵਿੱਚ ਲਾਗੂ ਕੀਤਾ ਜਾਵੇ ਤਾਂ ਕਿ ਦਲਿਤ ਔਰਤ ਮਜ਼ਦੂਰਾਂ ਦੀ ਅਨਪੜ੍ਹਤਾ ਦੂਰ ਹੋ ਸਕੇ।ਸਿੱਖਿਆ ਦਲਿਤ ਔਰਤ ਮਜ਼ਦੂਰਾਂ ਵਿੱਚ ਆਪਣੇ ਅਧਿਕਾਰਾਂ, ਸਮੱਸਿਆਵਾਂ, ਅਤੇ ਇਹਨਾਂ ਦੇ ਹੱਲ ਸੰਬੰਧੀ ਜਾਗਰੂਕਤਾ ਪੈਦਾ ਕਰੇਗੀ।
* ਜ਼ਿਆਦਾਤਰ ਦਲਿਤ ਔਰਤ ਮਜ਼ਦੂਰਾਂ ਨੂੰ ਕੰਮ ਕਰਨ ਦੇ ਨਿਸ਼ਚਿਤ ਸਮੇਂ ਅਤੇ ਘੱਟੋ-ਘੱਟ ਮਜ਼ਦੂਰੀ ਕਾਨੂੰਨ ਬਾਰੇ ਕੋਈ ਜਾਗਰੂਕਤਾ ਨਹੀਂ ਹੈ।ਕੁੱਲ ਦਲਿਤ ਔਰਤ ਮਜ਼ਦੂਰਾਂ ਵਿੱਚੋਂ 37.32 ਪ੍ਰਤਿਸ਼ਤ ਨੂੰ ਮਰਦਾਂ ਦੇ ਮੁਕਾਬਲੇ ਘੱਟ ਵੇਤਨ ਮਿਲਦਾ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਘੱਟੋ-ਘੱਟ

**(ਬਾਕੀ ਅਗਲੇ ਸਫੇ ‘ਤੇ)**

# ਖੀਸੇ ਖਾਲ਼ੀ, ਢਿੱਡ ਭੁੱਖੇ ਅਤੇ ਤਨ ਉੱਤੇ ਲੀਰਾਂ

ਮਜ਼ਦੂਰੀ ਐਕਟ ਨੂੰ ਚੰਗੀ ਤਰ੍ਹਾਂ ਲਾਗੂ ਕਰਕੇ ਅਜਿਹੇ ਵਿਤਕਰੇ ਨੂੰ ਖਤਮ ਕੀਤਾ ਜਾਵੇ।

* ਜ਼ਿਆਦਾਤਰ ਦਲਿਤ ਔਰਤ ਮਜ਼ਦੂਰਾਂ ਕਿਸੇ-ਨਾ-ਕਿਸੇ ਬਿਮਾਰੀ/ਰੋਗ ਦੀਆਂ ਸ਼ਿਕਾਰ ਹਨ ਜਿਸ ਦਾ ਕਾਰਨ ਮਾੜੀਆਂ ਹਾਲਤਾਂ ਵਿੱਚ ਕੰਮ ਕਰਨਾ ਹੈ, ਜਿਸ ਕਰਕੇ ਜ਼ਰੂਰੀ ਹੈ ਕਿ ਇਹਨਾਂ ਔਰਤਾਂ ਦੀ ਕੰਮ ਵਾਲੀ ਹਾਲਤ ਸੁਧਾਰੀ ਜਾਵੇ ਅਤੇ ਇਸ ਦੇ ਨਾਲ ਨਾਲ ਸਿਹਤ-ਸੰਭਾਲ ਸਹੂਲਤਾਂ ਵੀ ਦਿੱਤੀਆਂ ਜਾਣ।

* ਫੀਲਡ ਸਰਵੇਖਣ ਦੌਰਾਨ ਇਹ ਦੇਖਿਆ ਗਿਆ ਕਿ ਜ਼ਿਆਦਾਤਰ ਦਲਿਤ ਔਰਤ ਮਜ਼ਦੂਰਾਂ ਦੇ ਪਤੀ ਨਸ਼ੇ ਲੈਣ/ਕਰਨ ਦੇ ਆਦੀ ਹਨ।ਕੁੱਲ ਉਪਭੋਗ ਖ਼ਰਚ ਦਾ ਲਗਭਗ 5 ਪ੍ਰਤਿਸ਼ਤ ਨਸ਼ੀਲੇ ਪਦਾਰਥਾਂ ਨੂੰ ਖ਼ਰੀਦਣ ਉੱਤੇ ਖ਼ਰਚ ਹੋ ਰਿਹਾ ਹੈ। ਇਸ ਲਈ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਗਠਨਾਂ ਨੂੰ ਚਾਹੀਦਾ ਹੈ ਕਿ ਪੇਂਡੂ ਖੇਤਰਾਂ ਵਿੱਚ ਨਸ਼ਿਆਂ ਦੀ ਵਰਤੋਂ ਦੇ ਖ਼ਿਲਾਫ਼ ਲੋਕ-ਮੁਹਿੰਮ ਸ਼ੁਰੂ ਕੀਤੀ ਜਾਵੇ।ਇਸ ਨਾਲ ਦਲਿਤ ਔਰਤ ਮਜ਼ਦੂਰਾਂ ਦੀਆਂ ਕਈ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ।

* ਸੇਵਾਵਾਂ ਵਿੱਚੋਂ ਸਿਹਤ-ਸੰਭਾਲ ਸਭ ਤੋਂ ਮਹੱਤਵਪੂਰਨ ਪਹਿਲੂ ਹੈ।ਪੰਜਾਬ ਦੇ ਤਿੰਨਾਂ ਹੀ ਖੇਤਰਾਂ ਵਿੱਚ ਸਿਹਤ-ਸੰਭਾਲ ਉੱਪਰ ਜ਼ਿਆਦਾ ਖ਼ਰਚ ਦੋ ਤੱਥਾਂ ਨੂੰ ਉਜਾਗਰ ਕਰਦਾ ਹੈ। ਇੱਕ, ਸਿਹਤ-ਸੰਭਾਲ ਸਾਰੇ ਖੇਤਰਾਂ ਅਤੇ ਖ਼ਾਸ ਕਰਕੇ ਮਾਲਵਾ ਲਈ ਇੱਕ ਗੰਭੀਰ ਚੁਣੌਤੀ ਹੈ। ਦੂਜਾ, ਜਨਤਕ ਸਿਹਤ-ਸੰਭਾਲ ਪ੍ਰਬੰਧ ਦੀ ਘਾਟ ਹੈ। ਇਸ ਲਈ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਬਹੁ-ਪੱਧਰੀ ਸਿਹਤ-ਸੰਭਾਲ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇ। ਜਿੱਥੇ ਪਿੰਡਾਂ ਵਿੱਚ ਮੁਢਲੇ ਸਿਹਤ ਕੇਂਦਰਾਂ ਦੀ ਲੋੜ ਹੈ, ਉੱਥੇ ਅੱਜ ਦੇ ਸਮੇਂ ਦੀਆਂ ਸਿਹਤ ਸਮੱਸਿਆਵਾਂ ਅਤੇ ਜਨਸੰਖਿਆ ਨੂੰ ਦੇਖਦੇ ਹੋਏ ਵਿਸ਼ੇਸ਼ ਮੁਹਾਰਤਾਂ ਵਾਲੇ ਹਸਪਤਾਲ ਵੀ ਖੋਲ੍ਹੇ ਜਾਣ।

* ਜ਼ਿਆਦਾਤਰ ਦਲਿਤ ਔਰਤ ਮਜ਼ਦੂਰਾਂ (93.42 ਪ੍ਰਤਿਸ਼ਤ) ਨੂੰ ਕੰਮ ਕਰਨ ਦੀ ਥਾਂ ਉੱਤੇ ਕਿਸੇ ਕਿਸਮ ਦੀ ਕੋਈ ਵੀ ਸਹੂਲਤ ਨਹੀਂ ਮਿਲਦੀ। ਇਸ ਕਰਕੇ ਸਰਕਾਰ ਨੂੰ ਇਹ ਨਿਸ਼ਚਿਤ ਕਰਵਾਉਣਾ ਚਾਹੀਦਾ ਹੈ ਕਿ ਹਰ ਰੁਜ਼ਗਾਰਦਾਤਾ ਘੱਟੋ-ਘੱਟ ਬੁਨਿਆਦੀ ਸਹੂਲਤਾਂ ਦਾ ਪ੍ਰਬੰਧ ਜ਼ਰੂਰ ਕਰੇ ।

* ਫੀਲਤ ਸਰਵੇਖਣ ਦੌਰਾਨ ਇਹ ਦੇਖਿਆ ਗਿਆ ਕਿ ਕੁਝ ਦਲਿਤ ਔਰਤ ਮਜ਼ਦੂਰਾਂ ਨੇ ਜਾਤੀ ਵਿਤਕਰਾ ਅਤੇ ਜਿਨਸੀ ਸ਼ੋਸ਼ਣ/ਛੇੜ-ਛਾੜ ਹੋਣ ਦੀ ਪੁਸ਼ਟੀ ਕੀਤੀ, ਜੋ ਕਿ ਸਾਡੇ ਸੰਵਿਧਾਨਿਕ ਅਧਿਕਾਰਾਂ ਦੀ ਸ਼ਰੇਆਮ ਉਲੰਘਣਾ ਹੈ। ਅਜਿਹਾ ਅਪਰਾਧ ਕਰਨ ਵਾਲੇ ਨੂੰ ਸਖ਼ਤ ਸਜ਼ਾ ਦਿੱਤੀ ਜਾਣੀ ਬਣਦੀ ਹੈ। ਖ਼ ਸਾਰੇ ਦਿਨ ਦੇ ਕੰਮ ਤੋਂ ਬਾਅਦ ਵੀ ਦਲਿਤ ਔਰਤ ਮਜ਼ਦੂਰਾਂ ਨੂੰ ਘਰੇਲੂ ਜ਼ਿੰਮੇਵਾਰੀਆਂ ਜਿਵੇਂ ਬੱਚੇ ਸੰਭਾਲਣਾ ਅਤੇ ਘਰ ਦੇ ਹੋਰ ਕੰਮ ਕਰਨੇ ਪੈਂਦੇ ਹਨ ਅਤੇ ਇਸ ਦੇ ਬਾਵਜੂਦ ਕਈ ਵਾਰੀ ਇਹਨਾਂ ਔਰਤਾਂ ਨੂੰ ਘਰੇਲੂ ਹਿੰਸਾ ਦਾ ਸ਼ਿਕਾਰ ਵੀ ਬਣਾਇਆ ਜਾਂਦਾ ਹੈ। ਬਿਮਾਰੀ ਦੇ ਸਮੇਂ ਇਹਨਾਂ ਮਜ਼ਦੂਰ ਔਰਤਾਂ ਨਾਲ ਪਤੀਆਂ ਜਾਂ ਦੂਜੇ ਪਰਿਵਾਰਕ ਜੀਆਂ ਦੁਆਰਾ ਦੁਰ-ਵਿਵਹਾਰ ਅਤੇ ਮਜ਼ਦੂਰੀ ਲਈ ਕੰਮ ਉੱਤੇ ਜਾਣ ਵਾਸਤੇ ਵੀ ਮਜਬੂਰ ਕੀਤਾ ਜਾਂਦਾ ਹੈ। ਏਨਾ ਕੁੱਝ ਕਰਨ ਦੇ ਬਾਵਜੂਦ ਇਹਨਾਂ ਮਜ਼ਦੂਰ ਔਰਤਾਂ ਨੂੰ ਘਰ ਦੇ ਮਹੱਤਵਪੂਰਨ ਫ਼ੈਸਲਿਆਂ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ।ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਹਨਾਂ ਮਜ਼ਦੂਰ ਔਰਤਾਂ ਨੂੰ ਰੁਜ਼ਗਾਰ ਦੇ ਚੰਗੇ ਮੌਕੇ ਦੇ ਕੇ ਇਹਨਾਂ ਦੀ ਆਮਦਨ ਵਿੱਚ ਵਾਧਾ ਕੀਤਾ ਜਾਵੇ, ਜਿਹੜਾ ਇਹਨਾਂ ਔਰਤਾਂ ਨੂੰ ਘਰਾਂ ਵਿੱਚ ਸੁਰੱਖਿਅਤ ਮਾਹੌਲ ਦੇਣ ਅਤੇ ਪਰਿਵਾਰ ਦੇ ਦੂਜੇ ਜੀਆਂ ਦੀ ਇਹਨਾਂ ਪ੍ਰਤਿ ਸੋਚ ਬਦਲਣ ਵਿੱਚ ਸਹਾਈ ਹੋ ਸਕਦਾ ਹੈ ।

* ਦਲਿਤ ਔਰਤ ਮਜ਼ਦੂਰਾਂ ਦੀ ਔਸਤ ਉਪਭੋਗ ਪ੍ਰਵਿਰਤੀ ਇੱਕ ਤੋਂ ਜ਼ਿਆਦਾ ਹੋਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹਨਾਂ ਦਾ ਉਪਭੋਗ ਖ਼ਰਚ ਆਮਦਨ ਤੋਂ ਜ਼ਿਆਦਾ ਹੈ ਅਤੇ ਇਸ ਖੱਪੇ ਨੂੰ ਪੂਰਾ ਕਰਨ ਲਈ ਇਹਨਾਂ ਔਰਤ ਮਜ਼ਦੂਰ ਪਰਿਵਾਰਾਂ ਨੂੰ ਕਰਜ਼ਾ ਲੈਣਾ ਪੈਂਦਾ ਹੈ।ਅੱਗੋਂ ਗ਼ਰੀਬੀ ਦੇ ਵੱਖ ਵੱਖ ਮਾਪਦੰਡਾਂ ਤੋਂ ਸਪਸ਼ਟ ਹੈ ਕਿ ਜ਼ਿਆਦਾਤਰ ਦਲਿਤ ਮਜ਼ਦੂਰ ਔਰਤ ਪਰਿਵਾਰ ਗ਼ਰੀਬੀ ਦੇ ਬੋਝ ਥੱਲੇ ਰਹਿ ਰਹੇ ਹਨ।ਇਹਨਾਂ ਸਮੱਸਿਆਵਾਂ ਦੇ ਹੱਲ ਲਈ ਦਲਿਤ ਔਰਤ ਮਜ਼ਦੂਰਾਂ ਦੇ ਆਮਦਨ ਪੱਧਰ ਨੂੰ ਵਧਾਉਣਾ ਜ਼ਰੂਰੀ ਹੈ।ਇਸ ਉਦੇਸ਼ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਰੁਜ਼ਗਾਰ ਦੇ ਢੁੱਕਵੇਂ ਮੌਕੇ ਪੈਦਾ ਕਰਨੇ ਚਾਹੀਦੇ ਹਨ ਅਤੇ ਪੇਂਡੂ ਖੇਤਰਾਂ ਦੀਆਂ ਦਲਿਤ ਔਰਤ ਮਜ਼ਦੂਰਾਂ ਦੀਆਂ ਆਰਥਿਕ ਹਾਲਤਾਂ ਨੂੰ ਸੁਧਾਰਨ ਸੰਬੰਧੀ ਨੀਤੀਆਂ ਨੂੰ ਚੰਗੀ ਤਰ੍ਹਾਂ ਲਾਗੂ ਕਰਨਾ ਚਾਹੀਦਾ ਹੈ। ਪੇਂਡੂ ਖੇਤਰਾਂ ਵਿੱਚ ਪਹਿਲ ਦੇ ਆਧਾਰ ਉੱਤੇ ਖੇਤੀਬਾੜੀ ਖੇਤਰ ਉੱਪਰ ਆਧਾਰਿਤ ਛੋਟੇ ਉਦਯੋਗ ਲਗਾਉਣੇ ਚਾਹੀਦੇ ਹਨ। ਦਲਿਤ ਔਰਤ ਮਜ਼ਦੂਰਾਂ ਵਿੱਚ ਰੁਜ਼ਗਾਰ ਸੰਬੰਧੀ ਪ੍ਰੋਗਰਾਮਾਂ ਬਾਰੇ ਜਾਗਰੂਕਤਾ ਪੈਦਾ ਕਰਨੀ ਚਾਹੀਦੀ ਹੈ।

* ਔਸਤ ਉਪਭੋਗ ਪ੍ਰਵਿਰਤੀ ਦਾ ਮਾਲਵਾ ਵਿੱਚ ਸਭ ਤੋਂ ਜ਼ਿਆਦਾ ਹੋਣਾ ਦਰਸਾਉਂਦਾ ਹੈ ਕਿ ਮਾਲਵਾ ਵਿੱਚ ਦਲਿਤ ਔਰਤ ਮਜ਼ਦੂਰਾਂ ਦੀ ਹਾਲਤ ਦੂਜੇ ਖੇਤਰਾਂ ਦੇ ਮੁਕਾਬਲੇ ਜ਼ਿਆਦਾ ਤਰਸਯੋਗ ਹੈ।ਇਸ ਲਈ ਸਰਕਾਰੀ ਨੀਤੀਆਂ ਵੀ ਖੇਤਰ-ਵਿਸ਼ੇਸ਼ ਆਧਾਰਿਤ ਹੋਣੀਆਂ ਬਣਦੀਆਂ ਹਨ ਜਿਹਨਾਂ ਨਾ਼ਲ ਮਾਲਵਾ ਵਿੱਚ ਦਲਿਤ ਔਰਤ ਮਜ਼ਦੂਰਾਂ ਦੀ ਆਮਦਨ ਵਿੱਚ ਵਿਸ਼ੇਸ਼ ਤੌਰ ਉੱਤੇ ਵਾਧਾ ਕੀਤਾ ਜਾਵੇ।

* ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦਾ ਇੱਕ ਵੱਡਾ ਹਿੱਸਾ (96.33 ਪ੍ਰਤਿਸ਼ਤ) ਕਰਜ਼ੇ ਥੱਲੇ ਹੈ। ਕਰਜ਼ਈ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ ਕਰਜ਼ੇ ਦੀ ਔਸਤਨ ਰਕਮ 54342.98 ਰੁਪਏ ਅਤੇ ਚੁਣੇ ਗਏ ਸਾਰੇ ਪਰਿਵਾਰਾਂ ਸਿਰ ਇਹ ਕਰਜ਼ੇ ਦੀ ਰਕਮ 52378.03 ਰੁਪਏ ਹੈ। ਭਾਵੇਂ ਇਹ ਰਕਮ ਦੇਖਣ ਵਿੱਚ ਛੋਟੀ ਲੱਗਦੀ ਹੈ, ਪਰ ਇਹਨਾਂ ਪਰਿਵਾਰਾਂ ਲਈ ਇਹ ਰਕਮ ਬਹੁਤ ਵੱਡੀ ਹੈ ਕਿਉਂਕਿ ਔਸਤ ਉਪਭੋਗ ਪ੍ਰਵਿਰਤੀ ਇੱਕ ਤੋਂ ਜ਼ਿਆਦਾ ਹੋਣ ਕਰਕੇ ਇਹਨਾਂ ਪਰਿਵਾਰਾਂ ਦੀ ਕਰਜ਼ਾ ਮੋੜਨ ਦੀ ਸਮਰੱਥਾ ਸਿਫ਼ਰ ਹੈ। ਇਸ ਤੋਂ ਵੀ ਵੱਡਾ ਪ੍ਰੇਸ਼ਾਨ ਕਰਨ ਵਾਲਾ ਤੱਥ ਇਹ ਹੈ ਕਿ ਇਹਨਾਂ ਔਰਤ ਮਜ਼ਦੂਰ ਪਰਿਵਾਰਾਂ ਦੁਆਰਾ ਕਰਜ਼ੇ ਦਾ ਵੱਡਾ ਹਿੱਸਾ (80.40 ਪ੍ਰਤਿਸ਼ਤ) ਗ਼ੈਰ-ਸੰਸਥਾਗਤ ਸ੍ਰੋਤਾਂ ਤੋਂ ਲਿਆ ਗਿਆ ਹੈ।ਗ਼ੈਰ-ਸੰਸਥਾਗਤ ਸ੍ਰੋਤਾਂ ਦੁਆਰਾ ਵਿਆਜ ਦੀਆਂ ਬਹੁਤ ਉੱਚੀਆਂ ਦਰਾਂ ਵਸੂਲ ਕੀਤੀਆਂ ਜਾਂਦੀਆਂ ਹਨ, ਅਜਿਹੀ ਹਾਲਤ ਵਿੱਚ ਇਹ ਪਰਿਵਾਰ ਕਰਜ਼ੇ ਦੇ ਜਾਲ ਵਿੱਚ ਫਸ ਜਾਂਦੇ ਹਨ।ਇਸ ਸਮੱਸਿਆ ਦੇ ਹੱਲ ਲਈ ਇਹ ਜ਼ਰੂਰੀ ਹੈ ਕਿ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਨੂੰ ਸੰਸਥਾਗਤ ਸ੍ਰੋਤਾਂ ਦੁਆਰਾ ਵਿਆਜ-ਰਹਿਤ ਜਾਂ ਸਸਤਾ ਅਤੇ ਆਸਾਨੀ ਨਾਲ ਮਿਲਣ ਵਾਲਾ ਉਧਾਰ ਉਪਲਬਧ ਕਰਵਾਇਆ ਜਾਵੇ ਤਾਂ ਕਿ ਇਹ ਔਰਤਾਂ ਵੱਡੇ ਕਿਸਾਨਾਂ ਅਤੇ ਸ਼ਾਹੂਕਾਰਾਂ ਦੇ ਸ਼ੋਸ਼ਣ ਤੋਂ ਬਚ ਸਕਣ।

* ਕੁੱਲ ਉਪਭੋਗ ਖ਼ਰਚ ਦਾ 15 ਪ੍ਰਤਿਸ਼ਤ ਦੇ ਲਗਭਗ ਸਮਾਜਿਕ-ਧਾਰਮਿਕ ਰਸਮਾਂ ਉੱਤੇ ਖ਼ਰਚ ਕੀਤਾ ਜਾਂਦਾ ਹੈ।ਭਾਵੇਂ ਇਹ ਰਕਮ ਪ੍ਰਤਿਸ਼ਤ ਰੂਪ ਵਿੱਚ ਵੱਡੀ ਰਕਮ ਲੱਗਦੀ ਹੈ, ਪਰ ਮਾਤਰਾ ਦੇ ਰੂਪ ਵਿੱਚ ਬਹੁਤ ਥੋੜ੍ਹੀ ਅਤੇ ਇਹ ਖ਼ਰਚ ਸਮਾਜਿਕ ਮਜਬੂਰੀ ਕਰਕੇ ਕੀਤਾ ਜਾਂਦਾ ਹੈ।ਅਜਿਹੀ ਸਮੱਸਿਆ ਦੇ ਹੱਲ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਧੀਆਂ ਦੇ ਵਿਆਹ ਲਈ ਜ਼ਰੂਰੀ ਮਦਦ ਦਿੱਤੀ ਜਾਵੇ।ਸਾਰੇ ਪਿੰਡਾਂ ਵਿੱਚ ਕਮਿਊਨਿਟੀ ਹਾਲ ਬਣਾਏ ਜਾਣ ਤਾਂ ਕਿ ਇਹਨਾਂ ਪਰਿਵਾਰਾਂ ਨੂੰ ਸਮਾਜਿਕ-ਧਾਰਮਿਕ ਸਮਾਗਮ ਕਰਨੇ ਸੌਖੇ ਹੋ ਜਾਣ, ਕਿਉਂਕਿ ਇਹਨਾਂ ਪਰਿਵਾਰਾਂ ਦੇ ਘਰਾਂ ਵਿੱਚ ਬਹੁਤੀ ਜਗ੍ਹਾ ਨਹੀਂ ਹੁੰਦੀ ਅਤੇ ਦੂਜੇ ਪਾਸੇ, ਮੈਰਿਜ ਪੈਲੇਸ ਬਹੁਤ ਮਹਿੰਗੀਆਂ ਥਾਂਵਾਂ ਹਨ।

* ਇਸ ਅਧਿਐਨ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਪਰਿਵਾਰਕ ਆਮਦਨ ਅਤੇ ਪ੍ਰਤਿ ਵਿਅਕਤੀ ਆਮਦਨ ਦਾ ਪੱਧਰ ਦੋਆਬਾ ਵਿੱਚ ਸਭ ਤੋਂ ਜ਼ਿਆਦਾ ਹੈ।ਇਹ ਇਸ ਲਈ ਹੈ ਕਿਉਂਕਿ ਦੋਆਬਾ ਵਿੱਚ ਹੋਰ ਖੇਤਰਾਂ ਦੇ ਮੁਕਾਬਲਤਨ ਗ਼ੈਰ-ਖੇਤੀਬਾੜੀ ਖੇਤਰ ਤੋਂ ਪ੍ਰਾਪਤ ਆਮਦਨ ਜ਼ਿਆਦਾ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਮਾਝਾ ਅਤੇ ਮਾਲਵਾ ਵਿੱਚ ਗ਼ੈਰ-ਖੇਤੀਬਾੜੀ ਰੁਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਕੀਤਾ ਜਾਵੇ।

* ਮਨਰੇਗਾ ਅਧੀਨ ਮਜ਼ਦੂਰੀ ਤੋਂ ਪ੍ਰਾਪਤ ਸਾਲਾਨਾ ਆਮਦਨ ਮਾਲਵਾ ਵਿੱਚ ਸਭ ਤੋਂ ਵੱਧ 8058.68 ਰੁਪਏ ਹੈ ਅਤੇ ਇਹ ਆਮਦਨ ਦੋਆਬਾ ਅਤੇ ਮਾਝਾ ਲਈ ਕ੍ਰਮਵਾਰ 4806.57 ਅਤੇ 3641.72 ਰੁਪਏ ਹੈ।

ਫੀਲਡ ਸਰਵੇਖਣ ਦੌਰਾਨ ਪਤਾ ਲੱਗਿਆ ਹੈ ਕਿ ਔਰਤਾਂ ਮਨਰੇਗਾ ਅਧੀਨ ਕੰਮ ਕਰਕੇ ਖੁਸ਼ ਹਨ ਕਿਉਂਕਿ ਇੱਕ ਤਾਂ ਕੰਮ ਆਪਣੇ ਪਿੰਡ ਵਿੱਚ ਜਾਂ ਨੇੜੇ ਹੁੰਦਾ ਹੈ ਅਤੇ ਦੂਜਾ ਮਜ਼ਦੂਰੀ ਵੀ ਮਰਦ ਮਜ਼ਦੂਰਾਂ ਦੇ ਬਰਾਬਰ ਮਿਲਦੀ ਹੈ, ਪਰ ਔਰਤਾਂ ਦੀ ਸ਼ਿਕਾਇਤ ਹੈ ਕਿ ਮਨਰੇਗਾ ਅਧੀਨ ਕੰਮ ਸਾਲ ਦੇ ਬਹੁਤ ਘੱਟ ਦਿਨਾਂ ਲਈ ਮਿਲਦਾ ਹੈ। ਇਸ ਲਈ ਮਨਰੇਗਾ ਅਧੀਨ ਕੰਮ ਦੇ ਦਿਨਾਂ ਦੀ ਗਿਣਤੀ ਸਰਕਾਰੀ ਨਿਯਮਾਂ ਅਨੁਸਾਰ ਚੰਗੀ ਤਰ੍ਹਾਂ ਲਾਗੂ ਕੀਤੀ ਜਾਵੇ ਅਤੇ ਮਜ਼ਦੂਰੀ ਦਰਾਂ ਵਿੱਚ ਵਾਜਬ ਵਾਧਾ ਕੀਤਾ ਜਾਵੇ।

* ਫੀਲਡ ਸਰਵੇਖਣ ਦੌਰਾਨ ਇਹ ਤੱਥ ਵੀ ਸਾਹਮਣੇ ਆਇਆ ਕਿ ਸਾਰੇ ਦਲਿਤ ਔਰਤ ਮਜ਼ਦੂਰ ਪਰਿਵਾਰ ਭੂਮੀਹੀਣ ਹਨ।ਪੇਂਡੂ ਖੇਤਰਾਂ ਦੇ ਲੋਕਾਂ ਦਾ ਜੀਵਨ-ਨਿਰਬਾਹ ਭੂਮੀ ਨਾਲ ਜੁੜਿਆ ਹੋਇਆ ਹੈ।ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਭੂਮੀ ਸੁਧਾਰਾਂ ਨੂੰ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਪੱਖ ਵਿੱਚ ਕੀਤਾ ਜਾਵੇ ਜਿਹਨਾਂ ਨੂੰ ਸਦੀਆਂ ਤੋਂ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

